Punjabi Parwaz

# ਪੰਜਾਬੀ ਪਰਵਾਜ਼

ਅੰਕ 53ਵਾਂ (ਸ਼ਿਕਾਗੋ): 24 ਮਈ ਤੋਂ 6 ਜੂਨ 2025 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com    www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548

# ਹਰਿਮੰਦਰ ਸਾਹਿਬ ਨੂੰ ਨਿਸ਼ਾਨਾ ਬਣਾਉਣ ਦਾ ਦਾਅਵਾ: ਸੱਚ ਕੀ ਤੇ ਝੂਠ ਕੀ !

**ਪੰਜਾਬੀ ਪਰਵਾਜ਼ ਬਿਊਰੋ**

ਭਾਰਤ ਦੇ ਦੋ ਫੌਜੀ ਜਰਨੈਲਾਂ ਨੇ ਬੀਤੇ ਦੋ ਦਿਨਾਂ (19-20 ਮਈ) ਵਿੱਚ ਦੋ ਹੈਰਾਨੀਜਨਕ ਦਾਅਵੇ ਕੀਤੇ ਹਨ। ਭਾਰਤੀ ਫੌਜ ਦੀ 15ਵੀਂ ਇਨਫੈਂਟਰੀ ਡਵੀਜਨ ਦੇ ਜਨਰਲ ਆਫੀਸਰ ਕਮਾਂਡਿੰਗ ਮੇਜਰ ਜਨਰਲ ਕਾਰਤਕ ਸੀ. ਸੇਸ਼ਾਧਰੀ ਨੇ ਇਹ ਦਾਅਵਾ ਇੱਕ ਖ਼ਬਰ ਏਜੰਸੀ ਨਾਲ ਗੱਲਬਾਤ ਕਰਦਿਆਂ ਕੀਤਾ ਕਿ ਪਾਕਿਸਤਾਨ ਵੱਲੋਂ ਸ੍ਰੀ ਦਰਬਾਰ ਸਾਹਿਬ ਨੂੰ ਨਿਸ਼ਨਾ ਬਣਾ ਕੇ ਡਰੋਨ ਅਤੇ ਮਿਜ਼ਾਈਲ ਹਮਲਾ ਕੀਤਾ ਗਿਆ। ਇਸ ਸੰਬੰਧ ਵਿੱਚ ਐਕਸ 'ਤੇ ਇੱਕ ਵੀਡੀਓ ਵੀ ਜਾਰੀ ਕੀਤੀ ਗਈ ਹੈ। ਇਸ ਵੀਡੀਓ ਵਿੱਚ ਪਾਕਿਸਤਾਨ ਵੱਲੋਂ ਕੀਤੇ ਗਏ ਹਮਲੇ ਦੌਰਾਨ ਮਿਜ਼ਾਈਲਾਂ ਅਤੇ ਡਰੋਨਾਂ ਦੇ ਵੱਖ-ਵੱਖ ਥਾਵਾਂ 'ਤੇ ਡਿੱਗੇ ਮਲਬੇ ਨੂੰ ਵਿਖਾਇਆ ਗਿਆ ਹੈ। ਜਿਨ੍ਹਾਂ ਨੂੰ ਫੌਜ ਨੇ ਆਪਣੀ ਹਵਾਈ ਸੁਰੱਖਿਆ ਪ੍ਰਣਾਲੀ ਨਾਲ ਹਵਾ ਵਿੱਚ ਹੀ ਫੁੰਡ ਦਿੱਤਾ ਸੀ।

ਇਸ ਫੌਜੀ ਅਧਿਕਾਰੀ ਅਨੁਸਾਰ ਇਹ ਹਮਲੇ 6-7 ਮਈ ਦੀ ਰਾਤ ਨੂੰ ਭਾਰਤ ਵੱਲੋਂ ਪਾਕਿਸਤਾਨ ਵਿੱਚ ਮੌਜੂਦ ਅਤਿਵਾਦੀ ਟਿਕਾਣਿਆਂ 'ਤੇ ਕੀਤੇ ਗਏ ਹਮਲੇ ਤੋਂ ਬਾਅਦ ਸ੍ਰੀ ਹਰਿਮੰਦਰ ਸਾਹਿਬ ਅਤੇ ਭਾਰਤੀ ਮਿਲਟਰੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਗਿਆ। ਜਨਰਲ ਸ਼ੇਸ਼ਾਧਰੀ ਦਾ ਆਖਣਾ ਹੈ ਕਿ ਭਾਰਤ ਵੱਲੋਂ ਹਮਲੇ ਅਤਿਵਾਦੀ ਟਿਕਾਣਿਆਂ 'ਤੇ ਕੀਤੇ ਗਏ ਸਨ, ਜਦਕਿ ਪਾਕਿਸਤਾਨ ਨੇ ਆਪਣੇ ਮੋੜਵੇਂ ਹੱਲਿਆਂ ਵਿੱਚ ਮਿਜ਼ਾਈਲਾਂ ਅਤੇ ਡਰੋਨਾਂ ਰਾਹੀਂ ਭਾਰਤੀ ਫੌਜੀ ਟਿਕਾਣਿਆਂ ਅਤੇ ਧਾਰਮਿਕ ਸਥਾਨਾਂ, ਖਾਸ ਕਰਕੇ ਸ੍ਰੀ ਹਰਮੰਦਿਰ ਸਾਹਿਬ ਨੂੰ ਨਿਸ਼ਾਨਾ ਬਣਾਇਆ। ਫੌਜੀ ਜਨਰਲ ਦੇ ਇਸ ਬਿਆਨ ਦਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ



ਭਾਈ ਹਰਜਿੰਦਰ ਸਿੰਘ ਧਾਮੀ ਵੱਲੋਂ ਖੰਡਨ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਹ ਗੱਲ ਸਮਝੋਂ ਬਾਹਰ ਹੈ ਕਿ ਹਰ ਇੱਕ ਲਈ ਦਰਵਾਜ਼ੇ ਖੁਲ੍ਹੇ ਰੱਖਣ ਵਾਲੇ ਸ੍ਰੀ ਦਰਬਾਰ ਸਾਹਿਬ ਨੂੰ ਕੋਈ ਕਿਉਂ ਨਿਸ਼ਾਨਾ ਬਣਾਏਗਾ!

ਇਸ ਤੋਂ ਅਗਲੇ ਦਿਨ ਇੱਕ ਹੋਰ ਭਾਰਤੀ ਜਰਨੈਲ ਵੱਲੋਂ ਇਸ ਤੋਂ ਵੀ ਜ਼ਿਆਦਾ ਵਿਵਾਦਗ੍ਰਸਤ ਬਿਆਨ ਦੇ ਦਿੱਤਾ ਗਿਆ। ਆਪਣੇ ਇਸ ਬਿਆਨ ਵਿੱਚ ਲੈਫਟੀਨੈਂਟ ਜਨਰਲ ਸੁਮੇਰ ਇਵਾਨ ਨੇ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਦੇ ਹੈਡ ਗ੍ਰੰਥੀ ਦੀ ਸਹਿਮਤੀ ਨਾਲ ਸ੍ਰੀ ਹਰਿਮੰਦਰ ਸਾਹਿਬ ਦੀ ਹਦੂਦ ਵਿੱਚ ਹਵਾਈ ਸੁਰੱਖਿਆ ਪ੍ਰਣਾਲੀ ਨਾਲ ਸੰਬੰਧਤ ਗੰਨਾਂ ਵੀ ਤਾਇਨਾਤ ਕੀਤੀਆਂ ਗਈਆਂ ਸਨ। ਜਦੋਂ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਧਾਮੀ, ਸ੍ਰੀ ਦਰਬਾਰ ਸਾਹਿਬ ਦੇ ਹੈਡ ਗ੍ਰੰਥੀ ਅਤੇ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਇਸ ਤੋਂ ਸਾਫ ਇਨਕਾਰ ਕੀਤਾ ਕਿ ਦਰਬਾਰ ਵਿੱਚ ਕੋਈ ਹਵਾਈ ਸੁਰੱਖਿਆ ਸਿਸਟਮ ਫੌਜ ਵੱਲੋਂ ਲਗਾਇਆ ਗਿਆ ਸੀ। ਉਂਝ 6-7 ਮਈ ਨੂੰ ਗਿਆਨੀ ਰਘਬੀਰ ਸਿੰਘ ਵਿਦੇਸ਼ ਵਿੱਚ ਸਨ। ਗਿਆਨੀ ਰਘਬੀਰ ਸਿੰਘ ਨੇ ਮੰਗ ਕੀਤੀ ਕਿ ਫੌਜੀ ਅਧਿਕਾਰੀਆਂ ਵੱਲੋਂ ਦਿੱਤੇ ਗਏ ਉਪਰੋਕਤ ਬਿਆਨ

⇒ ਬਾਕੀ ਸਫਾ 4 ਉਤੇ ਪੜ੍ਹੋ

## ਪਾਣੀ ਦੀ ਵੰਡ ਦੇ ਮਾਮਲੇ 'ਚ ਪੰਜਾਬ ਨੂੰ ਠਿੱਬੀ ਲੱਗੀ

**ਜਸਵੀਰ ਸਿੰਘ ਸ਼ੀਰੀ**

ਭਾਖੜਾ ਬਿਆਸ ਮੈਨੇਜਮੈਂਟ ਬੋਰਡ ਨੇ ਅਖੀਰ ਤੱਟੀ ਅਸੂਲਾਂ ਦੇ ਅਨੁਸਾਰ ਪਾਣੀ 'ਤੇ ਹੱਕ ਦੇ ਮਾਪਦੰਡਾਂ ਨੂੰ ਪਾਸੇ ਰੱਖਦਿਆਂ ਪੰਜਾਬ, ਹਰਿਆਣਾ ਅਤੇ ਰਾਜਸਥਾਨ ਨੂੰ ਉਨ੍ਹਾਂ ਦੀਆਂ ਲੋੜਾਂ ਅਨੁਸਾਰ ਪਾਣੀ ਦੇਣ ਦਾ ਫੈਸਲਾ ਕੀਤਾ ਹੈ। ਇਸ ਹਿਸਾਬ ਨਾਲ 21 ਮਈ ਤੋਂ 31 ਮਈ ਤੱਕ ਪੰਜਾਬ ਨੇ 17000 ਕਿਊਸਿਕ ਪਾਣੀ ਦੀ ਮੰਗ ਕੀਤੀ ਹੈ, ਹਰਿਆਣਾ ਨੂੰ ਉਸ ਦੀ ਵਧਾ ਕੇ ਸੋਧੀ ਹੋਈ ਮੰਗ ਅਨੁਸਾਰ 10300 ਕਿਊਸਿਕ ਪਾਣੀ ਅਤੇ ਰਾਜਸਥਾਨ ਨੂੰ ਉਸ ਦੀ ਮੰਗ ਅਨੁਸਾਰ 12400 ਕਿਊਸਿਕ ਪਾਣੀ ਦਿੱਤਾ ਜਾਵੇਗਾ। ਪਾਣੀ ਦੀ ਇਸ ਵੰਡ ਵਿੱਚ ਪੰਜਾਬ ਫਿਰ ਫਾਡੀ ਰਹਿ ਗਿਆ ਹੈ। ਪੰਜਾਬ ਨੇ ਉਂਝ ਝੋਨੇ ਦੇ ਸੀਜ਼ਨ ਕਾਰਨ 35 ਫੀਸਦੀ ਵੱਧ ਪਾਣੀ ਦੀ ਮੰਗ ਕੀਤੀ ਹੈ। ਪਾਣੀ ਦੀ ਅਸੂਲੀ ਅਤੇ ਕਾਨੂੰਨੀ ਵੰਡ ਦੇ ਮਾਮਲੇ ਵਿੱਚ ਰਾਜ ਨੂੰ ਇੱਕ ਵਾਰ ਫਿਰ ਠਿੱਬੀ ਲਗਾ ਦਿੱਤੀ ਗਈ ਹੈ। ਇਸ ਕਾਰਨ ਭਵਿੱਖ ਵਿੱਚ ਇਸ ਕਲੇਸ਼ ਦੇ ਚਲਦੇ ਰਹਿਣ ਦੇ ਆਸਾਰ ਕਾਇਮ ਹਨ।

ਇਸ ਤਰ੍ਹਾਂ ਪੰਜਾਬ ਦੀ ਇਹਦੀਆਂ ਗੁਆਂਢੀ ਸਟੇਟਾਂ ਨਾਲ ਪਾਣੀ ਬਾਰੇ ਖੋਹ ਖਿੰਝ ਮੁੱਕਣ ਦਾ ਨਾਂ ਨਹੀ ਲੈ ਰਹੀ। ਪੰਜਾਬ ਵਾਲੇ ਜਿੰਨਾ ਲਿਫਦੇ ਜਾ ਰਹੇ ਹਨ, ਦੂਜੇ ਰਾਜ ਅਤੇ ਕੇਂਦਰ ਸਰਕਾਰ ਦਾ ਹੱਥ ਠੋਕਾ ਬਣਿਆ ਭਾਖੜਾ ਮੈਨੇਜਮੈਂਟ ਬੋਰਡ ਉਨ੍ਹਾਂ ਨੂੰ ਉਨਾ ਹੀ ਖੁੱਡੇ ਲਾਈਨ ਲਾਉਂਦਾ ਜਾ ਰਿਹਾ ਹੈ। ਕੌਮੀ ਰਾਜਧਾਨੀ ਦਿੱਲੀ ਦੇ ਨਾਲ ਸਟਿਆ ਹੋਣ ਕਾਰਨ ਹਰਿਆਣਾ ਦਾ

⇒ ਬਾਕੀ ਸਫਾ 4 ਉਤੇ ਪੜ੍ਹੋ









# ਆਖਰੀ ਨਿਵਾਣਾਂ ਛੂਹ ਰਹੀ ਸਿੱਖ ਸਿਆਸਤ !

**ਜਸਵੀਰ ਸਿੰਘ ਮਾਂਗਟ**

## *ਫਿਰ ਸਮੇਂ ਦੇ ਹਾਣ ਦੀ ਨਹੀਂ ਹੋ ਰਹੀ ਅਕਾਲੀ ਲੀਡਰਸ਼ਿੱਪ

ਪਿਛਲੇ ਦਿਨੀਂ ਚੰਡੀਗੜ੍ਹ ਤੋਂ ਛਪਦੇ ਇੱਕ ਅਖ਼ਬਾਰ ਨੇ ਦਿੱਲੀ ਦੀ ਸਿੱਖ ਸਿਆਸਤ ਸੰਬੰਧੀ ਦੋ ਖ਼ਬਰਾਂ ਛਪੀਆਂ ਹਨ। ਇਨ੍ਹਾਂ ਖਬਰਾਂ ਨੂੰ ਪੜ੍ਹ/ਵੇਖ ਕੇ ਪਤਾ ਲਗਦਾ ਹੈ ਕਿ ਸਾਡੀ ਰਵਾਇਤੀ ਸਿੱਖ ਸਿਆਸਤ ਕਿਸ ਪੱਧਰ ਤੱਕ ਡਿੱਗ ਪਈ ਹੈ। ਦੂਜੇ ਪਾਸੇ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਸਿਆਸੀ ਹਾਲਾਤ ਇੱਕ ਬੇਹੱਦ ਸੂਝਵਾਨ ਲੀਡਰਸ਼ਿੱਪ ਦੀ ਮੰਗ ਕਰਦੇ ਹਨ। ਅਸੀਂ ਉਨ੍ਹਾਂ ਸਮਿਆਂ ਵਿੱਚ ਜੀਅ ਰਹੇ ਹਾਂ, ਜਦੋਂ ਲਮਹਿਆਂ ਵਿੱਚ ਕੀਤੀ ਹੋਈ ਖਤਾ ਦੀ ਕੌਮਾਂ/ਭਾਈਚਾਰਿਆਂ ਨੂੰ ਸਦੀਆਂ ਤੱਕ ਸਜ਼ਾ ਭੁਗਤਣੀ ਪੈਂਦੀ ਹੈ।

ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂਆਂ ਦੇ ਬਿਆਨ 'ਤੇ ਆਧਾਰਤ 16 ਮਈ ਨੂੰ ਛਪੀ ਇੱਕ ਖ਼ਬਰ ਦੀਆਂ ਆਰੰਭਕ ਲਾਈਨਾਂ ਹਨ, "ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਰਿਹਾਇਸ਼ੀ ਖ਼ੇਤਰ ਵਿੱਚ ਕਮੇਟੀ ਦੇ ਇੱਕ ਮੈਨੇਜਰ ਪੱਧਰ ਦੇ ਅਧਿਕਾਰੀ ਵੱਲੋਂ ਇੱਕ ਔਰਤ ਨਾਲ ਸਰੀਰਕ ਸੰਬੰਧ ਬਣਾਉਣ ਦੇ ਮਾਮਲੇ ਨੂੰ ਲੈ ਕੇ ਦਿੱਲੀ ਦੀ ਸਿੱਖ ਸਿਆਸਤ ਭਖ ਗਈ ਹੈ!" ਕਿੱਡਾ ਪੰਥਕ ਮੁੱਦਾ ਹੈ, ਜਿਸ 'ਤੇ ਸਿੱਖ ਸਿਆਸਤ ਭਖੀ ਹੈ? ਲਾਉ ਹਿਸਾਬ, ਸਾਡੇ ਪਵਿੱਤਰ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧਨ ਕਰਨ ਵਾਲੇ ਲੋਕ ਕਿਸ ਕਿਰਦਾਰ ਦੇ ਮਾਲਕ ਹਨ! ਹੁਣ ਅੱਗੇ ਪੜ੍ਹੋ ਖ਼ਬਰ ਵਿੱਚ ਕੀ ਲਿਖਿਆ ਹੈ, "ਵਿਰੋਧੀ ਧਿਰ ਸ਼੍ਰੋਮਣੀ ਅਕਾਲੀ ਦਲ ਵੱਲੋਂ ਨਿਹੰਗਾਂ ਦੇ ਇੱਕ ਟੋਲੇ ਨੂੰ ਨਾਲ ਲੈ ਕੇ ਲਾਏ ਗਏ ਦੋਸ਼ਾਂ ਦੇ ਜਵਾਬ ਵਿੱਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਅਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਕਥਿਤ ਔਰਤ ਵੱਲੋਂ ਕੋਈ ਸ਼ਿਕਾਇਤ ਕਿਤੇ ਵੀ ਨਹੀਂ ਕੀਤੀ ਗਈ। ਪਰ ਫਿਰ ਵੀ ਦਿੱਲੀ ਸਿੱਖ ਗੁਰਦੁਆਰਾ ਕਮੇਟੀ ਨੇ ਸੰਬੰਧਤ ਮੁਲਜ਼ਮ ਅਤੇ ਉਸ ਔਰਤ ਨੂੰ ਮੁਅੱਤਲ ਕਰ ਦਿੱਤਾ ਹੈ (ਸਾਫ ਹੈ ਪੀੜਤ ਔਰਤ ਵੀ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੁਲਾਜ਼ਮ ਹੈ) ਅਤੇ ਦੋਨਾਂ ਕਥਿਤ ਮੁਲਜ਼ਮਾਂ ਨੂੰ ਬਰਖਾਸਤ ਕਰਨ ਲਈ ਕਾਨੂੰਨੀ ਅਤੇ ਸੇਵਾਵਾਂ ਤਹਿਤ ਲੋੜੀਂਦੀ ਕਾਰਵਾਈ ਕੀਤੀ ਗਈ ਹੈ। ਉਨ੍ਹਾਂ ਵਾਅਦਾ ਕੀਤਾ ਕਿ ਦੋਨਾਂ ਮੁਲਾਜ਼ਮਾਂ ਨੂੰ ਇਸ ਤਰ੍ਹਾਂ ਬਰਖਾਸਤ ਕੀਤਾ ਜਾਵੇਗਾ ਕਿ ਉਹ ਅਦਾਲਤ ਰਾਹੀਂ ਨੌਕਰੀ ਹਾਸਲ ਕਰਨ ਦੀ ਕੋਈ ਵੀ ਕੋਸ਼ਿਸ਼ ਨਾ ਕਰ ਸਕਣ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਦੇ ਆਗੂਆਂ ਵੱਲੋਂ ਗੁਰਦੁਆਰਿਆਂ ਨੂੰ ਬਦਨਾਮ ਕਰਨ ਤਹਿਤ ਦੋਸ਼ ਲਾਏ ਗਏ ਹਨ।"

ਸੋ, ਸਮਝੋ ਸਰਦਾਰੋ ਕੀ ਘੁੰਡੀ ਹੈ ਖ਼ਬਰ ਵਿੱਚ? ਬਲਾਤਕਾਰ ਤੋਂ ਪੀੜਤ ਔਰਤ ਨੇ ਨਾ ਤਾਂ ਪ੍ਰਬੰਧਕਾਂ ਕੋਲ ਹੀ ਕੋਈ ਸ਼ਿਕਾਇਤ ਕੀਤੀ ਹੈ ਅਤੇ ਨਾ ਥਾਣੇ ਵਗੈਰਾ ਕੋਈ ਰਪਟ ਲਿਖਾਈ ਹੈ। ਤਦ ਵੀ ਬਲਾਤਕਾਰ ਸਿੱਧ ਹੋ ਗਿਆ ਹੈ ਅਤੇ ਦੋਨੋਂ ਬਰਖਾਸਤ ਕਰ ਦਿੱਤੇ ਗਏ ਹਨ। ਅਦਾਲਤ ਰਾਹੀਂ ਵਾਪਸ ਨੌਕਰੀ ਵਿੱਚ ਨਾ ਆ ਜਾਣ, ਇਸ ਲਈ ਪੱਕੇ ਪ੍ਰਬੰਧ ਕੀਤੇ ਜਾ ਰਹੇ ਹਨ? ਨਾ ਕੋਈ ਵਕੀਲ-ਨਾ ਦਲੀਲ, ਨਾ ਜੱਜ-ਨਾ ਅਦਾਲਤ; ਪਰ ਫੈਸਲਾ ਕਰ ਦਿੱਤਾ ਗਿਆ ਹੈ। ਹੁਣ ਜ਼ਰਾ ਸੋਚੋ! ਜਿਨ੍ਹਾਂ ਗੁਰਦੁਆਰਾ ਸਾਹਿਬਾਨ ਦਾ ਕਿਧਰੇ ਦਿੱਲੀ ਗਏ ਸਾਡੇ ਲੋਕ ਰਾਤ ਬਰਾਤੇ ਓਟ ਆਸਰਾ ਤੱਕਦੇ ਹਨ, ਉਨ੍ਹਾਂ ਦੇ ਮੈਨੇਜਰਾਂ/ਮੁਲਾਜ਼ਮਾਂ ਦੀ ਮਾਨਸਿਕਤਾ ਅਤੇ ਇਖ਼ਲਾਕ ਕਿਸ ਪੱਧਰ ਦਾ ਹੈ?

ਹੁਣ ਇਸੇ ਤਰ੍ਹਾਂ ਦੀ ਇੱਕ ਹੋਰ "ਪੰਥਕ" ਖ਼ਬਰ ਦੇ ਆਪ ਜੀ ਨੂੰ ਦਰਸ਼ਨ ਕਰਵਾਉਂਦੇ ਹਾਂ: "ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਅਤੇ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਦੇ ਸਮਰਥਕਾਂ ਨੇ ਇੱਕ ਗੁਰਦੁਆਰੇ 'ਤੇ ਕਬਜ਼ਾ ਕਰਨ ਦੇ ਮਨਸ਼ੇ ਤਹਿਤ ਗ੍ਰੰਥੀ ਨੂੰ ਅਗਵਾ ਕਰਕੇ ਪੰਜਾਬ ਛੱਡ ਦਿੱਤਾ। ਇਸ ਮਗਰੋਂ ਦਿੱਲੀ ਵਿੱਚ ਅਗਵਾ ਕਰਨ ਦੀ ਐਫ.ਆਈ.ਆਰ. ਦਰਜ ਹੋ ਗਈ। ਇਸ ਦੌਰਾਨ ਜੀ.ਕੇ. ਨੇ ਸੁੱਖ ਆਸਣ ਵਾਲੀ ਥਾਂ ਛੋਟੀ ਕਰਕੇ ਆਪਣਾ ਦਫਤਰ ਖੋਲ੍ਹਣ ਦੇ ਹੁਕਮ ਦੇ ਦਿੱਤੇ (ਗੁਰੂ ਦੇ ਆਸਣ ਦੀ ਥਾਂ ਆਪਣੀ ਕੁਰਸੀ!) ਅਖੇ ਸਾਰੀ ਕਹਾਣੀ ਦਾ ਪਤਾ ਉਦੋਂ ਲੱਗਾ, ਜਦੋਂ ਕੁੱਟਮਾਰ ਕਰਕੇ ਪੰਜਾਬ ਛੱਡੇ ਗ੍ਰੰਥੀ (ਤਰਸੇਮ ਸਿੰਘ) ਨੇ ਵਾਪਸ ਆਣ ਕੇ ਸਾਰੀ ਕਹਾਣੀ ਦੱਸੀ।"

ਅਸਲ ਖ਼ਬਰਾਂ ਲੰਬੀਆਂ ਹਨ ਅਤੇ ਦਿੱਲੀ ਦੇ 'ਪੰਥਕ' ਲੀਡਰਾਂ ਦੀਆਂ ਮੂਰਤਾਂ ਵੀ ਛਪੀਆਂ ਹਨ। ਇੱਥੇ ਇਹ ਵੀ ਸਾਫ ਕਰ ਦੇਈਏ ਕਿ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੱਜ ਕੱਲ੍ਹ ਭਾਰਤੀ ਜਨਤਾ ਪਾਰਟੀ ਦੇ ਇੱਕ ਵਿੰਗ ਵਾਂਗ ਹੀ ਹੈ ਅਤੇ ਮਨਜੀਤ ਸਿੰਘ ਜੀ.ਕੇ. ਜੇ ਮੈਂ ਭੁਲਦਾ ਨਹੀਂ ਤਾਂ ਉਹੋ 'ਆਗੂ' ਹੈ, ਜਿਸ ਨੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਹੁੰਦਿਆਂ ਇੱਕ ਵਾਰ ਇੱਕ ਦਿੱਲੀ ਦੰਗਿਆਂ ਦੀ ਪੀੜਤ ਔਰਤ ਕੁੱਟ ਧਰੀ ਸੀ।

ਪੰਜਾਬ ਵਿੱਚ ਪਹਿਲਾਂ ਹੀ ਅਕਾਲੀ/ਸਿੱਖ ਸਿਆਸਤ ਆਪਣੀ ਨਿਵਾਣਾਂ ਛੂਹ ਰਹੀ ਹੈ ਅਤੇ ਪਾਟੋਧਾੜ ਦਾ ਸ਼ਿਕਾਰ ਹੈ। ਪੰਜਾਬ ਵਿੱਚ ਅਕਾਲੀ ਦਲ ਦਾ ਬਾਦਲ ਧੜਾ ਅਕਾਲ ਤਖਤ ਸਾਹਿਬ ਦੇ 2 ਦਸੰਬਰ ਦੇ ਹੁਕਮਨਾਮੇ ਨੂੰ ਬਿਨਾ ਸਵਿਕਾਰੇ ਹੀ ਲੋਕਾਂ ਵਿੱਚ ਪ੍ਰਵਾਨ ਹੋਣ ਦਾ ਯਤਨ ਕਰ ਰਿਹਾ ਹੈ। ਬਾਦਲ ਧੜੇ ਵੱਲੋਂ ਪਹਿਲੇ ਜਥੇਦਾਰ ਸਾਹਿਬ ਨੂੰ ਅਹੁਦੇ ਤੋਂ ਲਾਹ ਕੇ ਚੋਰੀ ਛਿੱਪੇ ਥਾਪੇ ਗਏ ਨਵੇਂ ਜਥੇਦਾਰ ਕੁਲਦੀਪ ਸਿੰਘ ਗੜਗੱਜ ਸਿੱਖ ਪ੍ਰਚਾਰ ਦੇ ਮਾਮਲੇ ਵਿੱਚ ਹਮਲਾਵਰ ਹੋਣ ਦਾ ਯਤਨ ਕਰ ਰਹੇ ਹਨ ਅਤੇ ਰੈਡੀਕਲ ਸਿੱਖ ਧਿਰਾਂ ਨਾਲ ਨਜ਼ਦੀਕੀ ਬਣਾਉਣ ਦੇ ਯਤਨ ਵਿੱਚ ਹਨ, ਪਰ ਹਾਲ ਦੀ ਘੜੀ ਉਨ੍ਹਾਂ ਦੇ ਇਸ ਕਿਸਮ ਦੇ ਯਤਨਾਂ ਨੂੰ ਕੋਈ ਫਲ ਪੈਂਦਾ ਵਿਖਾਈ ਨਹੀਂ ਦੇ ਰਿਹਾ। ਅਕਾਲੀ ਦਲ (ਬਾਦਲ) ਦੀ ਭਾਰਤ-ਪਾਕਿ ਜੰਗ ਬਾਰੇ ਭਾਜਪਾਈ ਪਹੁੰਚ ਵੀ ਪੰਜਾਬ ਅਤੇ ਸਿੱਖਾਂ ਦੇ ਅਨੁਕੂਲ ਨਹੀਂ ਹੈ। ਪੰਜਾਬ ਦੇ ਲੋਕ ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗ ਲੱਗਣ ਦੇ ਖਦਸ਼ਿਆਂ ਦੇ ਮੱਦੇਨਜ਼ਰ ਤ੍ਰਾਹ ਤ੍ਰਾਹ ਕਰ ਰਹੇ ਹਨ। ਬਾਰਡਰ ਸਟੇਟਾਂ ਹੋਣ ਕਾਰਨ ਜੰਗ ਦਾ ਸਭ ਤੋਂ ਜ਼ਿਆਦਾ ਅਸਰ ਪੰਜਾਬ 'ਤੇ ਹੀ ਪੈਣਾ ਹੈ। ਸਿੱਖ ਸਿਆਸੀ ਸਫਾਂ ਵਿੱਚ ਸਿਮਰਨਜੀਤ ਸਿੰਘ ਮਾਨ ਸਿਰਫ ਇਕੱਲੇ ਸਿਆਸਤਦਾਨ ਹਨ, ਜਿਨ੍ਹਾਂ ਨੇ ਜੰਗ ਦਾ ਵਿਰੋਧ ਕੀਤਾ ਹੈ।

ਇੱਥੇ ਇਹ ਵੀ ਯਾਦ ਰੱਖਣ ਦੀ ਲੋੜ ਹੈ ਕਿ ਦੋਨੋ ਮੁਲਕ ਪ੍ਰਮਾਣੂ ਹਥਿਆਰਾਂ ਨਾਲ ਲੈਸ ਹਨ। ਪਾਕਿਸਤਾਨ ਦੀ ਮੌਜੂਦਾ ਫੌਜੀ ਹਾਲਤ ਭਾਰਤ ਦੇ ਮੁਕਾਬਲੇ ਕਾਫੀ ਕਮਜ਼ੋਰ ਹੈ। ਜੰਗ ਦੀ ਹਾਲਤ ਵਿੱਚ ਜਾਂਦੀ ਵਾਹ ਜੇਕਰ ਪਾਕਿਸਤਾਨ ਨੇ ਪ੍ਰਮਾਣੂ ਹਥਿਆਰ ਵਰਤ ਦਿੱਤੇ ਤਾਂ ਇਧਰਲੇ ਪੰਜਾਬ ਦਾ ਤੇ ਘੱਟੋ ਘੱਟ ਨਾਮੋ ਨਿਸ਼ਾਨ ਮਿਟ ਸਕਦਾ ਹੈ। ਇਸ ਲਈ ਇਸ ਖਿੱਤੇ ਵਿੱਚ ਜੰਗ ਪੰਜਾਬ ਅਤੇ ਖਾਸ ਕਰਕੇ ਸਿੱਖਾਂ ਨੂੰ ਕਤਈ ਵਾਰਾ ਨਹੀਂ ਖਾਂਦੀ। ਸੰਸਾਰ/ਦੇਸ਼ ਪੱਧਰ 'ਤੇ ਬਾਹਰਮੁਖੀ ਹਾਲਾਤ ਸਿੱਖ ਸਿਆਸਤ ਦੇ ਵਿਚਰਨ ਲਈ ਜਿੰਨੇ ਸਾਜ਼ਾਗਰ ਹਨ, ਸਿੱਖ ਸਿਆਸਤ ਦਾ ਸੰਗਠਨਾਤਮਕ ਅਤੇ ਵਿਚਾਰਧਾਰਕ ਪੱਖ ਉਨਾ ਹੀ ਕਮਜ਼ੋਰ ਹੈ। ਇਸ ਹਾਲਾਤ ਵਿੱਚ ਦੇਸ਼ ਅਤੇ ਸੰਸਾਰ ਪੱਧਰ 'ਤੇ ਸਿੱਖ ਸਿਆਸਤ ਦੇ ਹੱਕ ਵਿੱਚ ਬਣ ਰਹੇ ਮੌਜੂਦ ਮੌਕਿਆਂ ਨੂੰ ਸਾਂਭਣ ਦੀ ਦ੍ਰਿਸ਼ਟੀ ਤੋਂ ਸਾਡੀ ਲੀਡਰਸ਼ਿਪ ਹਾਲੇ ਵੀ ਸਮੇਂ ਦੇ ਹਾਣ ਦੀ ਨਹੀਂ ਹੈ। ਸੰਸਾਰ ਦੇ ਆਰਥਕ ਸਿਆਸੀ ਖੇਤਰ ਵਿੱਚ ਤੇਜ਼ੀ ਨਾਲ ਟੁੱਟ ਭੱਜ ਹੋ ਰਹੀ ਹੈ। ਇਸ ਦੇ ਅਸਰ ਏਸ਼ੀਆ ਅਤੇ ਭਾਰਤ 'ਤੇ ਵੀ ਪੈ ਰਹੇ ਹਨ।

ਸਾਰੀ ਦੁਨੀਆਂ ਦੇ ਵੱਡੇ ਮੁਲਕ ਸੰਸਾਰੀਕਰਣ ਦਾ ਪੱਲਾ ਛੱਡ ਕੇ ਵਾਪਸ ਆਪੋ ਆਪਣੇ ਕੌਮੀ ਘੁਰਨਿਆਂ (ਕੱਟੜਤਾ) ਵੱਲ ਮੁੜਨ ਦਾ ਯਤਨ ਕਰ ਰਹੇ ਹਨ। ਅਮਰੀਕਾ ਤਕਰੀਬਨ ਸਾਰੀਆਂ ਸੰਸਾਰ ਪੱਧਰੀ ਸੰਸਥਾਵਾਂ ਤੋਂ ਬਾਹਰ ਹੋ ਰਿਹਾ ਹੈ। ਯੂਰਪ ਖਸਤਾ ਹਾਲ ਹੈ ਅਤੇ ਯੂਕਰੇਨ ਨੂੰ ਰੂਸ ਨਾਲ ਲੜਾਉਣ ਵਿੱਚ ਰੁਝਿਆ ਹੋਇਆ ਹੈ। ਅਮਰੀਕਾ ਭਾਰਤ ਅਤੇ ਚੀਨ ਦੇ ਸਿੰਗ ਫਸਾਉਣ ਦੇ ਆਹਰ ਵਿੱਚ ਹੈ। ਚੀਨ ਇਸ ਲੜਾਈ ਨੂੰ ਭਾਰਤ ਅਤੇ ਪਾਕਿਸਤਾਨ ਵੱਲ ਖਿਸਕਾ ਕੇ ਖੁਸ਼ ਹੈ। ਸਿੱਖ/ਪੰਜਾਬ ਦੋਹਾਂ ਦੀ ਸੰਨ੍ਹ ਵਿੱਚ ਆਏ ਹੋਏ ਹਨ। ਇਨ੍ਹਾਂ ਸਥਿਤੀਆਂ ਨਾਲ ਨਿਪਟਣ ਲਈ ਮਨਜੀਤ ਸਿੰਘ ਜੀ.ਕੇ. ਅਤੇ ਹਰਮੀਤ ਸਿੰਘ ਗੁਰਦੁਆਰਿਆਂ 'ਤੇ ਕਬਜ਼ਾ ਕਰਨ ਦੀ ਸਿਆਸਤ ਵਿੱਚ ਰੁਝੇ ਹੋਏ ਹਨ ਅਤੇ ਇੱਕ ਦੂਜੇ 'ਤੇ ਬਲਾਤਕਾਰ ਦੇ ਦੋਸ਼ ਲਾ ਰਹੇ ਹਨ। ਅਕਾਲ ਤਖਤ ਸਾਹਿਬ ਵੱਲੋਂ ਨਿਯੁਕਤ ਕੀਤੀ ਗਈ ਪੰਜ ਮੈਂਬਰੀ ਕਮੇਟੀ ਹਾਲੇ ਭਰਤੀ ਵਿੱਚ ਰੁਝੀ ਹੋਈ ਹੈ। ਉਸ ਤੋਂ ਕੋਈ ਆਸ ਰੱਖੀਏ ਜਾਂ ਅੰਮ੍ਰਿਤਪਾਲ ਸਿੰਘ ਤੋਂ? ਵਕਤ ਬਹੁਤ ਤੇਜ਼ੀ ਨਾਲ ਗੁਜ਼ਰ ਰਿਹਾ ਹੈ। ਹਾਲਾਤ ਫਿਰ ਹੱਥੋਂ ਨਿਕਲ ਸਕਦੇ ਹਨ। ਜਿਸ ਨੇ ਜੋ ਕਰਨਾ ਹੈ, ਜਲਦੀ ਨਾਲ ਕਰੇ ਤਦ ਹੀ ਭਲਾ ਹੈ!




17115 W. Bluemound Rd, Suite D1, Brookfield, WI 53005

We Do Catering

ਅਸੀਂ ਕੇਟਰਿੰਗ ਵੀ ਕਰਦੇ ਹਾਂ

ਟੇਸਟ ਆਫ ਇੰਡੀਆ

ਮਸ਼ਹੂਰ ਨਾਮ ਅਤੇ ਮਸ਼ਹੂਰ ਖਾਣਾ

ਵਧੀਆ ਖਾਣਾ ਤੇ ਵਧੀਆ ਸਰਵਿਸ ਹੀ ਸਾਡੀ ਪਹਿਲ ਹੈ



ਵਿਆਹ ਸਮਾਗਮਾਂ, ਜਨਮ ਦਿਨ ਪਾਰਟੀਆਂ ਅਤੇ ਹੋਰ ਸਮਾਜਿਕ ਤੇ ਭਾਈਚਾਰਕ ਸਮਾਗਮਾਂ ਸਮੇਤ ਨਿੱਕੀਆਂ-ਵੱਡੀਆਂ ਪਾਰਟੀਆਂ ਮੌਕੇ ਸਵਾਦਿਸ਼ਟ ਤੇ ਤਾਜ਼ਾ ਖਾਣੇ ਲਈ ਸਾਨੂੰ ਸੇਵਾ ਦਾ ਮੌਕਾ ਦਿਓ

BOLLYWOOD Grill

Restaurant - Bar - Banquet


1038 N. Jackson St,
Milwaukee, WI 53202

We Also Provide

Onsite Tandoor Service For Fresh Naan & KABABS and Onsite Fresh DOSA Service.

ਫੋਨ: 262-894-0913

ਜਾਂ 414-588-3325




# ਪ੍ਰਣਾਮ ਸ਼ਹੀਦਾਂ ਨੂੰ

# COMMEMORATING MARTYRS OF
# JUNE 1984 GHALLUGHARA

## Friday June 6

**10:00 AM**
ਅਰੰਭ ਸ੍ਰੀ ਅਖੰਡ ਪਾਠ ਸਾਹਿਬ
Arambh Sri Akhand Path Sahib

| | |
|---|---|
| 6:00 PM | ਪਾਠ ਸ੍ਰੀ ਰਹਿਰਾਸ ਸਾਹਿਬ<br>Path Sri Rehraas Sahib |
| 6:20 PM | ਆਰਤੀ ਕੀਰਤਨ<br>Arti Kirtan |
| 7:00 PM | ਕਥਾ<br>Katha |
| 7:20 PM | ਢਾਡੀ ਵਾਰਾਂ<br>Dhadi Vaaran |
| 8:45 PM | ਸਮਾਪਤੀ<br>Samapati |

## Saturday June 7

| | |
|---|---|
| 6:00 PM | ਪਾਠ ਸ੍ਰੀ ਰਹਿਰਾਸ ਸਾਹਿਬ<br>Path Sri Rehraas Sahib |
| 6:20 PM | ਆਰਤੀ ਕੀਰਤਨ<br>Arti Kirtan |
| 7:00 PM | ਕਥਾ<br>Katha |
| 7:20 PM | ਢਾਡੀ ਵਾਰਾਂ<br>Dhadi Vaaran |
| 8:45 PM | ਸਮਾਪਤੀ<br>Samapati |

## Sunday June 8

| | |
|---|---|
| 7:00 AM | ਆਸਾ ਕੀ ਵਾਰ<br>Asa Ki Vaar |
| 9:30 AM | ਭੋਗ ਸ੍ਰੀ ਅਖੰਡ ਪਾਠ ਸਾਹਿਬ<br>Bhog Sri Akhand Path Sahib |
| 10:25 AM | ਕੀਰਤਨ<br>Kirtan |
| 11:05 AM | ਕਥਾ<br>Katha |
| 11:45 AM | ਪੰਥਕ ਬੁਲਾਰੇ<br>Panthic Speakers |
| 12:15 PM | ਢਾਡੀ ਵਾਰਾਂ<br>Dhadi Vaaran |
| 1:30 PM | ਸਮਾਪਤੀ<br>Samapati |

ਰੋਸ ਮੁਜ਼ਾਹਰਾ
ਸ਼ਿਕਾਗੋ ਭਾਰਤੀ ਕੌਂਸਲਖਾਨੇ
**Protest at Chicago Indian Consulate**
**Friday June 6 at 1:00 PM**
*Buses Leave from*
*Gurdwara Sahib at 11:30 AM*

## ਢਾਡੀ ਜਥਾ
## ਭਾਈ ਰਣਜੀਤ ਸਿੰਘ ਜੰਡਿਆਲਾ
Dhadi Jatha
Bhai Ranjit Singh Jandiala



**SIKH Religious Society**
Gurdwara Palatine

1280 WINNETA ST., PALATINE IL 60067 PH. (847) 358-1117 WWW.SRSCHICAGO.ORG
EMAIL: CONTACTUS@SRSCHICAGO.ORG

# ਪਾਣੀ ਦੀ ਵੰਡ ਦੇ ਮਾਮਲੇ ’ਚ ਪੰਜਾਬ ਨੂੰ ਫਿਰ ਠਿੱਬੀ ਲੱਗੀ

***...ਸਫਾ ਇੱਕ ਦੀ ਬਾਕੀ⇒***

ਸਨਅਤੀਕਰਨ ਅਤੇ ਸ਼ਹਿਰੀਕਰਨ ਪੰਜਾਬ ਦੇ ਮੁਕਾਬਲੇ ਜ਼ਿਆਦਾ ਹੋਇਆ ਹੈ। ਇਸੇ ਕਰਕੇ ਹਰਿਆਣਾ ਦੀ ਪਾਣੀ ਦੀ ਲੋੜ ਤੇਜ਼ੀ ਨਾਲ ਵਧ ਰਹੀ ਹੈ। ਇਸੇ ਤਰ੍ਹਾਂ ਲਗਾਤਾਰ ਵਧ ਰਹੇ ਦਿੱਲੀ ਸ਼ਹਿਰ ਦੀ ਵਾਧੂ ਲੋੜ ਲਈ ਵੀ ਪਾਣੀ ਪੰਜਾਬ ਵੱਲੋਂ ਖਿੱਚਿਆ ਜਾਂਦਾ ਹੈ। ਇਹ ਸਾਰਾ ਕੁਝ ਇਸ ਦੇ ਬਾਵਜੂਦ ਕਿ ਦਿੱਲੀ, ਹਰਿਆਣਾ ਅਤੇ ਪੰਜਾਬ ਹੁਣ ਪੰਜਾਬ ਵਿੱਚ ਮੌਜੂਦ ਦਰਿਆਵਾਂ ਦੇ ਤੱਟੀ ਖੇਤਰ ਨਹੀਂ ਹਨ। ਤਦ ਵੀ ਪੰਜਾਬ ਵਿੱਚੋਂ ਵਗਦੇ ਦਰਿਆਵਾਂ ਦਾ ਪਾਣੀ ਹਰਿਆਣਾ, ਦਿੱਲੀ ਅਤੇ ਰਾਜਸਥਾਨ ਨੂੰ ਮੁਫਤ ਦਿੱਤਾ ਜਾਂਦਾ ਹੈ।

ਭਾਖੜਾ ਬਿਆਸ ਮੈਨੇਜਮੈਂਟ ਬੋਰਡ ਹੁਣ ਪੂਰਨ ਰੂਪ ਵਿੱਚ ਕੇਂਦਰ ਦੇ ਕਬਜ਼ੇ ਵਿੱਚ ਹੈ। ਇਸ ਕਰਕੇ ਪੰਜਾਬ ਵਿੱਚ ਬਣਦੀਆਂ ਮਿਟਦੀਆਂ ਸਰਕਾਰਾਂ ਸਿਰਫ ਅਪੀਲਾਂ ਕਰਨ, ਅਰਜ਼ੀਆਂ ਦੇਣ ਅਤੇ ਅਦਾਲਤਾਂ ਵਿੱਚ ਝਿੜਕਾਂ ਖਾਣ ਜੋਗੀਆਂ ਰਹਿ ਗਈਆਂ ਹਨ। ਅਦਾਲਤਾਂ ਵਿੱਚ ਜਾਣਾ ਵੀ ਉਦੋਂ ਨਿਹਫਲ ਹੋ ਜਾਂਦਾ ਹੈ, ਜਦੋਂ ਇਨਸਾਫ ਦਾ ਤਰਾਜ਼ੂ ਕੇਂਦਰ ਵਿੱਚ ਮੌਜੂਦ ਸੱਤਾ ਦੀ ਮਰਜ਼ੀ ਮੁਤਾਬਕ ਝੁਕ ਜਾਂਦਾ ਹੈ। ਪਾਣੀਆਂ ਬਾਰੇ ਆਮ ਕੌਮਾਂਤਰੀ ਅਸੂਲ ਇਹ ਹੈ ਕਿ ਇਸ ‘ਤੇ ਪਹਿਲਾ ਹੱਕ ਉਨ੍ਹਾਂ ਲੋਕਾਂ ਦਾ ਹੁੰਦਾ ਹੈ, ਜਿਹੜੇ ਵਗਦੇ ਦਰਿਆਵਾਂ ਦੇ ਇਰਦ ਗਿਰਦ (ਤੱਟੀ ਖੇਤਰ) ਪੈਂਦੇ ਹਨ। ਇਹ ਅੰਤਰਰਾਸ਼ਟਰੀ ਕਾਨੂੰਨ ਨਹੀਂ ਹਨ, ਅਸੂਲ (ਪ੍ਰਿੰਸੀਪਲ) ਜ਼ਰੂਰ ਹਨ। ਆਮ ਤੌਰ ‘ਤੇ ਕਿਸੇ ਸਮਾਜ ਦੇ ਅਸੂਲ ਹੀ ਪੱਕ ਜਾਣ ਤੋਂ ਬਾਅਦ ਕਾਨੂੰਨ ਬਣਦੇ ਹਨ। ਜਾਂ ਇਉਂ ਕਹੋ ਕਿ ਅੰਤਰਰਾਸ਼ਟਰੀ ਸਥਾਪਤ ਅਸੂਲਾਂ ਦੇ ਅਨੁਸਾਰ ਹੀ ਵੱਖ-ਵੱਖ ਮੁਲਕਾਂ ਦੀਆਂ ਸਰਕਾਰਾਂ ਪਾਣੀ ਦੇ ਵੰਡ-ਵੰਡਾਰੇ ਸੰਬੰਧੀ ਫੈਸਲੇ ਕਰਦੀਆਂ ਹਨ ਜਾਂ ਕਾਨੂੰਨ ਬਣਾਉਂਦੀਆਂ ਹਨ। ਹਿੰਦੁਸਤਾਨ ਦੇ ਬਾਕੀ ਸੂਬਿਆਂ ਵਿਚਕਾਰ ਹੋਏ ਪਾਣੀ ਦੇ ਝਗੜੇ ਉਪਰੋਕਤ ਅਸੂਲਾਂ ਅਨੁਸਾਰ ਹੀ ਨਿਬੇੜੇ ਗਏ ਹਨ।

ਮਸਲਨ ਕਰਨਾਟਕਾ ਅਤੇ ਤਾਮਿਲਨਾਡੂ ਵਿਚਕਾਰ ਝਗੜੇ ਦਾ ਕਾਰਨ ਬਣੇ ਕਾਵੇਰੀ ਦਰਿਆ ਸੰਬੰਧੀ ਜਦੋਂ ਕਾਵੇਰੀ ਵਾਟਰ ਡਿਸਪਿਊਟ ਟ੍ਰਿਬਿਊਨਲ ਵੱਲੋਂ 2007 ਵਿੱਚ ਫੈਸਲਾ ਸੁਣਾਇਆ ਗਿਆ ਤਾਂ ਇਸ ਦੇ ਪਾਣੀਆਂ ਦੀ ਵੰਡ ਕਰਨਾਟਕਾ, ਤਾਮਿਲਨਾਡੂ, ਕੇਰਲਾ ਅਤੇ ਪੁਡੂਚੇਰੀ ਵਿਚਕਾਰ ਇਨ੍ਹਾਂ ਦੇ ਬੇਸਨ ਖੇਤਰ ਦੇ ਹਿਸਾਬ ਨਾਲ ਹੀ ਕੀਤੀ ਗਈ ਸੀ। ਭਾਰਤੀ ਪੰਜਾਬ ਵਿੱਚ ਪੈਂਦੇ ਦਰਿਆ ਸਤਲੁਜ, ਬਿਆਸ ਅਤੇ ਰਾਵੀ ਦੇ ਤੱਟੀ ਖੇਤਰ ਵਿੱਚ ਨਾ ਤਾਂ ਰਾਜਸਥਾਨ ਆਉਂਦਾ ਹੈ ਅਤੇ ਨਾ ਹੀ ਹੁਣ ਹਰਿਆਣਾ; ਦਿੱਲੀ ਤਾਂ ਉਕਾ ਹੀ ਨਹੀਂ। ਹਿਮਾਚਲ ਜ਼ਰੂਰ ਅੱਪਰ ਰਿਪੇਰੀਅਨ ਸਟੇਟ ਬਣਦੀ ਹੈ, ਜਿਹੜੀ ਪਾਣੀ ਆਪਣੇ ਲਈ ਵਰਤ ਸਕਦੀ ਹੈ, ਬਿਜਲੀ ਬਣਾ ਸਕਦੀ ਹੈ, ਪਰ ਇਸ ਦੇ ਵਹਾਓ ਨੂੰ ਰੋਕ ਨਹੀਂ ਸਕਦੀ, ਜਾਂ ਸੁਰੰਗ ਬਣਾ ਕੇ ਕਿਸੇ ਤੀਜੀ ਸਟੇਟ ਨੂੰ ਨਹੀਂ ਭੇਜ ਸਕਦੀ। ਪਰ ਪੰਜਾਬ ਦੇ ਦਰਿਆਵਾਂ ਦੇ ਅੰਤਰਰਾਜੀ ਨਾ ਹੋਣ ਦੇ ਬਾਵਜੂਦ ਇਨ੍ਹਾਂ ਦੇ ਨਿਬੇੜੇ ਕੇਂਦਰ ਨੇ ਸਿਆਸੀ ਜ਼ਬਰਦਸਤੀ ਜਾਂ ਟ੍ਰਿਬਿਊਨਲਾਂ ਦੇ ਗਧੀਗੇੜ ਰਾਹੀਂ ਅੰਤਰਰਾਜੀ ਬਣਾ ਕੇ ਕੀਤੇ ਹਨ। ਹਰਿਆਣਾ ਨਾਲ ਪਾਣੀਆਂ ਦੀ ਜਾਇਜ਼ ਵੰਡ ਦਾ ਮਸਲਾ ਵੀ ਚਲੋ ਕਿਸੇ ਪੱਖੋਂ ਜਾਇਜ਼ ਬਣ ਸਕਦਾ ਹੈ, ਕਿਉਂਕਿ ਅੱਧਾ ਹਰਿਆਣਾ ਸਿੰਧ ਬੇਸਿਨ ਖੇਤਰ ਵਿੱਚ ਪੈਂਦਾ ਹੈ (ਜਿਸ ਦੇ ਪਾਣੀ ਦਾ ਵਹਾਓ ਪਹਾੜ ਵੱਲੋਂ ਦੱਖਣ ਪੱਛਮ ਵੱਲ ਹੈ)। ਉਂਝ ਵੀ 1966 ਤੋਂ ਪਹਿਲਾਂ ਇਹ ਰਾਜ ਪੰਜਾਬ ਦਾ ਹੀ ਹਿੱਸਾ ਸੀ, ਪਰ ਦਿੱਲੀ ਅਤੇ ਰਾਜਸਥਾਨ ਤੋਂ ਤਾਂ ਪੰਜਾਬ ਪਾਣੀ ਦਾ ਇਵਜਾਨਾ ਵਸੂਲਣ ਦਾ ਹੱਕ ਰੱਖਦਾ ਹੈ, ਕਿ ਨਹੀਂ? ਨਾ ਦਿੱਲੀ ਕੋਈ ਮੁਆਵਜ਼ਾ ਦਿੰਦੀ ਹੈ ਅਤੇ ਨਾ ਹੀ ਰਾਜਸਥਾਨ। ਜਦੋਂ ਕਿ ਦਿੱਲੀ ਨੂੰ ਪਾਣੀ ਦੇਣ ਬਦਲੇ ਹਿਮਾਚਲ ਇਵਜਾਨਾ ਵਸੂਲ ਕਰਦਾ ਹੈ।

ਪਾਣੀ ਦੀ ਇਸ ਕਾਣੀ ਵੰਡ ਕਾਰਨ ਸਤਲੁਜ ਦਰਿਆ ਪੰਜਾਬ ਵਿੱਚ ਲਗਪਗ ਸੁੱਕ ਗਿਆ ਹੈ। ਅਸਲ ਵਿੱਚ ਸਤਲੁਜ ਦਰਿਆ ਹੀ ਸਮੁੱਚੇ ਪੰਜਾਬ ਦੇ ਵੱਡੇ ਖੇਤਰ ਦੇ ਧਰਤੀ ਹੇਠਲੇ ਪਾਣੀ ਨੂੰ ਸਾਵਾਂ ਰੱਖਣ ਵਿੱਚ ਸਹਾਈ ਹੁੰਦਾ ਹੈ। ਝੋਨੇ ਅਤੇ ਸ਼ਹਿਰੀਕਰਨ ਤੋਂ ਇਲਾਵਾ ਇਸ ਦਰਿਆ ਦਾ ਸੁੱਕਣਾ ਵੀ ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦੇ ਨੀਵਾਂ ਚਲੇ ਜਾਣ ਦਾ ਇੱਕ ਵੱਡਾ ਕਾਰਨ ਹੈ। ਇਸ ਤੋਂ ਇਲਾਵਾ ਮੌਸਮੀ ਤਬਦੀਲੀਆਂ ਕਾਰਨ ਵੀ ਦਰਿਆਵਾਂ ਵਿੱਚ ਪਾਣੀ ਦੀ ਆਮਦ ਘਟ ਗਈ ਹੈ। ਇਹ ਵਿਚਾਰ ਵੀ ਦੁਨੀਆਂ ਦੇ ਵਾਤਾਵਰਣ ਵਿਗਿਆਨੀ ਦੀ ਬਹਿਸ ਦਾ ਵਿਸ਼ਾ ਬਣਿਆ ਹੋਇਆ ਹੈ ਕਿ ਧਰਤੀ ‘ਤੇ ਵਗਦੇ ਸਾਰੇ ਦਰਿਆ ਆਪਣੇ ਆਰੰਭ ਤੋਂ ਲੈ ਕੇ ਸਮੁੰਦਰ ਤੱਕ ਵਗਦੇ ਰਹਿਣੇ ਚਾਹੀਦੇ ਹਨ। ਇਸ ਨਾਲ ਅਸੀਂ ਧਰਤੀ ਦੀ ਖੂਬਸੂਰਤੀ ਅਤੇ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਵਿੱਚ ਕਾਮਯਾਬ ਹੋ ਸਕਦੇ ਹਾਂ।

ਇਸ ਤੋਂ ਇਲਾਵਾ ਹੋਰ ਵੀ ਬਹੁਤ ਕੁਝ ਹੈ, ਜਿਹੜਾ ਪਾਣੀ ਦੇ ਮਾਮਲੇ ਵਿੱਚ ਕੀਤਾ ਜਾ ਸਕਦਾ ਹੈ। ਹਰ ਵਰ੍ਹੇ ਬਰਸਾਤੀ ਮੌਸਮ ਵਿੱਚ ਬੇਅਥਾਹ ਪਾਣੀ ਅਜਾਈਂ ਵਗ ਜਾਂਦਾ ਹੈ। ਇਸ ਪਾਣੀ ਨੂੰ ਬਹੁਤ ਸਾਰੇ ਢੰਗਾਂ ਨਾਲ ਰੋਕ ਕੇ ਅਸੀਂ ਖੇਤੀ ਲਈ ਵਰਤੋਂ ਵੀ ਕਰ ਸਕਦੇ ਅਤੇ ਧਰਤੀ ਹੇਠਾਂ ਵੀ ਸਮਾ ਸਕਦੇ ਹਾਂ। ਇੱਥੋਂ ਤੱਕ ਕਿ 10-12 ਏਕੜ ਤੋਂ ਵੱਧ ਜ਼ਮੀਨ ਰੱਖਣ ਵਾਲੇ ਕਿਸਾਨ ਆਪੋ-ਆਪਣੇ ਖੇਤਾਂ ਵਿੱਚ ਇਕ ਜਾਂ ਅੱਧੇ ਏਕੜ ਵਿੱਚ ਕੱਚੇ ਤਲਾਬ ਬਣਾ ਸਕਦੇ ਹਨ। ਇਨ੍ਹਾਂ ਵਿੱਚ ਮੱਛੀ ਪਾਲਣ ਤੋਂ ਸਿਵਾਏ ਬਰਸਾਤ ਦੇ ਦਿਨਾਂ ਤੋਂ ਬਾਅਦ ਖੇਤੀ ਲਈ ਵਰਤੋਂ ਕੀਤੀ ਜਾ ਸਕਦੀ ਹੈ। ਹੁਸ਼ਿਆਰਪੁਰ-ਚਿੰਤਪੁਰਨੀ ਰੋੜ ‘ਤੇ, ਹਿਮਾਚਲ ਦੇ ਬਾਰਡਰ ਦੇ ਨਾਲ ਲੱਗਵਾਂ ਬਾਜਵਾ ਫਾਰਮ ਹੈ। ਉਨ੍ਹਾਂ ਵੱਲੋਂ ਆਪਣੇ ਖੇਤ ਅੰਦਰ ਇੱਕ ਏਕੜ ਦਾ ਕੱਚਾ ਤਲਾਬ ਬਣਾਇਆ ਗਿਆ ਹੈ। ਬਰਸਾਤ ਵਿੱਚ ਪਹਾੜ ਵੱਲੋਂ ਰੁੜ੍ਹ ਕੇ ਆਈ ਪਾਣੀ ਨਾਲ ਇਹ ਭਰ ਜਾਂਦਾ ਹੈ ਅਤੇ ਬਾਅਦ ਵਿੱਚ ਇਸ ਦੀ ਸਿੰਜਾਈ ਲਈ ਵਰਤੋਂ ਕੀਤੀ ਜਾਂਦੀ ਹੈ। ਇਸ ਫਾਰਮ ਵਿੱਚ ਸੇਬਾਂ ਦੀ ਸਫਲ ਖੇਤੀ ਕੀਤੀ ਜਾ ਰਹੀ ਹੈ। ਪੰਜਾਬ ਦੇ ਕੰਢੀ ਖੇਤਰ ਵਿੱਚ ਸਾਂਝੇ ਚੈਕ ਡੈਮ ਬਣਾ ਕੇ ਵੀ ਬਰਸਾਤੀ ਪਾਣੀ ਦੀ ਬੱਚਤ ਕੀਤੀ ਜਾ ਸਕਦੀ ਹੈ ਅਤੇ ਇਸ ਨੂੰ ਬਾਅਦ ਵਿੱਚ ਪਸ਼ੂਆਂ ਦੇ ਪੀਣ ਲਈ ਲਈ ਜਾਂ ਖੇਤੀਬਾੜੀ ਲਈ ਵਰਤਿਆ ਜਾ ਸਕਦੀ ਹੈ। ਅਜਿਹਾ ਕਰਨ ਨਾਲ ਇਸ ਖੇਤਰ ਵਿੱਚ ਪੀਣ ਵਾਲੇ ਪਾਣੀ ਦੀ ਤੋਟ ਵੀ ਖਤਮ ਕੀਤੀ ਜਾ ਸਕਦੀ ਹੈ ਅਤੇ ਧਰਤੀ ਹੇਠਲੇ ਪਾਣੀ ਦਾ ਪੱਧਰ ਵੀ ਉਪਰ ਚੁੱਕਿਆ ਜਾ ਸਕਦਾ ਹੈ। ਪਰ ਜਿਵੇਂ ਪੰਜਾਬੀ ਦੀ ਕਹਾਵਤ ਹੈ, ਡੁੱਬੀ ਤੇ ਤਾਂ ਜੇ ਸਾਹ ਨਾ ਆਇਆ...। ਸੋ, ਇਹ ਸਾਰਾ ਕੁਝ ਤਾਂ ਹੀ ਸੰਭਵ ਹੈ ਜੇ ਪੰਜਾਬ ਦੇ ਖੇਤਰੀ ਹਿੱਤਾਂ ਦੀ ਰਾਖੀ ਕਰਨ ਵਾਲੀ ਇੱਕ ਮਜ਼ਬੂਤ, ਇਮਾਨਦਾਰ ਅਤੇ ਦਿਆਨਤਦਾਰ ਰਾਜਨੀਤਿਕ ਧਿਰ ਹੋਵੇ। ਵਰਨਾ ਵਿਕਾਊ ਰਾਜਨੀਤੀ ਨੇ ਤਾਂ ਪੰਜਾਬ ਦੇ ਹੁਣ ਹੱਡ (ਰੇਤਾ/ਮਿੱਟੀ) ਵਿਕਣੇ ਲਾਏ ਹੋਏ ਹਨ!

# ਹਰਿਮੰਦਰ ਸਾਹਿਬ ਨੂੰ ਨਿਸ਼ਾਨਾ ਬਣਾਉਣ ਦਾ ਦਾਅਵਾ: ਸੱਚ ਕੀ ਤੇ ਝੂਠ ਕੀ !

***...ਸਫਾ ਇੱਕ ਦੀ ਬਾਕੀ⇒***

ਦੀ ਚੰਗੀ ਤਰ੍ਹਾਂ ਜਾਂਚ ਹੋਣੀ ਚਾਹੀਦੀ। ਸ੍ਰੀ ਦਰਬਾਰ ਸਾਹਿਬ ਦੇ ਐਡੀਸ਼ਨਲ ਮੁੱਖ ਗ੍ਰੰਥੀ ਭਾਈ ਅਮਰਜੀਤ ਸਿੰਘ ਵੱਲੋਂ ਵੀ ਇਸ ਕਿਸਮ ਦੇ ਕਿਸੇ ਫੌਜੀ ਹਥਿਆਰਾਂ ਦੀ ਸ੍ਰੀ ਦਰਬਾਰ ਸਾਹਿਬ ਵਿੱਚ ਤਾਇਨਾਤੀ ਤੋਂ ਇਨਕਾਰ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਵੱਲੋਂ ਸਪਸ਼ਟ ਕੀਤਾ ਗਿਆ ਕਿ ਸਥਾਨਕ ਪ੍ਰਸ਼ਾਸਨ ਵੱਲੋਂ ਉਨ੍ਹਾਂ ਨੂੰ ਹਮਲੇ ਵਾਲੇ ਦਿਨਾਂ ਵਿੱਚ ਬਲੈਕ ਆਊਟ ਰੱਖਣ ਲਈ ਕਿਹਾ ਗਿਆ ਸੀ, ਜਿਸ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਹਿਯੋਗ ਕੀਤਾ ਗਿਆ ਅਤੇ ਕੁਝ ਥਾਵਾਂ ‘ਤੇ ਮਰਿਆਦਾ ਦੀ ਬਾਕਾਇਦਾ ਪਾਲਣਾ ਲਈ ਲਾਈਟ ਚਾਲੂ ਰੱਖੀ ਗਈ, ਜਦਕਿ ਪਰਿਕਰਮਾ ਅਤੇ ਛੱਤ ‘ਤੇ ਲੱਗੀਆਂ ਲਾਈਟਾਂ ਬੰਦ ਕਰ ਦਿੱਤੀਆਂ ਗਈਆਂ ਸਨ।

ਇੱਕ ਦਿਲਚਸਪ ਘਟਨਾਕ੍ਰਮ ਤਹਿਤ ਬਾਅਦ ਵਿੱਚ ਸੀਨੀਅਰ ਫੌਜੀ ਅਧਿਕਾਰੀਆਂ ਵੱਲੋਂ ਜਨਰਲ ਇਵਾਨ ਵਾਲਾ ਬਿਆਨ ਵਾਪਸ ਲੈ ਲਿਆ ਗਿਆ ਕਿ ਸ੍ਰੀ ਹਰਿਮੰਦਰ ਸਾਹਿਬ ਦੀ ਹਦੂਦ ਵਿੱਚ ਜਾਂ ਇਸ ਦੇ ਇਰਦ-ਗਿਰਦ ਹਵਾਈ ਸੁਰੱਖਿਆ ਪ੍ਰਣਾਲੀ ਲਗਾਈ ਗਈ ਸੀ। ਸੀਨੀਅਰ ਫੌਜੀ ਅਧਿਕਾਰੀਆਂ ਨੇ ਲੈਫਟੀਨੈਂਟ ਜਨਰਲ ਸੁਮੇਰ ਇਵਾਨ ਵੱਲੋਂ ਦਿੱਤੇ ਬਿਆਨ ਨੂੰ ਮੁੱਢੋਂ-ਸੁਢੋਂ ਹੀ ਰੱਦ ਕਰ ਦਿੱਤਾ। ਅਸਲ ਵਿੱਚ ਜਨਰਲ ਸੁਮੇਰ ਇਵਾਨ ਵੱਲੋਂ ਦਿੱਤੇ ਗਏ ਇਸ ਫਰਜ਼ੀ ਬਿਆਨ ਨੇ ਫੌਜ ਵੱਲੋਂ ਦਿੱਤੇ ਗਏ ਪਹਿਲੇ ਬਿਆਨ ‘ਤੇ ਵੀ ਸੁਆਲੀਆ ਨਿਸ਼ਾਨ ਲਗਾ ਦਿੱਤਾ, ਜਿਸ ਵਿੱਚ ਉਨ੍ਹਾਂ ਕਿਹਾ ਸੀ ਕਿ ਪਾਕਿਸਤਾਨੀ ਫੌਜ ਵੱਲੋਂ ਸ੍ਰੀ ਦਰਬਾਰ ਸਾਹਿਬ ਨੂੰ ਨਿਸ਼ਾਨਾ ਬਣਾ ਕੇ ਡਰੋਨਾਂ ਅਤੇ ਮਿਜ਼ਾਈਲਾਂ ਛੱਡੀਆਂ ਗਈਆਂ ਸਨ। ਜਿਨ੍ਹਾਂ ਨੂੰ ਭਾਰਤੀ ਏਅਰ ਡਿਫੈਂਸ ਵੱਲੋਂ ਹਵਾ ਵਿੱਚ ਹੀ ਮਾਰ ਗਿਰਾਇਆ ਗਿਆ ਸੀ। ਉਂਝ ਇਥੇ ਇਹ ਸੁਆਲ ਵੀ ਉੱਠਦਾ ਹੈ ਕਿ ਦੁਰਗਿਆਣਾ ਮੰਦਰ ਅਤੇ ਰਾਮ ਤੀਰਥ ਸਥਾਨ ਵੀ ਅੰਮ੍ਰਿਤਸਰ ਵਿੱਚ ਹੀ ਮੌਜੂਦ ਹਨ, ਕੀ ਉਨ੍ਹਾਂ ‘ਤੇ ਪਾਕਿਸਤਾਨ ਵੱਲੋਂ ਮਿਜ਼ਾਈਲਾਂ ਜਾਂ ਡਰੋਨਾਂ ਨਹੀਂ ਛੱਡੀਆਂ ਗਈਆਂ? ਫੌਜੀ ਜਰਨੈਲਾਂ ਨੂੰ ਇਹ ਸੁਆਲ ਵੀ ਪੁੱਛਿਆ ਜਾਣਾ ਚਾਹੀਦਾ ਹੈ ਕਿ ਜਦੋਂ ਦੇਸ਼ ਦੀਆਂ ਸਰਹੱਦਾਂ ਅਤੇ ਲੋਕਾਂ ਦੀ ਜਾਨ ਮਾਲ ਦੀ ਤੁਸੀਂ ਸਮੁੱਚੇ ਰੂਪ ਵਿੱਚ ਰੱਖਿਆ ਕਰ ਰਹੇ ਹੋ ਤਾਂ ਹਰਿਮੰਦਰ ਸਾਹਿਬ ਦੀ ਰਾਖੀ ਲਈ ਵਿਸ਼ੇਸ਼ ਬਿਆਨਬਾਜ਼ੀ ਕਿਉਂ?

ਬਿਲਕੁਲ ਇਸੇ ਨਾਲ ਮਿਲਦੀ-ਜੁਲਦੀ ਬਿਆਨਬਾਜ਼ੀ ਪਾਕਿਸਤਾਨ ਵਾਲੇ ਪਾਸੇ ਵੀ ਕੀਤੀ ਗਈ। ਉਧਰਲੇ ਪਾਸੇ ਕਿਹਾ ਗਿਆ ਕਿ ਭਾਰਤੀ ਫੌਜ ਵੱਲੋਂ ਸ੍ਰੀ ਨਨਕਾਣਾ ਸਾਹਿਬ ‘ਤੇ ਹਮਲਾ ਕੀਤਾ ਗਿਆ, ਜਿਸ ਨੂੰ ਪਾਕਿਸਤਾਨੀ ਏਅਰ ਡਿਫੈਂਸ ਨੇ ਨਾਕਾਮ ਬਣਾਇਆ। ਪਕਿਸਤਾਨੀ ਹਾਕਮਾਂ ਵੱਲੋਂ ਫੈਲਾਈ ਗਈ ਇਹ ਖ਼ਬਰ ਵੀ ਇੱਕ ਤਰ੍ਹਾਂ ਨਾਲ ਝੂਠੇ ਪਰਾਪੇਗੰਡਾ ਦਾ ਹੀ ਹਿੱਸਾ ਸੀ। ਫਿਰ ਵੀ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਭਾਰਤੀ ਫੌਜ ਵੱਲੋਂ ਕੀਤੀ ਗਈ ਸਮੁੱਚੇ ਰੂਪ ਵਿੱਚ ਕਾਰਵਾਈ ਦੀ ਸ਼ਲਾਘਾ ਕੀਤੀ। ਭਾਵੇਂ ਭਾਰਤੀ ਪੱਖ ਇਹ ਗੱਲ ਵਾਰ-ਵਾਰ ਕਹਿ ਰਿਹਾ ਹੈ ਕਿ ਜੰਗ ਬੰਦ ਨਹੀਂ ਹੋਈ, ਸਗੋਂ ਮੁਲਤਵੀ ਕੀਤੀ ਗਈ ਹੈ, ਪਰ ਜਿਸ ਤਰ੍ਹਾਂ ਸਰਹੱਦ ਵਾਲੀਆਂ ਤਾਰਾਂ ਤੋਂ ਪਾਰ ਕਿਸਾਨਾਂ ਨੂੰ ਖੇਤੀ ਕਰਨ ਦੀ ਖੁੱਲ੍ਹ ਦੇਣ ਦਾ ਫੈਸਲਾ ਕਰ ਲਿਆ ਅਤੇ ਵਾਹਗਾ ਬਾਰਡਰ ‘ਤੇ ਰਿਟਰੀਟ ਸੈਰੇਮਨੀ ਦੁਬਾਰਾ ਸ਼ੁਰੂ ਕਰ ਲਈ ਗਈ ਹੈ, ਉਸ ਤੋਂ ਜਾਪਦਾ ਹੈ ਕਿ ਦੋਹਾਂ ਦੇਸ਼ਾਂ ਵਿੱਚ ਅੰਦਰ-ਖਾਤੇ ਪੱਕੀ ਗੋਲੀ ਬੰਦੀ ਲਈ ਸਹਿਮਤੀ ਬਣ ਗਈ ਹੈ। ਭਾਰਤ ਨੇ ਦੋਹਾਂ ਦੇਸ਼ਾਂ ਵਿਚਕਾਰ ਹੋਈ ਗੋਲੀਬੰਦੀ ਦੇ ਮਾਮਲੇ ਵਿੱਚ ਅਮਰੀਕਾ ਦੇ ਕਿਸੇ ਵੀ ਕਿਸਮ ਦੇ ਦਖਲ ਤੋਂ ਮੁਕੰਮਲ ਇਨਕਾਰ ਕਰ ਦਿੱਤਾ ਹੈ। ਜਦਕਿ ਟਰੰਪ ਇਹ ਵਾਰ-ਵਾਰ ਕਹਿ ਰਿਹਾ ਹੈ ਕਿ ਗੋਲੀ ਬੰਦੀ ਉਨ੍ਹਾਂ ਵੱਲੋਂ ਹੀ ਕਰਵਾਈ ਗਈ ਹੈ। ਗੱਲ ਹੁਣ ਅਸਲ ਵਿੱਚ ਇੱਥੋਂ ਵੀ ਅੱਗੇ ਨਿਕਲ ਗਈ ਜਾਪਦੀ ਹੈ।

ਅਸਲ ਵਿੱਚ ਫਰਾਂਸ ਦੇ ਬਣੇ ਰਾਫੇਲ ਦੇ ਲੜਾਈ ਵਿੱਚ ਮਾਤ ਖਾ ਜਾਣ ਅਤੇ ਇਸ ਨਾਲ ਸੰਬੰਧਤ ਗੁਪਤ ਸਾਫਟਵੇਅਰ ਅਤੇ ਤਕਨੀਕ ਭਾਰਤ ਨਾਲ ਸਾਂਝੀ ਨਾ ਕਰਨ ਕਰਕੇ ਭਾਰਤ ਨੇ ਆਪਣੇ ਲੜਾਕੂ ਜਹਾਜ਼ ਤੇਜਸ ਲਈ ਵੱਧ ਕਾਰਗੁਜ਼ਾਰੀ ਵਾਲੇ ਇੰਜਣ ਰੂਸ ਤੋਂ ਖਰੀਦਣ ਦਾ ਫੈਸਲਾ ਕਰ ਲਿਆ ਹੈ। ਰੂਸ ਨੇ ਇਸ ਇੰਜਣ ਦੀ ਸਮੁੱਚੀ ਤਕਨੀਕ ਵੀ ਭਾਰਤ ਨਾਲ ਸਾਂਝੀ ਕਰਨਾ ਸਵਿਕਾਰ ਕਰ ਲਿਆ ਹੈ। ਪਾਕਿਸਤਾਨ ਨਾਲ ਬੀਤੇ ਦਿਨੀਂ ਹੋਈ ਝੜਪ ਤੋਂ ਪਿੱਛੋਂ ਭਾਰਤ ਨੇ ਆਪਣੀ ਹਵਾਈ ਤਾਕਤ ਵਿੱਚ ਵਾਧਾ ਕਰਨ ਲਈ ਆਪਣੇ ਪਰਖੇ ਹੋਏ ਮਿੱਤਰ ਰੂਸ ਵੱਲ ਮੁੜਨ ਦਾ ਫੈਸਲਾ ਕਰ ਲਿਆ ਹੈ। ਇਸ ਨਾਲ ਚੀਨ ਵੀ ਕੁਝ ਨਰਮ ਪੈ ਗਿਆ ਵਿਖਾਈ ਦਿੰਦਾ ਹੈ ਅਤੇ ਉਸ ਨੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਸਮਝੌਤਾ ਕਰਵਾਉਣ ਲਈ ਵਿਚੋਲਗੀ ਕਰਨ ਦੀ ਵੀ ਪੇਸ਼ਕਸ਼ ਕਰ ਦਿੱਤੀ ਹੈ। ਯਾਦ ਰਹੇ, ਰੂਸ ਦੇ ਵਿਦੇਸ਼ ਮੰਤਰੀ ਮੈਦਾਦੇਵ ਲਾਵਾਰੋਵ ਨੇ ਬੀਤੇ ਦਿਨੀਂ ਬਿਆਨ ਦਿੱਤਾ ਸੀ ਕਿ ਅਮਰੀਕਾ ਇਸ ਖਿੱਤੇ ਨੂੰ ਅਸਥਿਰ ਕਰਨ ਲਈ ਭਾਰਤ ਅਤੇ ਚੀਨ ਨੂੰ ਲੜਾਉਣਾ ਚਾਹੁੰਦਾ ਹੈ। ਭਾਰਤ ਨੂੰ ਅਮਰੀਕਾ ਤੋਂ ਸੁਚੇਤ ਰਹਿਣਾ ਚਾਹੀਦਾ ਹੈ। ਸੱਤਾ ਵਿੱਚ ਮੌਜੂਦ ਭਾਰਤੀ ਲੀਡਰ ਸ਼ਾਇਦ ਮਹਿਸੂਸ ਕਰਨ ਲੱਗੇ ਹਨ ਕਿ ਉਨ੍ਹਾਂ ਦਾ ਰੂਸੀ ਕੈਂਪ ਵਿੱਚ ਰਹਿਣ ਵਿੱਚ ਹੀ ਫਾਇਦਾ ਹੈ। ਇਸ ਨਾਲ ਉਨ੍ਹਾਂ ਦਾ ਚੀਨ ਵੱਲੋਂ ਵੀ ਬਚਾਅ ਰਹੇਗਾ ਅਤੇ ਪਾਕਿਸਤਾਨ ਵਾਲੀ ਸਰਹੱਦ ਤੇ ਸਰਹੱਦੋਂ ਪਾਰ ਇੱਧਰ ਵੱਲ ਹੁੰਦੀ ਹਿੰਸਾ ਵੀ ਸ਼ਾਂਤ ਹੋਣ ਦੀ ਸੰਭਾਵਨਾ ਬਣ ਸਕਦੀ ਹੈ।



# ਗਹਿਰੇ ਪ੍ਰਭਾਵ ਛੱਡ ਗਈ ਤਿੰਨ ਦਿਨਾਂ ਦੀ ਭਾਰਤ-ਪਾਕਿ ਜੰਗ

***ਫੌਜੀ ਮਾਮਲਿਆਂ ਵਿੱਚ ਭਾਰਤ ਭਾਰੂ ਰਿਹਾ ਅਤੇ ਕੌਮਾਂਤਰੀ ਕੂਟਨੀਤੀ ਵਿੱਚ ਪਾਕਿਸਤਾਨ**

**ਜਸਵੀਰ ਸਿੰਘ ਮਾਂਗਟ**

ਭਾਰਤ ਅਤੇ ਪਾਕਿਸਤਾਨ ਵਿਚਕਾਰ ਤਿੰਨ ਦਿਨ ਚੱਲੀ ਜੰਗ ਨੇ ਨਾ ਸਿਰਫ ਏਸ਼ੀਆ ਦੇ ਮੁਲਕਾਂ ਦੇ ਰਵਾਇਤੀ ਸਿਆਸੀ ਸਮੀਕਰਨਾਂ ਨੂੰ ਇੱਕ ਜ਼ਬਰਦਸਤ ਝੰਜੋੜਾ ਦੇ ਦਿੱਤਾ ਹੈ, ਸਗੋਂ ਤਕਰੀਬਨ ਪੂਰੀ ਦੁਨੀਆਂ ਦੇ ਸਿਆਸੀ ਚਿੰਤਨ ਨੂੰ ਵੀ ਹਲੂਣ ਕੇ ਰੱਖ ਦਿੱਤਾ ਹੈ। ਇਸ ਛੋਟੀ ਜਿਹੀ ਜੰਗ ਨੇ ਪੱਛਮੀ ਜੰਗੀ ਤਕਨੌਲੋਜੀ ਬਾਰੇ ਬਣੀਆਂ ਬਹੁਤ ਸਾਰੀਆਂ ਮਿੱਥਾਂ ਤੋੜ ਦਿੱਤੀਆਂ ਹਨ। ਜੰਗੀ ਬਵਾਲ ਤੋਂ ਬਾਅਦ ਨਿੱਤਰ ਕੇ ਸਾਹਮਣੇ ਆਈਆਂ ਰਿਪੋਰਟਾਂ ਅਨੁਸਾਰ ਭਾਵੇਂ ਫੌਜੀ, ਹਵਾਈ ਮਿਜ਼ਾਈਲ ਨਿਸ਼ਾਨਿਆਂ ਨੂੰ ਵਿੰਨ੍ਹਣ ਦੇ ਮਾਮਲੇ ਵਿੱਚ ਭਾਰਤ ਦਾ ਹੱਥ ਉੱਪਰ ਰਿਹਾ, ਪਰ ਪਾਕਿਸਤਾਨ ਠੰਡੇ ਪੈ ਗਏ ਕਸ਼ਮੀਰ ਮਾਮਲੇ ਦਾ ਇੱਕ ਵਾਰ ਫਿਰ ਕੌਮਾਂਤਰੀਕਰਨ ਕਰਨ 'ਚ ਕਾਮਯਾਬ ਰਿਹਾ। ਇਸ ਦੇ ਉਲਟ ਭਾਰਤ ਕਸ਼ਮੀਰ ਮਾਮਲੇ ਨੂੰ ਦੁਵੱਲੇ ਸੰਬੰਧਾਂ ਤੱਕ ਸੀਮਤ ਕਰਨ ਦਾ ਅਸਫਲ ਯਤਨ ਕਰਦਾ ਰਿਹਾ। ਪਾਕਿਸਤਾਨ ਨੇ ਜੰਗ ਰੁਕਵਾਉਣ ਲਈ ਅਮਰੀਕਾ ਦਾ ਧੰਨਵਾਦ ਕੀਤਾ, ਜਦੋਂਕਿ ਭਾਰਤ ਦਾ ਦਾਅਵਾ ਸੀ ਕਿ ਦੋਨੋ ਮੁਲਕਾਂ ਦੇ ਫੌਜੀ ਡਾਇਰੈਕਟਰ ਜਨਰਲਾਂ ਵਿਚਕਾਰ ਹੋਈ ਗੁਫਤਗੂ ਤੋਂ ਬਾਅਦ ਇਹ ਜੰਗਬੰਦੀ ਹੋਈ ਅਤੇ ਇਸ ਜੰਗ ਨੂੰ ਬੰਦ ਕਰਨ ਦੀ ਅਪੀਲ ਵੀ ਪਾਕਿ ਪੱਖ ਵੱਲੋਂ ਕੀਤੀ ਗਈ।

ਇਸ ਦੁਵੱਲੀ ਜੰਗ ਵਿੱਚ ਭਾਰਤ ਦੀ ਵਿਦੇਸ਼ ਨੀਤੀ ਨੂੰ ਪਹੁੰਚੇ ਹਰਜੇ ਦਾ ਹੀ ਸਿੱਟਾ ਹੈ ਕਿ ਭਾਰਤ ਵੱਲੋਂ ਇੱਕ ਸਰਬ ਪਾਰਟੀ ਵਫਦ ਵਿਦੇਸ਼ਾਂ ਵਿੱਚ ਭਾਰਤ ਦਾ ਕੌਮਾਂਤਰੀ ਪੱਖ ਰੱਖਣ ਲਈ ਭੇਜਿਆ ਜਾ ਰਿਹਾ ਹੈ। ਕਾਂਗਰਸੀ ਆਗੂ ਸ਼ਸ਼ੀ ਥਰੂਰ ਨੂੰ ਕਾਂਗਰਸ ਪਾਰਟੀ ਦੀ ਲੀਡਰਸ਼ਿੱਪ ਦੀ ਸਹਿਮਤੀ ਤੋਂ ਬਿਨਾ ਇਸ ਵਫਦ ਵਿੱਚ ਸ਼ਾਮਲ ਕਰਨ ਕਾਰਨ ਦੋਹਾਂ ਪਾਰਟੀਆਂ ਵਿੱਚ ਇੱਕ ਕਸ਼ਮਕਸ਼ ਵੀ ਚੱਲ ਪਈ ਹੈ। ਸ਼ਸ਼ੀ ਥਰੂਰ ਅਮਰੀਕਾ ਜਾਣ ਵਾਲੇ ਵਫਦ ਦੀ ਅਗਵਾਈ ਕਰ ਸਕਦੇ ਹਨ। ਸ਼ਸ਼ੀ ਥਰੂਰ ਨੇ ਸਰਕਾਰ ਦੀ ਇਹ ਪੇਸ਼ਕਸ਼ ਸਵੀਕਾਰ ਵੀ ਕਰ ਲਈ ਹੈ। ਇਸ ਤੋਂ ਬਿਨਾ ਡੀ.ਐਮ.ਕੇ. ਦੇ ਕੰਨੀ ਮੋੜੀ, ਭਾਜਪਾ ਦੇ ਰਵੀਸ਼ੰਕਰ ਪ੍ਰਸਾਦ ਅਤੇ ਬੈਜਯੰਤ ਪਾਂਡਾ, ਜੇ.ਡੀ.ਯੂ. ਦੇ ਸੰਜੈ ਕੁਮਾਰ ਝਾਅ, ਐਨ.ਸੀ.ਪੀ. ਦੇ ਸੁਪਰੀਆ ਸੂਲੇ ਅਤੇ ਸ਼ਿਵ ਸੈਨਾ ਦੇ ਸ੍ਰੀਕਾਂਤ ਸ਼ਿੰਦੇ ਵੱਲੋਂ ਵੀ ਵੱਖੋ-ਵੱਖਰੇ ਦੇਸ਼ਾਂ ਲਈ ਜਾਣ ਵਾਲੇ ਸਰਬ ਪਾਰਟੀ ਵਫਦਾਂ ਦੀ ਅਗਵਾਈ ਕੀਤੇ ਜਾਣ ਦੀ ਸੰਭਾਵਨਾ ਹੈ। ਉਧਰ ਪਾਕਿਸਤਾਨ ਨੇ ਵੀ ਆਪਣੇ ਇੱਕ ਵਿਰੋਧੀ ਧਿਰ ਦੇ ਆਗੂ ਬਿਲਾਵਲ ਭੁੱਟੋ ਜਰਦਾਰੀ ਦੀ ਅਗਵਾਈ ਵਿੱਚ ਪ੍ਰਮੁੱਖ ਮੁਲਕਾਂ ਦੇ ਨੁਮਾਇੰਦਿਆਂ ਕੋਲ ਆਪਣਾ ਵਫਦ ਭੇਜਣ ਦਾ ਫੈਸਲਾ ਕੀਤਾ ਹੈ।

ਇਸ ਜੰਗ ਨਾਲ ਪੱਛਮੀ ਮੁਲਕਾਂ, ਖ਼ਾਸ ਕਰਕੇ ਅਮਰੀਕਾ, ਯੂਰਪੀਅਨ ਯੂਨੀਅਨ ਅਤੇ ਸੰਯੁਕਤ ਰਾਸ਼ਟਰ ਜਿਹੀਆਂ ਸੰਸਥਾਵਾਂ ਨੂੰ ਵੀ ਮਾਮਲੇ ਵਿੱਚ ਦਖਲ ਦੇਣ ਦਾ ਮੌਕਾ ਮਿਲ ਗਿਆ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦੋਹਾਂ ਮੁਲਕਾਂ ਵਿਚਕਾਰ ਹੋਈ ਜੰਗਬੰਦੀ ਦਾ ਸਿਹਰਾ ਆਪਣੇ ਸਿਰ ਸਜਾਉਣ ਦਾ ਸਿਰ ਤੋੜ ਯਤਨ ਕੀਤਾ; ਪਰ ਕੁਝ ਹੀ ਦਿਨਾਂ ਬਾਅਦ ਆਪਣੇ ਇੱਕ ਹੋਰ ਬਿਆਨ ਵਿੱਚ ਡੋਨਾਲਡ ਟਰੰਪ ਨੇ ਕਿਹਾ ਕਿ ਉਨ੍ਹਾਂ ਨੇ ਦੋਨੋ ਮੁਲਕਾਂ ਦੇ ਆਗੂਆਂ ਨੂੰ ਕਿਹਾ ਸੀ ਕਿ ਜੇ ਉਹ ਜੰਗ ਜਾਰੀ ਰੱਖਣਗੇ ਤਾਂ ਉਨ੍ਹਾਂ ਨਾਲ ਅਮਰੀਕਾ ਵਪਾਰ (ਟਰੇਡ) ਨਹੀਂ ਕਰੇਗਾ। ਇੰਝ ਟਰੇਡ ਦੇ ਲਾਲਚ ਵਿੱਚ ਇਹ ਦੋਨੋਂ ਮੁਲਕ ਜੰਗਬੰਦੀ ਕਰਨ ਲਈ ਮੰਨ ਗਏ। ਅਮਰੀਕੀ ਰਾਸ਼ਟਰਪਤੀ ਦਾ ਇਹ ਵੀ ਆਖਣਾ ਹੈ ਕਿ ਦੋਹਾਂ ਮੁਲਕਾਂ ਵਿਚਕਾਰ ਪ੍ਰਮਾਣੂ ਕਲੇਸ਼ ਸੰਭਵ ਸੀ, ਇਸ ਲਈ ਅਮਰੀਕਾ ਵੱਲੋਂ ਇਸ ਜੰਗ ਨੂੰ ਰੁਕਵਾਉਣ ਲਈ ਤੇਜ਼ੀ ਨਾਲ ਯਤਨ ਕੀਤੇ ਗਏ। ਟਰੰਪ ਨੇ ਕਸ਼ਮੀਰ ਮਸਲੇ ਨੂੰ ਸੁਲਝਾਉਣ ਲਈ ਦੋਹਾਂ ਮੁਲਕਾਂ ਵਿਚਕਾਰ ਵਿਚੋਲਗੀ ਕਰਨ ਦੀ ਗੱਲ ਵੀ ਕਹੀ।



ਯਾਦ ਰਹੇ, ਪਹਿਲਗਾਮ ਅਤਿਵਾਦੀ ਹਮਲੇ ਤੋਂ ਬਾਅਦ ਕਾਂਗਰਸ ਪਾਰਟੀ ਸਮੇਤ ਸਾਰੀਆਂ ਵਿਰੋਧੀ ਪਾਰਟੀਆਂ ਨੇ ਭਾਵੇਂ ਪਾਕਿਸਤਾਨ ਵਿਰੁਧ ਕਾਰਵਾਈ ਲਈ ਕੇਂਦਰ ਸਰਕਾਰ ਨੂੰ ਸਹਿਮਤੀ ਦਿੱਤੀ ਸੀ, ਪਰ ਕਾਂਗਰਸ ਨੇ ਇਸ ਦੌਰਾਨ ਸੱਤਾਵਾਨ ਪਾਰਟੀ ਵੱਲੋਂ ਕੀਤੀਆਂ ਗਈਆਂ ਗੰਭੀਰ ਗਲਤੀਆਂ 'ਤੇ ਉਂਗਲ ਵੀ ਧਰੀ ਸੀ। ਕਾਂਗਰਸ ਪਾਰਟੀ ਦੇ ਆਗੂ ਮਲਿਕਾਰਜੁਨ ਖੜਗੇ ਨੇ ਆਪਣੇ ਇੱਕ ਬਿਆਨ ਵਿੱਚ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਭਾਰਤ ਸਰਕਾਰ ਇੱਕ ਵਾਰ ਫਿਰ ਕਸ਼ਮੀਰ ਮਸਲੇ ਨੂੰ ਕੌਮਾਂਤਰੀ ਪਿੜ ਵਿੱਚ ਲੈ ਗਈ ਹੈ। ਕਾਂਗਰਸ ਪਾਰਟੀ ਨੇ ਇਸ ਮਸਲੇ ਨੂੰ ਲੈ ਕੇ ਪਾਰਲੀਮੈਂਟ ਦਾ ਵਿਸ਼ੇਸ਼ ਸੈਸ਼ਨ ਬੁਲਾਉਣ ਦੀ ਵੀ ਮੰਗ ਕੀਤੀ ਹੈ।

ਦੋਹਾਂ ਮੁਲਕਾਂ ਵਿਚਕਾਰ ਹੋਈਆਂ ਇਨ੍ਹਾਂ ਝੜਪਾਂ ਨੇ ਇਹ ਵੀ ਦਰਸਾਇਆ ਹੈ ਕਿ ਆਪਣੀ ਆਰਥਿਕ ਮਜ਼ਬੂਤੀ ਦੇ ਨਾਲ-ਨਾਲ ਚੀਨ ਵਿਗਿਆਨਕ ਅਤੇ ਫੌਜੀ ਤਕਨੀਕਾਂ ਵਿੱਚ ਵੀ ਅਮਰੀਕਾ ਅਤੇ ਹੋਰ ਪੱਛਮੀ ਤਾਕਤਾਂ ਨੂੰ ਮੋਢਾ ਮਾਰਨ ਲੱਗਾ ਹੈ। ਇਸ ਨਾਲ ਆਉਣ ਵਾਲੇ ਸਮੇਂ ਵਿੱਚ ਏਸ਼ੀਆ ਤੋਂ ਇਲਾਵਾ ਦੁਨੀਆਂ ਭਰ ਵਿੱਚ ਸਿਆਸੀ, ਰਣਨੀਤਿਕ ਅਤੇ ਫੌਜੀ ਪਾਲਬੰਦੀ ਦੇ ਨਵੇਂ ਸਮੀਕਰਨ ਉਭਰਨਗੇ। ਕੌਮਾਂਤਰੀ ਫੌਜੀ ਮਾਹਿਰਾਂ ਅਨੁਸਾਰ ਭਾਵੇਂ ਫੌਜੀ ਟਿਕਾਣਿਆਂ, ਤਕਨੀਕ ਅਤੇ ਸਾਜ਼ੋ-ਸਮਾਨ ਦੇ ਹਿਸਾਬ ਨਾਲ ਅਮਰੀਕਾ ਹਾਲੇ ਵੀ ਇੱਕ ਵਿਸ਼ਵ ਸ਼ਕਤੀ ਹੈ, ਪਰ ਚੀਨ ਉਸ ਦੇ ਮੁਕਾਬਲੇ ਇੱਕ ਵੱਡੀ ਤਾਕਤ ਬਣ ਕੇ ਤੇਜ਼ੀ ਨਾਲ ਉਭਰ ਰਿਹਾ। ਚੀਨ ਦੇ ਇਸ ਤੇਜ਼ ਉਭਾਰ ਨੂੰ ਬਹੁਤੇ ਖੱਬੇ-ਪੱਖੀ ਚਿੰਤਕ ਚੀਨੀ ਕਮਿਊਨਿਸਟ ਪਾਰਟੀ ਦੀ ਅਗਵਾਈ ਨਾਲ ਜੋੜ ਕੇ ਵੇਖਦੇ ਹਨ। ਪਰ ਇਹ ਵੀ ਨਹੀਂ ਭੁੱਲਣਾ ਚਾਹੀਦਾ ਕਿ ਚੀਨੀ ਸਭਿਆਚਾਰਕ ਵਿਰਾਸਤ ਵੀ ਨਿਰੇ ਆਦਰਸ਼ਵਾਦ ਨਾਲੋਂ ਪ੍ਰੈਗਮੈਟਿਕ ਆਦਰਸ਼ਵਾਦ 'ਤੇ ਜ਼ੋਰ ਦਿੰਦੀ ਹੈ। ਚੀਨੀ ਕਮਿਊਨਿਸਟ ਪਾਰਟੀ ਆਪਣੇ ਸਭਿਆਚਾਰ ਅਤੇ ਇਤਿਹਾਸ ਵਿੱਚ ਭਿੱਜੀ ਹੋਈ ਸਿਆਸੀ ਸੰਸਥਾ ਹੈ।

ਭਾਰਤ-ਪਾਕਿ ਝੜਪਾਂ ਦੌਰਾਨ ਦੋਹਾਂ ਪਾਸੇ ਜਾਨ-ਮਾਲ ਦਾ ਨੁਕਸਾਨ ਹੋਇਆ। ਜ਼ਿਆਦਾ ਨੁਕਸਾਨ ਜੰਮੂ ਕਸ਼ਮੀਰ ਵਾਲੀ ਸਰਹੱਦ ਦੇ ਆਰ-ਪਾਰ ਹੋਇਆ। ਭਾਰਤੀ ਫੌਜੀ ਅਫਸਰਾਂ ਵੱਲੋਂ ਬਾਅਦ ਵਿੱਚ ਕੀਤੀ ਗਈ ਬਰੀਫਿੰਗ ਵਿੱਚ ਦੱਸਿਆ ਗਿਆ ਪਹਿਲੇ ਹਵਾਈ ਹਮਲਿਆਂ ਵਿੱਚ ਹੀ ਭਾਰਤੀ ਹਵਾਈ ਸੈਨਾ ਨੇ 100 ਅਤਿਵਾਦੀ ਮਾਰ ਮੁਕਾਏ। ਦੂਜੇ ਪਾਸੇ ਪਾਕਿਸਤਾਨ ਨੇ ਇਸ ਪਹਿਲੀ ਝੱਟ ਵਿੱਚ ਹੀ ਭਾਰਤ ਦੇ 5 ਲੜਾਕੂ ਹਵਾਈ ਜਹਾਜ਼ ਗਿਰਾ ਲੈਣ ਦਾ ਦਾਅਵਾ ਕੀਤਾ, ਜਿਨ੍ਹਾਂ ਵਿੱਚ ਤਿੰਨ ਫਰਾਂਸ ਦੇ ਬਣੇ ਲੜਾਕੂ ਹਵਾਈ ਜਹਾਜ਼ 'ਰਾਫੇਲ' ਦੱਸਿਆ ਗਿਆ ਹੈ। ਜਦਕਿ ਭਾਰਤ ਵੱਲੋਂ ਇਸ ਬਾਰੇ ਕੋਈ ਅਧਿਕਾਰਿਕ ਜਾਣਕਾਰੀ ਨਹੀਂ ਦਿੱਤੀ ਗਈ। ਰਾਫੇਲ ਜਹਾਜ਼ਾਂ ਦੇ ਫੁੰਡੇ ਜਾਣ ਦੀ ਖ਼ਬਰ ਆਉਣ ਨਾਲ ਇਸ ਨੂੰ ਬਣਾਉਣ ਵਾਲੀ ਕੰਪਨੀ ਦੇ ਸ਼ੇਅਰ ਇਕਦਮ ਡਿੱਗ ਗਏ, ਜਦਕਿ ਜੇ-10 ਹਵਾਈ ਜਹਾਜ ਬਣਾਉਣ ਵਾਲੀ ਚੀਨੀ ਕੰਪਨੀ ਦੇ ਸ਼ੇਅਰ ਇਕਦਮ ਚੜ੍ਹਨ ਲੱਗੇ।

ਮਿਲਟਰੀ ਤਕਨੀਕ, ਸਮਰੱਥਾ ਅਤੇ ਨਿਸ਼ਾਨੇ 'ਤੇ ਮਾਰਨ ਦੀ ਤਾਕਤ ਦੇ ਹਿਸਾਬ ਨਾਲ ਭਾਰਤੀ ਫੌਜੀ ਦਸਤੇ ਪਾਕਿਸਤਾਨ ਨਾਲੋਂ ਕਿਤੇ ਬੇਹਤਰ ਨਜ਼ਰ ਆਏ; ਪਰ ਤੁਰਕੀ, ਚੀਨ ਅਤੇ ਅਜ਼ਰਾਬਾਈਜਾਨ ਜਿਹੇ ਮੁਲਕਾਂ ਦੀ ਇੱਕ ਪਾਸੜ ਹਮਾਇਤ ਨੇ ਪਾਕਿਸਤਾਨੀ ਫੌਜੀ ਸ਼ਕਤੀ ਨੂੰ ਵੱਡੀ ਢਾਰਸ ਬਖ਼ਸ਼ੀ। ਭਾਰਤੀ ਫੌਜੀ ਦਸਤਿਆਂ ਦੀ ਹਲਚਲ ਨੂੰ ਨੋਟ ਕਰਨ ਦੇ ਮਾਮਲੇ ਵਿੱਚ ਚੀਨ ਦੀ ਬੇਹਤਰ ਸੈਟੇਲਾਈਟ ਪ੍ਰਣਾਲੀ ਅਤੇ ਸੁਧਰੇ ਹੋਏ ਰਾਡਾਰ ਸਿਸਟਮ ਨੇ ਪਹਿਲਗਾਮ ਹਮਲੇ ਤੋਂ ਬਾਅਦ ਪਾਕਿਸਤਾਨੀ ਜ਼ਮੀਨੀ ਅਤੇ ਹਵਾਈ ਫੌਜ ਨੂੰ ਪੱਬਾਂ ਭਾਰ ਕਰੀ ਰੱਖਿਆ। ਇਸ ਤਿਆਰੀ ਕਾਰਨ ਹੀ ਪਾਕਿਸਤਾਨ ਭਾਰਤੀ ਹਵਾਈ ਫੌਜ ਦੇ ਕੁਝ ਜਹਾਜ਼ਾਂ ਨੂੰ ਗਿਰਾਉਣ ਵਿੱਚ ਕਾਮਯਾਬ ਹੋਇਆ ਦੱਸਿਆ ਜਾਂਦਾ ਹੈ। ਪਾਕਿਸਤਾਨ ਵੱਲੋਂ ਤੁਰਕੀ ਦੀਆਂ ਬਣੀਆਂ ਡਰੋਨਾ, ਰਾਕਟਾਂ ਅਤੇ ਤੋਪਾਂ ਵਗੈਰਾ ਦਾ ਆਸਰਾ ਲਿਆ ਗਿਆ। ਭਾਰਤ ਨੇ ਪਹਿਲੇ ਮਿਜ਼ਾਈਲ ਹਮਲਿਆਂ ਵਿੱਚ ਲਸ਼ਕਰ-ਏ-ਤੋਇਬਾ ਦੇ ਆਗੂ ਮਸੂਦ ਅਜ਼ਹਰ ਦਾ ਟਿਕਾਣਾ ਵੀ ਸੀ।

ਭਾਰਤ-ਪਾਕਿਸਤਾਨ ਵਿਚਕਾਰ ਜੰਗੀ ਝੜਪਾਂ ਦਾ ਨਿਰਪੱਖ ਸੱਚ ਅਮਰੀਕੀ ਅਖ਼ਬਾਰ ਨਿਊ ਯਾਰਕ ਟਾਈਮਜ਼ ਵੱਲੋਂ ਸੈਟੇਲਾਈਟ ਤਸਵੀਰਾਂ ਸਮੇਤ ਛਪੀ ਰਿਪੋਰਟ ਨਾਲ ਸਾਹਮਣੇ ਆਇਆ। ਇਸ ਰਿਪੋਰਟ ਨੇ ਇਹ ਦਰਸਾਇਆ ਕਿ ਤਿੰਨ ਦਿਨ ਚੱਲੀ ਜੰਗ ਵਿੱਚ ਸਮੁੱਚੇ ਤੌਰ 'ਤੇ ਭਾਰਤ ਦਾ ਹੱਥ ਉੱਪਰ ਰਿਹਾ। ਭਾਰਤ ਵੱਲੋਂ ਪਾਕਿਸਤਾਨ ਦੀਆਂ ਕੁਝ ਹਵਾਈ ਪੱਟੀਆਂ ਦਾ ਨੁਕਸਾਨ ਵੀ ਨਿਊ ਯਾਰਕ ਟਾਈਮਜ਼ ਵੱਲੋਂ ਛਾਪੀ ਗਈ ਰਿਪੋਰਟ ਵਿੱਚ ਵਿਖਾਈ ਦਿੰਦਾ ਸੀ। ਇਨ੍ਹਾਂ ਹਮਲਿਆਂ ਤੋਂ ਬਾਅਦ ਭਾਰਤ ਦੇ ਫੌਜੀ ਅਧਿਕਾਰੀਆਂ ਅਤੇ ਰੱਖਿਆ ਵਿਭਾਗ ਦੇ ਮੁੱਖ ਸਕੱਤਰ ਵਿਕਰਮ ਮਿਸਰੀ ਵੱਲੋਂ ਕਿਹਾ ਗਿਆ ਕਿ ਭਾਰਤ ਵੱਲੋਂ ਪਾਕਿਸਤਾਨ ਦੇ ਮਿਲਟਰੀ ਟਿਕਾਣਿਆਂ ਦੀ ਥਾਂ ਅਤਿਵਾਦੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ, ਇਸ ਲਈ ਇਹ ਗੈਰ-ਭੜਕਾਊ (ਨੌਨ ਐਸਕੇਲੇਟਰੀ) ਕਾਰਵਾਈ ਹੈ; ਜਦਕਿ ਪਾਕਿਸਤਾਨ ਵੱਲੋਂ ਇਸ ਨੂੰ ਪਾਕਿਸਤਾਨ ਦੀ ਪ੍ਰਭੂਸੱਤਾ ਦੀ ਉਲੰਘਣਾ ਕਰਾਰ ਦਿੱਤਾ ਗਿਆ।


Prepare for Tomorrow Now With Comprehensive Retirement Planning

■Annuities ■Life Insurance ■Long-Term Care
■Medicare Planning ■Disability Income



Call Gurpreet Singh
Retirement and Insurance Advisor
Cell: 630-677-6144
Email: Preetisingh@ffig.com


FUTURITY FIRST
Retirement | Life | Health

Futurity First Insurance Group



Atlantis Banquets
1273 North Rand Road, Arlington Heights, IL 60004
Ph: 847-259-0013
Cell: 773-225-4123 / 847-708-4997
atlantisbanquetsrr@gmil.com atlantisbanquet.com

Under New Management With New Glance of Experience.






ATLANTIS ATLANTIS ATLANTIS BANQUETS

*Features*
Luxurious Decor and Ambience
Customize Catering Menu
Spacious Dance Floor
Bridal Suite

Celebrate Your Dream Wedding With Us Elegance and Sophistication at Atlantis Banquets.

√ Wedding √ Bitrthdays √ Aameen
√ Mehandi √ Sweet 16 √ Aqeeqa
√ Sangeet √ Graduation √ Corporate
√ Anniversary √ Baby Shower

'ਅਟਲਾਂਟਿਸ ਬੈਂਕੁਇਟਸ' ਵਿਚ ਆਪਣੇ ਸੁਪਨਿਆਂ ਦੇ ਵਿਆਹ ਦੇ ਜਸ਼ਨ ਮਨਾਓ

# ਪੱਤਰਕਾਰੀ ਤੋਂ ਜਨੂੰਨਪੁਣੇ ਤੱਕ: ਮੀਡੀਆ ਹੀ ਸੱਚ ਤੋਂ ਮੁਨਕਰ !

**ਸ਼ਾਹਜ਼ੇਬ ਅਹਿਮਦ**

ਇੰਝ ਨਹੀਂ ਜਾਪਦਾ ਕਿ ਭਾਰਤੀ ਮੀਡੀਆ ਸੱਚ ਨੂੰ ਮਾਰ ਕੇ ਖੁਸ਼ ਹੁੰਦਾ ਹੈ! ਪਿਛਲੇ ਕੁਝ ਦਿਨਾਂ ਤੋਂ ਸੋਸ਼ਲ ਮੀਡੀਆ 'ਤੇ ਜੰਗ ਸਬੰਧੀ ਟ੍ਰੋਲਾਂ ਅਤੇ ਪਾਗਲ ਨਿਊਜ਼ ਐਂਕਰਾਂ ਨੇ ਸੱਚਾਈ ਨੂੰ ਕੁਚਲਣ ਅਤੇ ਦਰੜਨ ਦੀ ਪੂਰੀ ਕੋਸ਼ਿਸ਼ ਕੀਤੀ ਹੈ। 'ਜੰਗ ਵਿੱਚ ਪਹਿਲੀ ਮਾਰ ਸੱਚਾਈ ਨੂੰ ਪੈਂਦੀ ਹੈ।' ਜਦੋਂ ਯੂਨਾਨੀ ਨਾਟਕਕਾਰ ਏਸਚਿਲਸ (525/524 ਈਸਾ ਪੂਰਵ - 456/455 ਈਸਾ ਪੂਰਵ) ਨੇ ਇਹ ਵਾਕੰਸ਼ ਘੜਿਆ, ਤਾਂ ਉਹ ਸ਼ਾਇਦ ਰਾਜਾਂ ਦੁਆਰਾ ਪੋਥੀਆਂ ਅਤੇ ਮੂੰਹ-ਜ਼ਬਾਨੀ ਪ੍ਰਚਾਰ ਰਾਹੀਂ ਫੈਲਾਏ ਗਏ ਪ੍ਰਚਾਰ ਦਾ ਹਵਾਲਾ ਦੇ ਰਿਹਾ ਸੀ। ਇਹ ਐਨਾ ਸੌਖਾ ਨਹੀਂ ਸੀ ਕਿ ਰਾਜ ਝੂਠ ਤੋਂ ਬਚ ਸਕਦੇ ਸਨ! ਪਿਛਲੇ ਦਿਨਾਂ ਦੌਰਾਨ ਭਾਰਤ-ਪਾਕਿਸਤਾਨ ਵਿੱਚ ਕਸ਼ੀਦਗੀ ਦੇ ਚੱਲਦਿਆਂ ਭਾਰਤੀ ਸੂਚਨਾ ਪ੍ਰਣਾਲੀ ਤੋਂ ਜਿਸ ਤਰ੍ਹਾਂ ਦੀ ਗਲਤ ਜਾਣਕਾਰੀ ਨਿਕਲੀ ਹੈ, ਉਹ ਖਾਸ ਤੌਰ 'ਤੇ ਹੈਰਾਨ ਕਰਨ ਵਾਲੀ ਰਹੀ ਹੈ- ਅਵਿਸ਼ਵਾਸੀ ਤੋਂ ਲੈ ਕੇ ਪਾਗਲਪਨ ਤੱਕ। ਇਸ ਸੰਦਰਭ ਵਿੱਚ ਉਹ ਗੱਲਾਂ ਹਨ ਜੋ ਭਾਰਤੀ ਮੀਡੀਆ ਲੋਕਾਂ ਨੂੰ ਯਕੀਨ ਦਿਵਾਉਣਾ ਚਾਹੁੰਦਾ ਸੀ ਕਿ ਜੰਗ ਦੇ ਮਾਹੌਲ ਦੌਰਾਨ ਪਾਕਿਸਤਾਨ ਵਿੱਚ ਕੀ ਹੋ ਰਿਹਾ ਸੀ! ਜਿਵੇਂ:

- ਕਰਾਚੀ ਬੰਦਰਗਾਹ ਨੂੰ ਭਾਰਤੀ ਜਲ ਸੈਨਾ ਨੇ ਤਬਾਹ ਕਰ ਦਿੱਤਾ ਸੀ (ਅਸੀਂ ਜਾਣਦੇ ਹਾਂ ਕਿ ਇਹ ਤਬਾਹ ਨਹੀਂ ਹੋਇਆ ਸੀ।)
- ਫੌਜ ਮੁਖੀ ਜਨਰਲ ਅਸੀਮ ਮੁਨੀਰ ਨੂੰ ਇੱਕ ਤਖ਼ਤਾਪਲਟ ਤੋਂ ਬਾਅਦ ਗ੍ਰਿਫਤਾਰ ਕੀਤਾ ਗਿਆ ਸੀ (ਪਾਕਿਸਤਾਨ ਵਿੱਚ ਕੋਈ ਵੀ ਇਸ ਬਾਰੇ ਨਹੀਂ ਜਾਣਦਾ, ਪਰ ਭਾਰਤੀ ਸੋਸ਼ਲ ਮੀਡੀਆ ਵਿੱਚ ਇਸ ਦਾ ਜ਼ਿਕਰ ਸੀ।)
- ਭਾਰਤੀ ਫੌਜ ਨੇ ਹਮਲਾ ਕਰਕੇ ਇਸਲਾਮਾਬਾਦ 'ਤੇ ਦਾਅਵਾ ਕੀਤਾ ਸੀ ਅਤੇ ਸ਼ਾਹਬਾਜ਼ ਸ਼ਰੀਫ ਨੂੰ ਇੱਕ ਸੁਰੱਖਿਅਤ ਘਰ ਵਿੱਚ ਤਬਦੀਲ ਕਰ ਦਿੱਤਾ ਗਿਆ ਸੀ (ਇਹ ਨਹੀਂ ਦੱਸਿਆ ਗਿਆ ਕਿ ਇਹ 'ਸੁਰੱਖਿਅਤ ਘਰ' ਕਿੱਥੇ ਹੈ?)
- ਇੱਕ F-16 ਜਾਂ JF-17 ਪਾਕਿਸਤਾਨੀ ਲੜਾਕੂ ਜਹਾਜ਼ ਨੂੰ ਡੇਗ ਦਿੱਤਾ ਗਿਆ ਸੀ (ਇਹ ਭਾਰਤੀਆਂ ਲਈ ਵੀ ਉਲਝਣ ਵਾਲਾ ਸੀ, ਕਿਉਂਕਿ ਉਹ ਇਹ ਫੈਸਲਾ ਨਹੀਂ ਕਰ ਸਕੇ ਸਨ ਕਿ ਉਹ ਕਿਸ ਨੂੰ ਡੇਗਣਾ ਚਾਹੁੰਦੇ ਹਨ।)
- ਲਾਹੌਰ 'ਤੇ ਭਾਰਤੀ ਫੌਜਾਂ ਨੇ ਕਬਜ਼ਾ ਕਰ ਲਿਆ ਸੀ (ਲਾਹੌਰ ਨਾਲ ਇਹ ਜਨੂੰਨ ਕੀ ਹੈ?)

ਜੇ ਇਹ ਸਾਰਾ ਘਟਨਾਕ੍ਰਮ ਇੰਨਾ ਉਦਾਸ ਕਰਨ ਵਾਲਾ ਨਾ ਹੁੰਦਾ ਤਾਂ ਇਹ ਲਗਭਗ ਹਾਸੋਹੀਣਾ ਤਾਂ ਜ਼ਰੂਰ ਹੀ ਹੁੰਦਾ। ਦੋਹਾਂ ਦੇਸ਼ਾਂ ਦੀਆਂ ਫੌਜਾਂ ਵੱਲੋਂ ਕੀਤੇ ਗਏ ਹਵਾਈ ਹਮਲੇ ਤੋਂ ਬਾਅਦ ਜਾਨੀ-ਮਾਲੀ ਨੁਕਸਾਨ ਦੀਆਂ ਖ਼ਬਰਾਂ ਹਨ, ਪਰ ਦੁੱਖ ਦੀ ਗੱਲ ਇਹ ਹੈ ਕਿ ਆਮ ਨਾਗਰਿਕਾਂ ਨੂੰ ਇਸ ਦੀ ਕੀਮਤ ਚੁਕਾਉਣੀ ਪੈਂਦੀ ਹੈ। ਭੜਕਾਊ ਮੀਡੀਆ ਨੇ ਜੰਗ ਦੇ ਢੋਲ ਵਜਾਉਣੇ ਜਾਰੀ ਰੱਖੇ ਅਤੇ ਭਾਜਪਾ ਸਰਕਾਰ ਦੇ ਬੇਬਾਕ ਬਿਆਨਾਂ ਦੀ ਪ੍ਰਸ਼ੰਸਾ ਕੀਤੀ। ਕੁਝ ਜਨੂੰਨੀ ਬਿਆਨਬਾਜ਼ ਤਾਂ 250 ਮਿਲੀਅਨ ਲੋਕਾਂ ਦੇ ਦੇਸ਼-ਪਾਕਿਸਤਾਨ ਦੇ ਪੂਰੀ ਤਰ੍ਹਾਂ ਵਿਨਾਸ਼ ਦਾ ਸੱਦਾ ਵੀ ਦੇ ਰਹੇ ਹਨ। ਕੋਈ ਸਿਰਫ਼ ਕਲਪਨਾ ਹੀ ਕਰ ਸਕਦਾ ਹੈ ਕਿ ਦੋ ਪ੍ਰਮਾਣੂ ਹਥਿਆਰਬੰਦ ਦੇਸ਼ਾਂ ਵਿਚਕਾਰ ਜੰਗ ਦਾ ਉਤਸ਼ਾਹ ਵਧਾਉਣ ਲਈ ਫਿਰਕੂਪ੍ਰਸਤ ਮੀਡੀਆ ਕਿੰਨੀ ਮੂਰਖਤਾ ਭਰੀ ਗੱਲ ਕਰ ਜਾਂਦਾ ਹੈ! ਫਿਰ ਵੀ, ਭਾਰਤੀ ਮੀਡੀਆ ਨੂੰ ਇਸ ਗੱਲ ਦੀ ਕੋਈ ਚਿੰਤਾ ਨਹੀਂ ਹੈ ਕਿ ਜੇਕਰ ਇਹ ਹੋਰ ਵਧਦਾ ਹੈ ਤਾਂ ਕੀ ਹੋਵੇਗਾ!

ਇੱਕ ਸਮਾਨੰਤਰ ਬ੍ਰਹਿਮੰਡ ਵਿੱਚ, ਜਿੱਥੇ ਜੰਗੀ ਭਾਵਨਾ ਦੇ ਬਾਵਜੂਦ ਜਿਨ੍ਹਾਂ ਨੇ ਸਮਝਦਾਰੀ ਨਹੀਂ ਗੁਆਈ ਅਤੇ ਜਿਨ੍ਹਾਂ ਐਂਕਰਾਂ ਨੇ ਜੰਗ ਦੇ ਨਾਅਰੇ ਨਹੀਂ ਮਾਰੇ, ਸਰਹੱਦ ਦੇ ਦੋਵੇਂ ਪਾਸੇ ਮੀਡੀਆ ਦੇ ਉਹ ਲੋਕ ਇੱਕ ਸੰਚਾਰ ਪੁਲ ਵਜੋਂ ਕੰਮ ਕਰਦੇ ਰਹਿਣਗੇ ਤੇ ਪਹਿਲਾਂ ਹੀ ਅਸਥਿਰ ਸਥਿਤੀ ਵਿੱਚ ਤਣਾਅ ਨੂੰ ਘਟਾਉਣ ਦੀ ਕੋਸ਼ਿਸ਼ ਜ਼ਰੂਰ ਕਰਨਗੇ। ਚੰਗੀ ਪੱਤਰਕਾਰੀ ਤੱਥਾਂ 'ਤੇ ਨਿਰਭਰ ਕਰਦੀ ਹੈ, ਕਲਪਨਾ 'ਤੇ ਨਹੀਂ। ਚੰਗੀ ਪੱਤਰਕਾਰੀ ਅਧਿਕਾਰੀਆਂ ਦੀਆਂ ਕਾਰਵਾਈਆਂ 'ਤੇ ਸਵਾਲ ਉਠਾਉਂਦੀ ਹੈ, ਇਸ ਦੀ ਬਜਾਏ ਕਿ ਉਨ੍ਹਾਂ ਨੂੰ ਹੋਰ ਹਿੰਸਾ ਕਰਨ ਲਈ ਉਕਸਾਵੇ। ਚੰਗੀ ਪੱਤਰਕਾਰੀ ਰਾਜ ਦੇ ਬਿਰਤਾਂਤ ਨੂੰ ਨਿਗਲਣ ਦੀ ਬਜਾਏ ਜਾਂਚ ਕਰਨ ਦੀ ਕੋਸ਼ਿਸ਼ ਕਰਦੀ ਹੈ। ਸਭ ਤੋਂ ਵੱਧ, ਚੰਗੀ ਪੱਤਰਕਾਰੀ ਲਈ ਸੱਚ ਬੋਲਣਾ ਅਤੇ ਦੂਜੀ ਧਿਰ ਦਾ ਪੱਖ ਲੈਣ ਦੀ ਕੋਸ਼ਿਸ਼ ਕਰਨਾ ਜ਼ਰੂਰੀ ਹੈ, ਖਾਸ ਕਰਕੇ ਟਕਰਾਅ ਦੇ ਸਮੇਂ ਜਿੱਥੇ ਛੋਟੀ ਤੋਂ ਛੋਟੀ ਗਲਤਫਹਿਮੀ ਲਈ ਵੀ ਵੱਡੀ ਕੀਮਤ ਚੁਕਾਉਣੀ ਪੈਂਦੀ ਹੈ। ਗਲਤ ਰਿਪੋਰਟਿੰਗ ਲੋਕਾਂ ਵਿੱਚ ਘਬਰਾਹਟ ਹੀ ਪੈਦਾ ਕਰਦੀ ਹੈ ਅਤੇ ਬੇਇਤਫਾਕੀ ਨੂੰ ਵਧਾਉਂਦੀ ਹੈ, ਜਿਸਦੇ ਨਤੀਜੇ ਹੋਰ ਵੀ ਗੰਭੀਰ ਹੋ ਸਕਦੇ ਹਨ। ਇਸ ਤੋਂ ਇਲਾਵਾ, ਆਪਣੇ ਲੋਕਾਂ ਨੂੰ ਢੁਕਵੀਂ ਜਾਣਕਾਰੀ ਦੇਣਾ ਵੀ ਉਨਾ ਹੀ ਮਹੱਤਵਪੂਰਨ ਹੈ ਤਾਂ ਜੋ ਉਹ ਆਪਣੀ ਸੁਰੱਖਿਆ ਲਈ ਫੈਸਲੇ ਲੈ ਸਕਣ।

ਜਰਮਨ-ਆਧਾਰਤ ਫ੍ਰੈਡਰਿਕ ਨੌਮੈਨ ਫਾਊਂਡੇਸ਼ਨ ਫਾਰ ਫ੍ਰੀਡਮ ਦੁਆਰਾ ਪ੍ਰਕਾਸ਼ਿਤ ਟਕਰਾਅ-ਸੰਵੇਦਨਸ਼ੀਲ ਰਿਪੋਰਟਿੰਗ 'ਤੇ ਹੈਂਡਬੁੱਕ ਦੇ ਅਨੁਸਾਰ, ਟਕਰਾਅ ਦੇ ਸਮੇਂ ਮੀਡੀਆ ਨੂੰ ਸਹਿਮਤੀ-ਨਿਰਮਾਣ, ਗਲਤ ਧਾਰਨਾਵਾਂ ਨੂੰ ਸੁਧਾਰਨ ਅਤੇ ਦੂਜੇ ਪੱਖ ਨੂੰ ਮਾਨਵੀਕਰਨ, ਹੋਰ ਕਾਰਜਾਂ ਦੇ ਨਾਲ-ਨਾਲ ਆਪਣੀ ਭੂਮਿਕਾ ਨਿਭਾਉਣੀ ਚਾਹੀਦੀ ਹੈ।

ਇਹ ਸੱਚ ਹੈ ਕਿ ਜੰਗ ਦੀ ਧੁੰਦ ਹਮੇਸ਼ਾ ਰਹੇਗੀ। ਭਰੋਸੇਯੋਗ, ਪ੍ਰਮਾਣਿਤ ਜਾਣਕਾਰੀ ਦੀ ਘਾਟ, ਗਲਤ ਜਾਣਕਾਰੀ ਦੇ ਨਾਲ ਮਿਲ ਕੇ ਟਕਰਾਅ ਦਾ ਕਾਰਨ ਬਣ ਜਾਂਦੇ ਹਨ। ਇਹ ਜਾਣਨਾ ਮੁਸ਼ਕਲ ਹੈ ਕਿ ਅਸਲ ਸਮੇਂ ਵਿੱਚ ਕੀ ਹੋ ਰਿਹਾ ਹੈ, ਤੇ ਇੱਥੋਂ ਤੱਕ ਕਿ ਲੰਬੇ ਸਮੇਂ ਬਾਅਦ ਵੀ! ਪਰ ਭਾਰਤ ਦਾ ਬਹੁਤਾ ਮੀਡੀਆ ਇਸ ਤੋਂ ਕਿਤੇ ਵਧ ਗਿਆ ਹੈ ਅਤੇ ਪੂਰੀ ਤਰ੍ਹਾਂ ਮਨਘੜਤ ਘਟਨਾਵਾਂ ਦੀ ਰਿਪੋਰਟਿੰਗ ਕਰ ਰਿਹਾ ਹੈ। ਭਾਰਤੀ ਮੀਡੀਆ ਦਾ ਇੱਕ ਹਿੱਸਾ ਤਾਂ ਕਦੇ ਵੀ ਸੱਚਾਈ ਪ੍ਰਤੀ ਆਪਣੇ ਝੁਕਾਅ ਲਈ ਜਾਣਿਆ ਨਹੀਂ ਗਿਆ। ਦਰਅਸਲ, ਇਸਦੇ ਬਿਲਕੁਲ ਉਲਟ 2016 ਵਿੱਚ ਈਯੂ ਡਿਸਇਨਫੋ ਲੈਬ ਦੀ ਸ਼ਾਨਦਾਰ ਰਿਪੋਰਟ, ਜਿਸਦਾ ਸਿਰਲੇਖ ਇੰਡੀਆ ਕ੍ਰੋਨਿਕਲਜ਼ ਸੀ, ਨੇ ਇੱਕ ਬਹੁਤ ਹੀ ਗੁੰਝਲਦਾਰ ਗਲਤ ਜਾਣਕਾਰੀ ਮੁਹਿੰਮ ਦਾ ਪਰਦਾਫਾਸ਼ ਕੀਤਾ, ਜਿਸ ਵਿੱਚ 'ਮੁਰਦਾ ਮੀਡੀਆ, ਮੁਰਦਾ ਥਿੰਕ-ਟੈਂਕ ਅਤੇ ਐਨ.ਜੀ.ਓ.' ਭਾਰਤੀ ਹਿੱਤਾਂ ਦੀ ਸੇਵਾ ਕਰਨ ਲਈ ਸ਼ਾਮਲ ਸਨ।

ਪਿਛਲੇ ਕੁਝ ਦਿਨਾਂ ਵਿੱਚ ਅਸੀਂ ਜੋ ਦੇਖਿਆ ਹੈ, ਉਹ ਇਤਿਹਾਸ ਦੀਆਂ ਕਿਤਾਬਾਂ ਲਈ ਇੱਕ ਹੈ। ਇਹ ਸਿਰਫ਼ ਸੋਸ਼ਲ ਮੀਡੀਆ 'ਤੇ ਸਵੈ-ਘੋਸ਼ਿਤ ਵਿਦਵਾਨ ਹੀ ਨਹੀਂ ਹਨ, ਜੋ ਰਾਜ ਦੇ ਬਿਰਤਾਂਤ ਨੂੰ ਵੇਚ ਰਹੇ ਹਨ ਅਤੇ ਸਰਹੱਦ ਦੇ ਪਾਰ ਵੱਸਦੇ ਲੋਕਾਂ ਨੂੰ ਅਮਾਨਵੀ ਬਣਾ ਰਹੇ ਹਨ; ਇਹ ਮੁੱਖ ਧਾਰਾ ਮੀਡੀਆ ਵੱਲੋਂ ਤੱਥਾਂ ਪ੍ਰਤੀ ਸਪੱਸ਼ਟ ਅਣਦੇਖੀ ਵੀ ਨਹੀਂ ਹੈ; ਸਭ ਤੋਂ ਅਵਿਸ਼ਵਾਸ਼ਯੋਗ ਗੱਲ ਇਹ ਹੈ ਕਿ ਬਹੁਤ ਸਾਰੀਆਂ ਪ੍ਰਗਤੀਸ਼ੀਲ ਆਵਾਜ਼ਾਂ ਜੰਗ ਅਤੇ ਬਦਲੇ ਦੇ ਨਾਅਰਿਆਂ ਨਾਲ ਭਰੀਆਂ ਉਹੀ ਝੂਠੀਆਂ ਗੱਲਾਂ ਨੂੰ ਅੱਗੇ ਵਧਾਉਣ ਲਈ ਬਹੁਤ ਉਤਸੁਕ ਜਾਪਦੀਆਂ ਸਨ।

ਇਹ ਸਭ ਕੁਝ ਸਵਾਲ ਖੜ੍ਹਾ ਕਰਦਾ ਹੈ ਕਿ ਕੀ ਇਹ ਸਭ ਰੇਟਿੰਗਾਂ ਬਾਰੇ ਸੀ? ਸ਼ਾਇਦ, ਪਰ ਇਹ ਜ਼ਿਆਦਾ ਸੰਭਾਵਨਾ ਹੈ ਕਿ ਇਹ ਆਪਣੇ ਦੇਸ਼ ਦੇ ਸਾਹਮਣੇ, ਭਾਵੇਂ ਕੁਝ ਸਮੇਂ ਲਈ ਹੋਵੇ, ਆਪਣੀ ਪਛਾਣ ਬਚਾਉਣ ਲਈ ਇੱਕ ਢਿੱਲੀ, ਘਬਰਾਹਟ ਵਾਲੀ ਕੋਸ਼ਿਸ਼ ਹੈ, ਜਦੋਂ ਕਿ ਅੰਤਰਰਾਸ਼ਟਰੀ ਪੱਧਰ 'ਤੇ ਆਈ.ਏ.ਐਫ. ਦੇ ਜਹਾਜ਼ਾਂ ਨੂੰ ਡੇਗੇ ਜਾਣ ਦੀ ਪੁਸ਼ਟੀ ਹੋ ਰਹੀ ਹੈ। ਆਖ਼ਿਰਕਾਰ, ਭਾਰਤ ਲਈ ਇੱਕੋ 'ਹੈਰਾਨੀਜਨਕ' ਕਾਰਵਾਈ ਵਿੱਚ ਕਈ ਜੈੱਟ, ਖਾਸ ਕਰਕੇ ਬਹੁਤ ਮਸ਼ਹੂਰ ਰਾਫੇਲ, ਜਿਸਦੀ ਖਰੀਦ ਭਾਰਤ ਵਿੱਚ ਭ੍ਰਿਸ਼ਟਾਚਾਰ ਦੇ ਘੁਟਾਲੇ ਦਾ ਕੇਂਦਰ ਸੀ, ਗੁਆਉਣਾ ਬਹੁਤ ਹੀ ਅਪਮਾਨਜਨਕ ਸੀ। ਇਤਫ਼ਾਕ ਨਾਲ ਮੀਡੀਆ ਵਿੱਚ ਹੰਗਾਮਾ ਅਮਰੀਕੀ ਅਧਿਕਾਰੀਆਂ ਵੱਲੋਂ ਰਾਇਟਰਜ਼ ਦੀ ਇੱਕ ਕਹਾਣੀ ਦੀ ਪੁਸ਼ਟੀ ਤੋਂ ਠੀਕ ਪਹਿਲਾਂ ਸ਼ੁਰੂ ਹੋ ਗਿਆ ਸੀ।


ਸ਼ਾਇਦ ਇਹ ਉਨ੍ਹਾਂ ਦੇ ਆਪਣੇ ਲੋਕਾਂ ਵਿਰੁੱਧ ਮਨੋਵਿਗਿਆਨਕ ਕਾਰਵਾਈਆਂ ਦਾ ਹਿੱਸਾ ਸੀ, ਤਾਂ ਜੋ ਇਸ ਸਮੇਂ ਲਈ ਇੱਕ ਜੇਤੂ ਭਾਰਤ ਦਾ ਪ੍ਰਭਾਵ ਬਣਾਇਆ ਜਾ ਸਕੇ। ਜਿਸ ਗੱਲ ਦੀ ਕਿਸੇ ਨੂੰ ਕੋਈ ਪਰਵਾਹ ਨਹੀਂ ਸੀ, ਉਹ ਸੀ ਜਨਤਾ ਵੱਲੋਂ ਸੰਭਾਵੀ ਪ੍ਰਤੀਕਿਰਿਆ, ਜੋ ਸੱਚਾਈ ਸਾਹਮਣੇ ਆਉਣ 'ਤੇ ਉਨ੍ਹਾਂ ਦਾ ਸਮਰਥਨ ਕਰ ਰਹੇ ਸਨ, ਜਾਂ ਅੰਤਰਰਾਸ਼ਟਰੀ ਨਿਰੀਖਕਾਂ ਦੀਆਂ ਨਜ਼ਰਾਂ ਵਿੱਚ ਭਾਰਤੀ ਮੀਡੀਆ ਦੀ ਭਰੋਸੇਯੋਗਤਾ ਅਤੇ ਨੈਤਿਕ ਜਾਇਜ਼ਤਾ ਵਿੱਚ ਆਈ ਕਮੀ।

ਅਜਿਹੀਆਂ ਰਿਪੋਰਟਾਂ ਹਨ ਕਿ ਭਾਰਤ ਸਰਕਾਰ ਨੇ ਦ ਵਾਇਰ 'ਤੇ ਪਾਬੰਦੀ ਲਗਾ ਦਿੱਤੀ ਹੈ, ਜੋ ਕਿ ਪ੍ਰਸਿੱਧ ਬਿਰਤਾਂਤ 'ਤੇ ਸਵਾਲ ਉਠਾਉਣ ਵਾਲੇ ਕੁਝ ਪ੍ਰਕਾਸ਼ਨਾਂ ਵਿੱਚੋਂ ਇੱਕ ਹੈ। ਹਾਂ-ਹਮਲਿਆਂ ਦੇ ਸਮੁੰਦਰ ਵਿੱਚ, ਦ ਵਾਇਰ ਵੱਖਰਾ ਦਿਖਾਈ ਦਿੱਤਾ- ਨਫ਼ਰਤ ਭਰੀ ਬਿਆਨਬਾਜ਼ੀ ਨੂੰ ਦੁਹਰਾਉਣ ਤੋਂ ਇਨਕਾਰ ਕਰਦਿਆਂ ਅਤੇ ਪੂਰੀ ਕਹਾਣੀ ਦੱਸਣ ਦੀ ਕੋਸ਼ਿਸ਼ ਕਰਦਿਆਂ। ਹੁਣ ਸਮਾਂ ਆ ਗਿਆ ਹੈ ਕਿ ਹੋਰ ਭਾਰਤੀ ਪੱਤਰਕਾਰ ਇਹ ਸਮਝਣ ਕਿ ਭਾਜਪਾ ਦਾ ਪ੍ਰਚਾਰ ਅੰਗ ਬਣਨਾ ਅਤੇ ਸਰਹੱਦ ਪਾਰ ਵਾਲਿਆਂ ਲਈ ਨਫ਼ਰਤ ਫੈਲਾਉਣਾ ਉਨ੍ਹਾਂ ਨੂੰ ਇੱਥੇ ਤੱਕ ਹੀ ਲੈ ਜਾਵੇਗਾ- ਭਰੋਸੇਯੋਗਤਾ ਅਤੇ ਸੱਚ ਬੋਲਣ ਦੀ ਹਿੰਮਤ ਤੋਂ ਬਿਨਾ; ਨਹੀਂ ਤਾਂ ਇੱਕ ਪੱਤਰਕਾਰ ਸਿਰਫ਼ ਇੱਕ ਕਲਮ-ਧੋਖਾ ਬਣ ਕੇ ਰਹਿ ਜਾਵੇਗਾ।

**-ਡਰੋਨ ਬਨਾਮ ਆਲੂ-ਪਿਆਜ-**

## ਧੰਦਾ ਹੀ ਸਭ ਤੋਂ ਵੱਡਾ ਡੰਡਾ

ਹਿੰਦੁਸਤਾਨ ਅਤੇ ਪਾਕਿਸਤਾਨ ਵਿੱਚ ਮਿਲਾ ਕੇ ਕੋਈ ਪੌਣੇ ਦੋ ਅਰਬ ਖ਼ਲਕਤ ਵਸਦੀ ਹੈ। ਸਾਡੇ ਕੋਲ ਸ਼ਾਇਰ ਵੀ ਨੇ, ਸਿਆਸਤਦਾਨ ਵੀ, ਸੇਠ ਵੀ, ਫੌਜੀ ਵੀ ਤੇ ਮੇਰੇ ਵਰਗੇ ਵਿਹਲੇ ਮੌਸਮੀ ਦਫਾਈ ਵਿਸ਼ਲੇਸ਼ਕ ਵੀ। ਹਥਿਆਰ ਭਾਵੇਂ ਅਸੀਂ ਫਰਾਂਸ ਕੋਲੋਂ ਖਰੀਦੀਏ ਜਾਂ ਚੀਨ ਕੋਲੋਂ, ਚਲਾਈਦੇ ਆਪ ਹੀ ਹਨ। ਇਸ ਦਫ਼ਾ ਜਦੋਂ ਮਿਜ਼ਾਈਲ ਤੇ ਡਰੋਨ ਉਡੇ ਤੇ ਉਹ ਜਾ ਕੇ ਵੱਜੇ ਮੁਰੀਦਕੇ, ਊਧਮਪੁਰ, ਬਾਹਵਲਪੁਰ, ਅੰਮ੍ਰਿਤਸਰ, ਅਜਿਹੀਆਂ ਥਾਵਾਂ ਜਿਨ੍ਹਾਂ ਦੇ ਨਾਮ ਜਾਂ ਤਾਂ ਅਸੀਂ ਨਕਸ਼ਿਆਂ ਵਿੱਚ ਵੇਖੇ ਹਨ ਜਾਂ ਜਿਨ੍ਹਾਂ ਨੂੰ ਯਾਦ ਕਰ ਕੇ ਸਾਡੇ ਵੱਡੇ ਰੋਂਦੇ ਹੁੰਦੇ ਸਨ। ਜਦੋਂ ਧਮਕੀਆਂ ਲਾ ਕੇ, ਤਰਾਨੇ ਵਜਾ ਕੇ ਅਸੀਂ ਇਹ ਹਥਿਆਰ ਵਰਤਣੇ ਸ਼ੁਰੂ ਕੀਤੇ ਤੇ ਕਿਸੇ ਨੂੰ ਕੋਈ ਪਤਾ ਨਹੀਂ ਸੀ ਕਿ ਅਸੀਂ ਹੁਣ ਰੁਕਣਾ ਕਿੱਥੇ ਹੈ! ਪਰ ਫਿਰ ਅਸੀਂ ਰੁਕ ਗਏ।




ਸੀਜ਼ਫਾਇਰ ਦਾ ਐਲਾਨ ਨਾ ਦਿੱਲੀ ਤੋਂ ਹੋਇਆ, ਨਾ ਇਸਲਾਮਾਬਾਦ ਤੋਂ; ਐਲਾਨ ਹੋਇਆ ਡੀ.ਸੀ. ਵਾਸ਼ਿੰਗਟਨ ਤੋਂ, ਜਿੱਥੇ ਬੈਠੇ ਅਮਰੀਕੀ ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਮੇਰੀ ਦੋਵਾਂ ਮੁਲਕਾਂ ਦੇ ਲੀਡਰਾਂ ਨਾਲ ਗੱਲ ਹੋ ਗਈ ਹੈ ਤੇ ਉਹ ਫੌਰੀ ਸੀਜ਼ਫਾਇਰ ਲਈ ਤਿਆਰ ਹੋ ਗਏ ਹਨ। ਇਨ੍ਹਾਂ ਨੇ ਸਿਆਣਾਂ ਕੰਮ ਕੀਤਾ ਹੈ, ਇਨ੍ਹਾਂ ਨੂੰ ਮੁਬਾਰਕ ਹੋਵੇ।

ਦੋਵਾਂ ਮੁਲਕਾਂ ਦੀਆਂ ਹਕੂਮਤਾਂ ਨੇ ਵੀ ਟਰੰਪ ਦਾ ਸ਼ੁਕਰੀਆ ਅਦਾ ਕੀਤਾ। ਸਾਡੇ ਵਰਗੇ ਜਿਹੜੇ ਬਾਹਰੋਂ ਨਾਅਰੇ ਮਾਰਦੇ ਸਨ, ਪਰ ਅੰਦਰੋਂ ਜੰਗ ਤੋਂ ਡਰੇ ਸਨ ਅਤੇ ਜਿਨ੍ਹਾਂ ਨੂੰ ਟਰੰਪ ਪਸੰਦ ਵੀ ਨਹੀਂ ਸੀ, ਉਨ੍ਹਾਂ ਨੇ ਵੀ ਕਿਹਾ ਕਿ ਇਸ ਚੰਦਰੇ ਬੰਦੇ ਨੇ ਕੋਈ ਚੰਗਾ ਕੰਮ ਕੀਤਾ ਹੈ। ਚੰਗੀ ਗੱਲ ਕੋਈ ਓਛਾ ਬੰਦਾ ਵੀ ਕਰੇ ਤਾਂ ਉਸ ਦੀ ਮੰਨ ਲੈਣੀ ਚਾਹੀਦੀ ਹੈ, ਪਰ ਸਾਨੂੰ ਇਹ ਬੇਇਜ਼ਤੀ ਬਿਲਕੁਲ ਮਹਿਸੂਸ ਨਹੀਂ ਹੋਈ ਕਿ ਸਾਡੇ ਪੌਣੇ ਦੋ ਅਰਬ ਬੰਦਿਆਂ ਵਿੱਚ ਕੋਈ ਦੋ ਲੋਕ ਅਜਿਹੇ ਸਿਆਣੇ ਨਹੀਂ ਸਨ, ਜਿਹੜੇ ਆਪਸ ਦਾ ਝਗੜਾ ਆਪਸ ਵਿੱਚ ਮੁਕਾ ਲੈਂਦੇ। ਨਾਲ ਹੀ ਇਹ ਵੀ ਖ਼ਿਆਲ ਆਇਆ ਕਿ ਟਰੰਪ ਕੋਲ ਅਜਿਹੀ ਕਿਹੜੀ ਗਿੱਦੜਸਿੰਘੀ ਹੈ ਕਿ ਦੋਵਾਂ ਮੁਲਕਾਂ ਦੇ ਲੀਡਰ ਤੁਰੰਤ ਮੰਨ ਗਏ!

ਪੁੱਛਣ ਦੀ ਲੋੜ ਨਹੀਂ ਪਈ, ਕਿਉਂਕਿ ਟਰੰਪ ਕੋਲੋਂ ਰਿਹਾ ਨਹੀਂ ਜਾਂਦਾ ਉਸ ਨੇ ਆਪੇ ਹੀ ਦੱਸ ਦਿੱਤਾ ਕਿ ਮੈਂ ਦੋਵਾਂ ਮੁਲਕਾਂ ਦੇ ਲੀਡਰਾਂ ਨੂੰ ਇਹ ਧਮਕੀ ਲਗਾਈ ਸੀ ਕਿ ਜੇ ਤੁਸੀਂ ਇਸ ਲੜਾਈ ਝਗੜੇ ਤੋਂ ਫੌਰੀ ਤੌਰ 'ਤੇ ਬਾਜ਼ ਨਾ ਆਏ ਤਾਂ ਅਮਰੀਕਾ ਨੇ ਤੁਹਾਡੇ ਨਾਲ ਕਾਰੋਬਾਰ ਬੰਦ ਕਰ ਦੇਣਾ ਹੈ। ਧੰਦਾ ਬੰਦ ਕਰਨ ਦੀ ਧਮਕੀ ਸੁਣ ਕੇ ਦੋਵਾਂ ਮੁਲਕਾਂ ਦੇ ਲੀਡਰ ਸੀਜ਼ਫਾਇਰ ਕਰਨ ਲਈ ਰਾਜ਼ੀ ਹੋ ਗਏ। ਅਸੀਂ ਬਚਪਨ ਤੋਂ ਸੁਣਦੇ ਆਏ ਹਾਂ ਕਿ ਡੰਡਾ ਪੀਰ ਵਿਗੜੇ-ਧਿਗੜਿਆਂ ਦਾ, ਪਰ ਹੁਣ ਆ ਕੇ ਪਤਾ ਲੱਗਾ ਕਿ ਧੰਦਾ ਹੀ ਸਭ ਤੋਂ ਵੱਡਾ ਡੰਡਾ ਹੈ।

ਜੇ ਵਾਕਈ ਸੱਤ ਸਮੁੰਦਰ ਪਾਰ ਬੈਠੇ ਅਮਰੀਕਾ ਨਾਲ ਧੰਦਾ ਬੰਦ ਹੋਣ ਦਾ ਐਡਾ ਡਰ ਹੈ, ਫਿਰ ਤੁਹਾਡੇ ਤਾਂ ਬਾਰਡਰ ਜੁੜੇ ਹਨ, ਤੁਸੀਂ ਆਪਸ ਵਿੱਚ ਵੀ ਧੰਦੇ ਬਾਰੇ ਸੋਚ ਲਓ। ਕਰਨਾ ਨਾ, ਪਰ ਸੋਚ ਤਾਂ ਲਓ। ਜੇ ਟਕੇ ਟੋਕਰੀ ਖਰੀਦੇ ਡਰੋਨ ਇੱਕ-ਦੂਜੇ ਵੱਲ ਭੇਜ ਸਕਦੇ ਹੋ ਤਾਂ ਆਲੂ-ਪਿਆਜ ਭੇਜਣ ਨਾਲ ਦੁਸ਼ਮਣੀ ਸਾਡੀ ਕਿੰਨੀ ਕੁ ਵਧ ਜਾਵੇਗੀ! ਪਰ ਸਾਨੂੰ ਵੀ ਪਤਾ ਹੈ ਕਿ ਸਾਡੀ ਜ਼ਿੰਦਗੀ ਵਿੱਚ ਨਾ ਇਹ ਵੈਰ ਮੁੱਕਿਆ ਹੈ ਤੇ ਨਾ ਹੀ ਮੁੱਕਦਾ ਦਿਸਦਾ ਹੈ। ਜਦੋਂ ਹੁਣ ਸਾਡੇ ਨਿਆਣੇ ਵੱਡੇ ਹੋ ਜਾਣਗੇ ਤਾਂ ਉਨ੍ਹਾਂ ਨੇ ਵੀ ਇਸੇ ਕੰਮ 'ਤੇ ਲੱਗ ਜਾਣਾ ਹੈ। ਉਦੋਂ ਤੱਕ ਸਾਡੀ ਆਬਾਦੀ ਕੋਈ ਢਾਈ ਅਰਬ ਤੱਕ ਤਾਂ ਹੋ ਹੀ ਜਾਣੀ ਹੈ।

ਬੱਸ ਦੁਆ ਕਰੋ ਕਿ ਉਦੋਂ ਤੱਕ ਅਸੀਂ ਕੋਈ ਦੋ-ਚਾਰ ਅਜਿਹੇ ਸਿਆਣੇ ਧੀਆਂ-ਪੁੱਤਰ ਜੰਮ ਲਈਏ, ਜਿਹੜੇ ਆਪਸ ਦੇ ਝਗੜੇ ਆਪਸ ਵਿੱਚ ਹੀ ਤੈਅ ਕਰ ਲੈਣ। ਫਿਰ ਹੱਥੀਂ ਬੰਦੂਕਾਂ ਫੜ੍ਹ ਕੇ ਟਰੰਪ ਦੀ ਫੋਨ ਕਾਲ ਦੀ ਉਡੀਕ ਵਿੱਚ ਨਾ ਬੈਠੇ ਰਹਿਣ ਕਿ ਹੁਣ ਅਸੀਂ ਲੱਗੇ ਰਹੀਏ ਜਾਂ ਸੀਜ਼ਫਾਇਰ ਕਰ ਲਈਏ!

*-ਮੁਹੰਮਦ ਹਨੀਫ*

### ਜ਼ਰੂਰੀ

**'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।**

**Punjabi Parwaz LLC - DBA Punjabi Parwaz**

**Address:**
827 E. Kings Row, Unit# 7, Palatine, IL 60074

**Managed by:**
Anureet Kaur & Kuljeet Singh

**Punjab Incharge:**
Jasvir Singh Mangat

**'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ**

**ਪੰਜਾਬੀ ਪਰਵਾਜ਼** Punjabi Parwaz **ਬੋਰਡ ਮੈਂਬਰ**

ਬਲਵਿੰਦਰ ਸਿੰਘ (ਬੌਬ) ਸੰਧੂ
ਦਵਿੰਦਰ ਸਿੰਘ ਰੰਗੀ
ਮਨਜਿੰਦਰ ਸਿੰਘ (ਮੈਕ) ਭਮਰਾ
ਜੋਧ ਸਿੰਘ ਸਿੱਧੂ
ਬੇਅੰਤ ਸਿੰਘ ਬੈਂਪਾਰਾਏ
ਅਮਰੀਕ ਸਿੰਘ ਸ਼ਿਕਾਗੋ
ਕਿਰਪਾਲ ਸਿੰਘ ਰੰਧਾਵਾ
ਅੰਮ੍ਰਿਤਪਾਲ ਸਿੰਘ ਗਿੱਲ
ਬਲਵਿੰਦਰ ਸਿੰਘ ਚੱਠਾ
ਦਰਸ਼ਨ ਸਿੰਘ ਪੰਮਾ
ਗੁਰਿੰਦਰਜੀਤ ਸਿੰਘ ਗਰੇਵਾਲ
ਦੀਦਾਰ ਸਿੰਘ ਧਨੋਆ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰਜੀਤ ਸਿੰਘ ਢੀਂਡਸਾ
ਗੁਰਵਿੰਦਰ ਸਿੰਘ ਬੱਬੂ (ਐਪਲਟਨ)
ਬਿਕਰਮ ਸਿੰਘ ਸਿੱਧੂ
ਪਰਮਜੀਤ ਸਿੰਘ ਸਿੱਧੂ (ਮਹਿਰਾਜ)
ਮਨਮਿੰਦਰ ਸਿੰਘ ਹੀਰ
ਬਲਜੀਤ ਸਿੰਘ ਸਿੱਧੂ (ਫਲੋਰਿਡਾ)
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਇੰਦਰ ਹੁੰਜਣ
ਜਿਗਰਦੀਪ ਸਿੰਘ ਢਿੱਲੋਂ
ਅਮਨਦੀਪ ਸਿੰਘ ਕੁਲਾਰ
ਪਰਮਿੰਦਰ ਸਿੰਘ (ਯੂਬਾ ਸਿਟੀ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਹਰਕੇਵਲ ਸਿੰਘ ਲਾਲੀ

# ਕਿੱਧਰ ਗਿਆ ਯੁੱਧ ਨਸ਼ਿਆਂ ਵਿਰੁੱਧ?

**ਪੰਜਾਬੀ ਪਰਵਾਜ਼ ਬਿਊਰੋ**

ਅੰਮ੍ਰਿਤਸਰ ਇਲਾਕੇ ਦੇ ਮਜੀਠਾ ਖੇਤਰ ਵਿੱਚ ਜ਼ਹਿਰੀਲੀ ਸ਼ਰਾਬ ਨੇ ਇਕ ਵਾਰ ਫਿਰ 27 ਦੇ ਕਰੀਬ ਲੋਕਾਂ ਦੀਆਂ ਜਾਨਾਂ ਲੈ ਲਈਆਂ ਹਨ। 13 ਮਈ ਨੂੰ ਜਦੋਂ ਇਹ ਘਟਨਾ ਵਾਪਰੀ ਤਾਂ 21 ਲੋਕ ਤਾਂ ਹਸਪਤਾਲ ਪਹੁੰਚਣ ਤੋਂ ਪਹਿਲਾਂ ਆਪਣੀ ਜ਼ਿੰਦਗੀ ਤੋਂ ਹੱਥ ਧੋਅ ਬੈਠੇ ਸਨ, ਜਦਕਿ 10 ਜਣੇ ਗੰਭੀਰ ਬਿਮਾਰ ਸਨ, ਜਿਨ੍ਹਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਸੀ। ਬਾਅਦ ਵਿੱਚ ਇਨ੍ਹਾਂ ਵਿੱਚੋਂ 6 ਹੋਰ ਵਿਅਕਤੀਆਂ ਦੀ ਮੌਤ ਹੋ ਗਈ। ਇਸ ਘਟਨਾ ਦੇ ਤਹਿਤ ਮਜੀਠਾ ਹਲਕੇ ਵਿੱਚ ਪੈਂਦੇ ਪਿੰਡ ਭੰਗਾਲੀ, ਥਰੀਏਵਾਲ, ਮਰੜੀ ਕਲਾਂ, ਤਲਵੰਡੀ ਖੁੰਮਣ ਦੇ ਗਰੀਬ ਵਰਗ ਨਾਲ ਸੰਬੰਧਤ ਲੋਕ ਪ੍ਰਭਾਵਤ ਹੋਏ। ਇਸ ਘਟਨਾ ਦੇ ਸੰਬੰਧ ਵਿੱਚ ਪੁਲਿਸ ਵੱਲੋਂ ਬਾਅਦ ਵਿੱਚ ਔਧੀ ਦਰਜਨ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਕੁਝ ਪਿੰਡਾਂ ਵਾਲੇ ਸ਼ੈਤਾਨ ਅਤੇ ਇੱਕ ਸ਼ਹਿਰੀ ਬਾਣੀਆਂ ਇਸ ਨਰਸੰਘਾਰ ਵਿੱਚ ਸ਼ਾਮਲ ਦੱਸਿਆ ਗਿਆ ਹੈ।

ਇਸ ਘਟਨਾ ਦੇ ਵਾਪਰਨ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਅਜਿਹੇ ਕਾਂਡ ਸਿਆਸਤਦਾਨਾਂ, ਪੁਲਿਸ ਅਤੇ ਨੌਕਰਸ਼ਾਹੀ ਦੇ ਗੱਠਜੋੜ ਦੀ ਮਿਲੀਭੁਗਤ ਨਾਲ ਵਾਪਰਦੇ ਹਨ। ਕਿੰਨੀ ਅਜੀਬ ਗੱਲ ਹੈ ਕਿ ਪੰਜਾਬ ਵਿੱਚ ਰਾਜ ਕਰ ਰਹੀ ਪਾਰਟੀ ਦੇ ਮੁੱਖ ਮੰਤਰੀ ਨੂੰ ਇਹ ਅਨੁਭਵ ਹੈ ਕਿ ਪੁਲਿਸ, ਅਫਸਰਸ਼ਾਹੀ ਅਤੇ ਸਿਆਸੀ ਆਗੂਆਂ ਦੀ ਸ਼ਹਿ ਜਾਂ ਮਿਲੀਭੁਗਤ ਤੋਂ ਬਿਨਾ ਇਸ ਕਿਸਮ ਦੇ ਕਾਂਡ ਵਾਪਰ ਨਹੀਂ ਸਕਦੇ। ਫਿਰ ਵੀ ਇਹ ਮਾਫੀਆ ਲੋਕਾਂ ਦੀਆਂ ਜਾਨਾਂ ਲੈਣ ਵਿੱਚ ਕਾਮਯਾਬ ਹੋ ਰਿਹਾ ਹੈ। ਉਝ ਮੁੱਖ ਮੰਤਰੀ ਨੇ ਇਹ ਠੀਕ ਹੀ ਨੋਟ ਕੀਤਾ ਹੈ ਕਿ ਇਹ ਹਾਦਸਾ ਨਹੀਂ ਹੈ, ਸਗੋਂ ਕਤਲ ਹਨ। ਇਹ ਵੀ ਸਾਹਮਣੇ ਆਇਆ ਹੈ ਕਿ ਇਸ ਖੇਤਰ ਵਿੱਚ ਸ਼ਰਾਬ ਨੂੰ ਲੈ ਕੇ ਦੋ ਠੇਕੇਦਾਰਾਂ ਵਿਚਕਾਰ ਖਿੱਚੋਤਾਣ ਚੱਲ ਰਹੀ ਸੀ। ਠੇਕੇਦਾਰਾਂ ਦਾ ਵੱਡਾ ਗਰੁੱਪ ਮਹਿੰਗੀ ਸ਼ਰਾਬ ਵੇਚਦਾ ਹੈ ਤੇ ਛੋਟਾ ਗਰੁੱਪ ਰਤਾ ਸਸਤੀ, ਤਾਂ ਕਿ ਉਸ ਦੀ ਸ਼ਰਾਬ ਜ਼ਿਆਦਾ ਵਿਕ ਸਕੇ। ਪਰ ਸ਼ਰਾਬ ਨੂੰ ਹੋਰ ਸਸਤੀ ਕਰਨ ਦੇ ਚੱਕਰ ਵਿੱਚ ਇਸ ਨੂੰ ਮੈਥਨੋਲ ਤੋਂ ਕੈਮੀਕਲੀ ਤਿਆਰ ਕਰਨ ਦੀਆਂ ਮਿੰਨੀ ਫੈਕਟਰੀਆਂ ਘਰਾਂ ਵਿੱਚ ਲੱਗ ਜਾਂਦੀਆਂ ਹਨ। ਮੈਥਨੋਲ ਦੀ ਮਾਤਰਾ ਵਧ ਲਏ ਜਾਣ ਕਾਰਨ ਕਈ ਵਾਰ ਲੋਕਾਂ ਦੀਆਂ ਲਾਸ਼ਾਂ ਵਿਛ ਜਾਂਦੀਆਂ ਹਨ। ਇਸੇ ਕਿਸਮ ਦੀ ਘਟਨਾ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੇਲੇ 29 ਜੁਲਾਈ 2020 ਵਿੱਚ ਵੀ ਵਾਪਰੀ ਸੀ। ਇਸ ਵਿੱਚ ਸਵਾ ਸੌ ਲੋਕਾਂ ਦੀ ਮੌਤ ਹੋ ਗਈ ਸੀ। ਅਜਿਹੀਆਂ ਮੌਤਾਂ ਨਾਲ ਨਕਲੀ ਹਮਦਰਦੀ ਪ੍ਰਗਟ ਕਰਨ ਵਾਲੇ ਵਿਰੋਧੀ ਸਿਆਸੀ ਲੀਡਰ ਆਪਣੇ ਰਾਜਨੀਤਿਕ ਮਕਸਦ ਸਾਧਣ ਲਈ ਮੱਖੀਆਂ ਵਾਂਗ ਲਾਸ਼ਾਂ ਦੁਆਲੇ ਭਿਣਕਣ ਲਗਦੇ ਹਨ। ਪਰ ਜਦੋਂ ਉਨ੍ਹਾਂ ਦੇ ਆਪਣੇ ਰਾਜ ਸਮੇਂ ਇਸ ਕਿਸਮ ਦੀ ਘਟਨਾਵਾਂ ਵਾਪਰਦੀਆਂ ਹਨ ਤਾਂ ਇਹੋ ਆਗੂ ਕੁਝ ਵੀ ਨਹੀਂ ਕਰ ਪਾਉਂਦੇ। ਹਰ ਸਿਆਸੀ ਆਗੂ ਆਪਣੇ ਰਾਜ ਭਾਗ ਵੇਲੇ ਹੋਣ ਵਾਲੀ ਹਰੇਕ ਮਾੜੀ ਘਟਨਾ ਨੂੰ ਪਹਿਲਾਂ ਰਾਜ ਕਰ ਚੁੱਕੀ ਪਾਰਟੀ ਨਾਲ ਜੋੜ ਦਿੰਦਾ ਹੈ। ਇਹ ਅਸਲ ਵਿੱਚ ਸਿਰ ਪਈਆਂ ਘਟਨਾਵਾਂ ਤੋਂ ਬਚਣ ਦਾ ਇਕ ਢੰਗ ਮਾਤਰ ਹੀ ਹੈ।

ਆਮ ਆਦਮੀ ਪਾਰਟੀ ਦੇ ਰਾਜ ਵਿੱਚ ਇਸੇ ਕਿਸਮ ਦੀ ਸ਼ਰਾਬ ਨਾਲ ਵਾਪਰਨ ਵਾਲੀ ਇਹ ਦੂਜੀ ਘਟਨਾ ਹੈ। ਇਸ ਤੋਂ ਪਹਿਲਾਂ ਸੰਗਰੂਰ ਜ਼ਿਲ੍ਹੇ ਵਿੱਚ ਸੁਨਾਮ ਖੇਤਰ ਦੇ ਕੁਝ ਪਿੰਡਾਂ ਵਿੱਚ ਵੀ ਬਿਲਕੁਲ ਇਹੋ ਕੁਝ ਵਾਪਰਿਆ ਸੀ। ਇੰਜ ਲਗਦਾ ਹੈ ਕਿ ਜਿਵੇਂ ਇਹ ਉਸੇ ਘਟਨਾ ਦਾ ਦੁਹਰਾਅ ਹੋਵੇ। ਹੋ ਸਕਦਾ ਹੈ ਕਿ ਇਨ੍ਹਾਂ ਘਟਨਾਵਾਂ ਵਿਚਕਾਰ ਕੋਈ ਸਾਂਝੀ ਕੜੀ ਜੁੜੀ ਹੋਈ ਵੀ ਨਿਕਲ ਆਵੇ। ਗੰਦੀ ਅਤੇ ਜ਼ਹਿਰਲੀ ਸ਼ਰਾਬ ਪੀਣ ਕਾਰਨ ਮੌਤਾਂ ਹੋਣ ਦੀਆਂ ਘਟਨਾਵਾਂ ਕਦੀ ਯੂ.ਪੀ. ਅਤੇ ਬਿਹਾਰ ਵਰਗੇ ਰਾਜਾਂ ਵਿੱਚ ਵਾਪਰਿਆ ਕਰਦੀਆਂ ਸਨ। ਹੁਣ ਇਹ ਪੰਜਾਬ ਵਿੱਚ ਹਰ ਮਾਹੀ ਛਿਮਾਹੀ ਵਾਪਰਨ ਲੱਗੀਆਂ ਹਨ। ਸਸਤੀ ਸ਼ਰਾਬ ਪੀਣ ਦੀ ਲਲਕ ਅਸਲ ਵਿੱਚ ਪੈਸਿਆਂ ਦੀ ਥੁੜ੍ਹ ਕਾਰਨ ਗਰੀਬ ਗੁਰਬੇ ਵਿੱਚ ਉੱਠਦੀ ਹੈ। ਇਹ ਘਟਨਾਵਾਂ ਅਜਿਹੀ ਸੂਚਨਾ ਵੀ ਦਿੰਦੀਆਂ ਹਨ ਕਿ ਪੈਸੇ ਧੇਲੇ ਪੱਖੋਂ ਪੰਜਾਬ ਵਿੱਚ ਜ਼ਿੰਦਗੀ ਦਾ ਪੱਧਰ ਡਿੱਗ ਰਿਹਾ ਹੈ। ਠੇਕਿਆਂ ਤੋਂ ਵਿਕਣ ਵਾਲੀ ਮਹਿੰਗੀ ਸ਼ਰਾਬ ਇਹ ਲੋਕ ਖਰੀਦ ਨਹੀਂ ਸਕਦੇ ਅਤੇ ਇਸ ਦਾ ਫਾਇਦਾ ਪਿੰਡਾਂ ਵਿੱਚ ਵੱਸਦੇ ਕੁਝ ਸ਼ਾਤਰ ਲੋਕ ਅਤੇ ਸ਼ਹਿਰਾਂ ਦੇ ਵਿਗੜੇ ਬਾਣੀਏ ਉਠਾਉਂਦੇ ਹਨ। ਇਨ੍ਹਾਂ ਲੋਕਾਂ ਦਾ ਸਰਕਾਰੇ ਦਰਬਾਰੇ ਚੰਗਾ ਹੱਥ ਪੈਂਦਾ ਹੁੰਦਾ ਹੈ। ਜਦੋਂ ਵਾਪਰੀ ਘਟਨਾ ਨੂੰ ਆਮ ਲੋਕ ਵਿੱਸਰ ਜਾਂਦੇ ਹਨ ਤਾਂ ਆਪਣੇ ਸਿਆਸੀ ਅਤੇ ਪ੍ਰਸ਼ਾਸਨਿਕ ਕਿੱਲੇ ਦੇ ਜ਼ੋਰ ਇਹ ਲੋਕ ਕੇਸਾਂ ਕੂਸਾਂ ਵਿੱਚੋਂ ਸਾਫ ਬਚ ਨਿਕਲਦੇ ਹਨ ਅਤੇ ਕਿਸੇ ਨਾ ਕਿਸੇ ਢੰਗ ਨਾਲ ਆਪਣਾ ਗਲੀਚ ਧੰਦਾ ਫਿਰ ਕਰਨ ਲਗਦੇ ਹਨ। ਕਿਉਂਕਿ ਸਿਆਸੀ ਪ੍ਰਸ਼ਾਸਨਿਕ ਸਰਪ੍ਰਸਤੀ ਤਾਂ ਕੋਲ ਹੁੰਦੀ ਹੀ ਹੈ। ਇਹ ਵੈਸੇ ਕਿੱਡਾ ਵਿਅੰਗ ਹੈ ਕਿ ਸਰਕਾਰ ਦਾ 'ਯੁੱਧ ਨਸ਼ਿਆਂ ਵਿਰੁੱਧ' ਉਤੇ ਕਿੰਨਾ ਜ਼ੋਰ ਲਗਾ ਹੋਇਆ ਹੈ ਅਤੇ ਇੱਕ ਨਾਜਾਇਜ਼ ਕੈਮਕੀਲ ਨਾਲ ਬਣੇ ਨਸ਼ੇ ਨਾਲ ਦੋ ਦਰਜਨ ਤੋਂ ਵੱਧ ਮੌਤਾਂ ਹੋ ਗਈਆਂ ਹਨ! ਫਿਰ ਯੁੱਧ ਕੀਹਦੇ ਵਿਰੁੱਧ ਚੱਲ ਰਿਹਾ ਹੈ?

***ਮਾਝੇ ਦੀ ਧਰਤੀ 'ਤੇ ਜ਼ਹਿਰਿਲੀ ਸ਼ਰਾਬ ਨੇ ਕੀਰਨੇ ਪੁਆਏ**



ਹੁਣ ਆਪਣੇ ਵਿਰੋਧੀ ਸਿਆਸੀ ਆਗੂਆਂ ਨੂੰ ਵੇਖੋ ਜ਼ਰਾ ਕਿ ਉਹ ਇਸ ਘਟਨਾ ਬਾਰੇ ਕਿਵੇਂ ਹੁੱਬ ਕੇ ਬੋਲਦੇ ਹਨ। ਪਰ ਜਦੋਂ ਇਨ੍ਹਾਂ ਦਾ ਰਾਜ ਆਇਆ ਤਾਂ ਹੁਣ ਵਾਲਿਆਂ ਨੇ ਧਰਮ ਪੁੱਤਰ ਬਣ ਜਾਣਾ ਹੈ ਅਤੇ ਇਹੋ ਕੁਝ ਆਖਣਾ ਹੈ, ਜੋ ਹੁਣ ਵਾਲੇ ਸਿਆਸੀ ਵਿਰੋਧੀ ਆਖ ਰਹੇ ਹਨ। ਇਸ ਘਟਨਾ 'ਤੇ ਆਪਣਾ ਪ੍ਰਤੀਕਰਮ ਦਿੰਦਿਆਂ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸੱਤਾਧਾਰੀ ਪਾਰਟੀ ਦੇ ਆਗੂ ਅਤੇ ਵਿਧਾਇਕ ਸਿੱਧੇ ਤੌਰ 'ਤੇ ਇਸ ਧੰਦੇ ਵਿੱਚ ਸ਼ਾਮਲ ਹਨ। ਪੰਜਾਬ ਭਾਜਪਾ ਦੇ ਆਗੂ ਸੁਨੀਲ ਜਾਖੜ ਨੇ ਕਿਹਾ ਕਿ ਦਿੱਲੀ ਵਾਲਾ "ਸ਼ਰਾਬ ਮਾਫੀਆ" ਹੁਣ ਪੰਜਾਬ ਵਿੱਚ ਸਰਗਰਮ ਹੈ। ਉਨ੍ਹਾਂ ਕਿਹਾ ਕਿ ਸ਼ਰਾਬ ਘੁਟਾਲੇ ਵਿੱਚ ਜੇਲ੍ਹਾਂ ਕੱਟਣ ਵਾਲੇ ਲੋਕ ਹੁਣ ਚੰਡੀਗੜ੍ਹ ਵਿੱਚ ਬੈਠ ਕੇ ਸਰਕਾਰ ਚਲਾ ਰਹੇ ਹਨ। ਸੁਨੀਲ ਜਾਖੜ ਦਾ ਇਹ ਬਿਆਨ ਦਿੱਲੀ ਵਿੱਚ ਸ਼ਰਾਬ ਮਾਫੀਏ ਵਿੱਚ ਫਸੇ ਆਮ ਆਦਮੀ ਪਾਰਟੀ ਦੇ ਆਗੂਆਂ ਵੱਲ ਇਸ਼ਾਰਾ ਕਰਦਾ ਹੈ। ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਆਪਣੇ ਇੱਕ ਪ੍ਰਤੀਕਰਮ ਵਿੱਚ ਕਿਹਾ ਕਿ ਇਸ ਘਟਨਾ ਲਈ ਮੁੱਖ ਮੰਤਰੀ, ਆਬਕਾਰੀ ਮੰਤਰੀ ਜ਼ਿਮੇਵਾਰ ਹਨ, ਉਨ੍ਹਾਂ ਨੂੰ ਤੁਰੰਤ ਅਸਤੀਫਾ ਦੇਣਾ ਚਾਹੀਦਾ ਹੈ। ਉਨ੍ਹਾਂ ਹਾਈਕੋਰਟ ਦੇ ਮੌਜੂਦਾ ਜੱਜ ਤੋਂ ਨਿਆਂਇਕ ਜਾਂਚ ਕਰਵਾਉਣ ਦੀ ਵੀ ਮੰਗ ਕੀਤੀ।

ਨਿਆਂਇਕ ਜਾਂਚ ਕਰਵਾਉ, ਮੰਤਰੀ/ਮੁੱਖ ਮੰਤਰੀ ਅਸਤੀਫਾ ਦੇਵੇ/ਵਿਭਾਗੀ ਜਾਂਚ ਲਈ ਕਮੇਟੀ ਬਣਾਉ/ਟ੍ਰਿਬਿਊਨਲ ਬਣਾਉ ਕਾਹਦੇ ਲਈ? ਪਿੰਡ ਦੇ ਸਧਾਰਨ/ਅਨਪੜ੍ਹ ਬੰਦੇ ਨੂੰ ਪੁੱਛੋ ਬਈ ਇਹਦਾ ਕੀ ਨਤੀਜਾ ਨਿਕਲੇਗਾ? ਆਖੇਗਾ, 'ਕੁਸ਼ ਨੀ ਹੋਣਾ ਏਥੇ, ਚੋਰਾਂ ਨਾਲ ਕੁੱਤੀ ਰਲੀ ਹੋਈ ਹੈ।' ਇਹ ਜਿਹੜਾ 'ਕੁਸ਼ ਨੀ ਹੋਣਾ ਏਥੇ' ਇਹ ਪੰਜਾਬੀ ਬੰਦੇ ਦੇ ਅੰਦਰ ਬਹੁਤ ਡੂੰਘਾ ਧਸ ਗਿਆ ਹੈ। ਵਿਸ਼ੇਸ਼ ਕਰਕੇ ਨੌਜਵਾਨਾਂ ਦੇ। ਇਸੇ ਲਈ ਪਰਵਾਸ ਰੁਕ ਨਹੀਂ ਰਿਹਾ। ਨੌਜਵਾਨਾਂ ਦੇ ਹਿੱਸੇ ਦੇ ਦੁੱਧ ਦੀ ਰਾਖੀ ਅਸੀਂ ਸਿਆਸੀ ਬਿੱਲੇ ਬਿਠਾਏ ਹੋਏ ਹਨ। ਇਨ੍ਹਾਂ ਬਿੱਲਿਆਂ/ਕੁੱਤਿਆਂ ਦੇ ਮੂੰਹ ਨੂੰ ਆਪਣੇ ਹੀ ਲੋਕਾਂ ਦਾ ਲਹੂ ਲੱਗਿਆ ਹੋਇਆ ਹੈ। ਇਸੇ ਲਈ ਕਿਸੇ ਵੀ 'ਬਦਲਾਅ' ਦੀਆਂ ਆਸਾਂ ਮੁੱਕਦੀਆਂ ਜਾ ਰਹੀਆਂ ਹਨ। ਜਮਹੂਰੀਅਤ ਦੇ ਪਰਦੇ ਹੇਠ ਇੱਕ ਪੁਰਖੀ ਤਾਨਾਸ਼ਾਹੀਆਂ ਦਾ ਪਸਾਰਾ ਹੋਣ ਲੱਗਾ ਹੈ। ਇਹ ਉਧਰ ਵੀ ਇਵੇਂ ਹੋਣ ਲੱਗਾ ਹੈ ਹੁਣ, ਜਿਨ੍ਹਾਂ ਨੂੰ ਅਸੀਂ ਵਿਕਸਤ ਮੁਲਕ ਸਮਝਦੇ ਸਾਂ। ਜੇ ਅਜਿਹਾ ਨਾ ਹੋਇਆ ਹੁੰਦਾ ਤਾਂ ਗਾਜ਼ਾ ਪੱਟੀ ਦੇ ਮਕਾਨਾਂ ਦੀ ਮਿੱਟੀ ਇਸ ਦੇ ਬੱਚਿਆਂ ਦੇ ਲਹੂ ਨਾਲ ਗੁੰਨ੍ਹੀ ਨਾ ਜਾਂਦੀ। ਇੱਥੇ ਹੀ ਬੱਸ ਨਹੀਂ, ਇਜ਼ਰਾਇਲ ਦਾ ਇੱਕ ਮਾਨਸਿਕ ਰੋਗੀ (ਸਾਈਕੋਪੈਥ) ਪ੍ਰਧਾਨ ਮੰਤਰੀ ਬੇਹ ਬਣੀ ਗਾਜ਼ਾ ਪੱਟੀ ਦੀਆਂ ਤਰੇੜਾਂ ਵਿੱਚ ਓਟ ਲਈ ਬੈਠੀ ਜ਼ਿੰਦਗੀ 'ਤੇ ਬੰਬ ਸੁੱਟੀ ਜਾ ਰਿਹਾ ਹੈ ਅਤੇ ਉਸ ਦਾ ਇੱਕ ਭਰਾ ਇਨ੍ਹਾਂ ਥੇਹਾਂ 'ਤੇ ਆਲੀਸ਼ਾਨ ਚਕਲੇ ਬਣਾਉਣ ਦੀ ਤਾਕ ਵਿੱਚ ਬੈਠਾ ਹੈ। ਸਾਰਾ ਸੰਸਾਰ ਚੁੱਪ ਹੈ। ਕਥਿਤ ਮੁਸਲਮਾਨ ਮੁਲਕਾਂ ਦੇ ਹਾਕਮ ਉਪਰੋਕਤ ਪਾਗਲਾਂ ਨੂੰ ਕਰੋੜਾਂ ਡਾਲਰ ਦੇ ਤੋਹਫੇ ਦੇਣ ਲੱਗੇ ਹੋਏ ਹਨ। ਆਹਾਂ, ਹਾਉਕੇ, ਹਾਅ ਦੇ ਨਾਹਰੇ ਮਾਰਨ ਵਾਲੇ ਵੀ ਨਜ਼ਰ ਨਹੀਂ ਆਉਂਦੇ। ਇਹ ਬਾਂਝ ਧਰਤੀ ਹੁਣ ਕਿਸੇ ਰੱਬ ਨੂੰ ਮਿਹਣਾ ਮਾਰਨ ਵਾਲੇ ਪੈਗੰਬਰ ਦੀ ਉਡੀਕ ਕਰ ਰਹੀ ਹੈ।

**ਜ਼ਹਿਰ ਦਾ ਕਹਿਰ**

# ਨਕਲੀ ਸ਼ਰਾਬ ਤੋਂ ਵੀ ਜ਼ਹਿਰੀ ਹੈ ਮਾਫੀਆ-ਸਿਆਸਤ ਦਾ ਜੋੜ

**ਸਮੇਂ ਦਾ ਸੱਚ**



**ਉਜਾਗਰ ਸਿੰਘ**
**ਫੋਨ: 91-9417813072**

ਅੰਮ੍ਰਿਤਸਰ ਜ਼ਿਲ੍ਹੇ ਦੇ ਮਜੀਠਾ ਇਲਾਕੇ ਦੇ ਆਲੇ-ਦੁਆਲੇ ਦੇ ਪਿੰਡਾਂ ਵਿੱਚ 27 ਵਿਅਕਤੀ ਜ਼ਹਿਰੀਲੀ ਸ਼ਰਾਬ ਪੀਣ ਕਰਕੇ ਸਵਰਗਵਾਸ ਹੋ ਗਏ ਹਨ। 10 ਅਜੇ ਵੱਖ-ਵੱਖ ਹਸਪਤਾਲਾਂ ਵਿੱਚ ਜ਼ਿੰਦਗੀ ਮੌਤ ਦੀ ਲੜਾਈ ਲੜ ਰਹੇ ਹਨ। ਇਸ ਘਟਨਾ ਨੇ ਪੰਜਾਬੀਆਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ, ਜਦੋਂ ਅਜੇ ਪਹਿਲਗਾਮ ਵਿਖੇ ਬੇਕਸੂਰੇ ਸੈਲਾਨੀਆਂ ਦੇ ਮਾਰੇ ਜਾਣ ਅਤੇ ਪੰਜਾਬੀ, ਪਾਕਿਸਤਾਨ ਨਾਲ ਹੋਈ ਜੰਗ ਦੇ ਗਹਿਰੇ ਬੱਦਲਾਂ 'ਚੋਂ ਬਾਹਰ ਹੀ ਨਿਕਲ ਰਹੇ ਸਨ। ਨਕਲੀ ਸ਼ਰਾਬ ਦੇ ਸਰਗਨਿਆਂ ਨੇ ਪੰਜਾਬ ਵਿੱਚ ਇੱਕ ਵਾਰ ਫਿਰ ਮੌਤਾਂ ਦੇ ਸੱਥਰ ਵਿਛਾ ਦਿੱਤੇ ਹਨ। ਉਨ੍ਹਾਂ ਦਾ ਇਹ ਧੰਧਾ ਪਿਛਲੇ ਪੰਜ ਸਾਲਾਂ ਤੋਂ ਬੇਬਾਕੀ ਨਾਲ ਲਗਾਤਾਰ ਚਲਦਾ ਆ ਰਿਹਾ ਹੈ। 2020 ਤੋਂ 2025 ਤੱਕ ਜ਼ਹਿਰੀਲੀ ਨਕਲੀ ਸ਼ਰਾਬ ਪੀਣ ਕਰਕੇ 180 ਮੌਤਾਂ ਹੋ ਚੁੱਕੀਆਂ ਹਨ। ਮਰਨ ਵਾਲਿਆਂ ਵਿੱਚ ਸਾਰੇ ਗ਼ਰੀਬ ਦਿਹਾੜੀਦਾਰ ਹਨ, ਜਿਹੜੇ ਸਾਰੀ ਦਿਹਾੜੀ ਹੱਡ ਭੰਨਵੀਂ ਮਿਹਨਤ ਮਜ਼ਦੂਰੀ ਕਰਕੇ ਆਪਣੇ ਪਰਿਵਾਰਾਂ ਨੂੰ ਪਾਲਦੇ ਸਨ। ਨਕਲੀ ਸ਼ਰਾਬ ਦੇ ਮਾਫ਼ੀਏ ਵੱਲੋਂ ਸਰਕਾਰੀਤੰਤਰ ਦੀ ਮਿਲੀਭੁਗਤ ਨਾਲ ਆਪਣੇ ਧੰਧੇ ਚਲਾਏ ਜਾਂਦੇ ਹਨ।

ਹਰ ਵਾਰ ਜਦੋਂ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ ਤਾਂ ਸਰਕਾਰਾਂ ਦੀ ਜਾਗ ਖੁਲ੍ਹਦੀ ਹੈ ਤੇ ਫਿਰ ਉਹ ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾਵਾਂ ਦੇ ਢਕੌਂਸਲਿਆਂ ਨਾਲ ਪੜਤਾਲੀਆ ਕਮੇਟੀਆਂ, ਪੁਲਿਸ ਦੀਆਂ ਐਸ.ਆਈ.ਟੀਜ਼ ਬਣਾ ਕੇ ਅਤੇ ਮਰਨ ਵਾਲਿਆਂ ਦੇ ਵਾਰਸਾਂ ਨੂੰ ਗ੍ਰਾਂਟਾਂ ਤੇ ਜ਼ਖ਼ਮੀਆਂ ਦੇ ਮੁਫ਼ਤ ਇਲਾਜ ਦੀ ਮਲ੍ਹਮ ਦੇ ਐਲਾਨ ਕਰਕੇ ਸੁਰਖ਼ੁਰੂ ਹੋ ਜਾਂਦੇ ਹਨ। ਥੋੜ੍ਹਾ ਸਮਾਂ ਪਬਲਿਕ, ਸਵੈ-ਇੱਛਤ ਤੇ ਸਮਾਜਿਕ ਸੰਸਥਾਵਾਂ ਅਤੇ ਵਿਰੋਧੀ ਪਾਰਟੀਆਂ ਰੌਲਾ ਰੱਪਾ ਪਾਉਂਦੀਆਂ ਆਪਣਾ ਗੁੱਭ ਗੁਭਾਟ ਕੱਢ ਕੇ ਅਖ਼ਬਾਰਾਂ ਵਿੱਚ ਖ਼ਬਰਾਂ ਲਗਵਾ ਲੈਂਦੀਆਂ ਹਨ, ਫਿਰ ਚੁੱਪ-ਚਾਂਦ ਹੋ ਜਾਂਦੀ ਹੈ। ਗ਼ਰੀਬ ਲੋਕ ਵਿੱਤੀ ਮਦਦ ਲੈ ਕੇ ਚੁੱਪ ਕਰ ਜਾਂਦੇ ਹਨ, ਉਹ ਹੋਰ ਕਰ ਵੀ ਕੀ ਸਕਦੇ ਹਨ? ਵਿਰੋਧੀਆਂ ਨੂੰ ਵੀ ਕੋਈ ਨਵਾਂ ਮੁੱਦਾ ਮਿਲ ਜਾਂਦਾ ਹੈ ਤੇ ਉਹ ਉਧਰ ਪਲਾਂਹ ਸੋਟੇ ਮਾਰ ਕੇ ਆਪਣੀਆਂ ਸਿਆਸੀ ਰੋਟੀਆਂ ਸੇਕਣ ਲੱਗ ਜਾਂਦੇ ਹਨ। ਵਿਰੋਧੀ ਜਦੋਂ ਸਰਕਾਰ ਵਿੱਚ ਆਉਂਦੇ ਹਨ ਤਾਂ ਫਿਰ ਉਹ ਆਪਣੇ ਦਿੱਤੇ ਬਿਆਨਾਂ ਨੂੰ ਭੁੱਲ ਹੀ ਨਹੀਂ ਜਾਂਦੇ, ਸਗੋਂ ਸਰਕਾਰ ਦੀ ਸਿਆਸੀ ਤਾਕਤ ਦਾ ਆਨੰਦ ਮਾਨਣ ਵਿੱਚ ਮਸਤ ਹੋ ਜਾਂਦੇ ਹਨ। ਸਾਰੇ ਸਿਆਸਤਦਾਨ ਇੱਕੋ ਥੈਲੀ ਦੇ ਚੱਟੇ ਵੱਟੇ ਹਨ; ਪਰ ਜਿਸ ਪਾਰਟੀ ਦੀ ਸਰਕਾਰ ਸਮੇਂ ਅਣਹੋਣੀ ਘਟਨਾ ਵਾਪਰਦੀ ਹੈ ਤਾਂ ਮੌਕੇ ਦੀ ਸਰਕਾਰ ਹੀ ਜ਼ਿੰਮੇਵਾਰ ਹੁੰਦੀ ਹੈ ਤੇ ਉਸਦੀ ਹੀ ਬਦਨਾਮੀ ਹੁੰਦੀ ਹੈ।

ਪੜਤਾਲੀਆ ਕਮੇਟੀਆਂ ਤੇ ਸਿੱਟਾਂ ਆਪਣੀਆਂ ਰਿਪੋਰਟਾਂ ਸਰਕਾਰਾਂ ਨੂੰ ਦੇ ਦਿੰਦੀਆਂ ਹਨ। ਫਿਰ ਅਫ਼ਸਰਸ਼ਾਹੀ ਤੇ ਸਿਆਸਤਦਾਨਾਂ ਦੀਆਂ ਮੀਟਿੰਗਾਂ ਦਾ ਦੌਰ ਚਾਹ ਦੀਆਂ ਚੁਸਕੀਆਂ ਨਾਲ ਚਲਦਾ ਰਹਿੰਦਾ ਹੈ, ਕਦੀ ਕਦੀ ਸਰਬ ਪਾਰਟੀ ਮੀਟਿੰਗਾਂ ਵੀ ਹੁੰਦੀਆਂ ਹਨ। ਅਖ਼ੀਰ ਇਹ ਰਿਪੋਰਟਾਂ ਦਫ਼ਤਰੀ ਲਾਲ ਫ਼ੀਤਾਸ਼ਾਹੀ ਦੇ ਹੱਥਾਂ ਵਿੱਚ ਸਹਿਕਦੀਆਂ ਹੋਈਆਂ ਦਮ ਤੋੜ ਜਾਂਦੀਆਂ ਹਨ। ਇਹ ਪੜਤਾਲੀਆ ਰਿਪੋਰਟਾਂ ਸਰਕਾਰੀ ਫ਼ਾਈਲਾਂ ਦਾ ਸ਼ਿੰਗਾਰ ਬਣ ਕੇ ਪਹਿਲਾਂ ਪਏ ਫ਼ਾਈਲਾਂ ਦੇ ਗੁਬਾਰ ਵਿੱਚ ਸ਼ਾਮਲ ਹੋ ਕੇ ਗੁੰਮ ਜਾਂਦੀਆਂ ਹਨ। ਸਰਕਾਰਾਂ ਲੋਕਾਂ ਤੋਂ ਵੋਟਾਂ ਵਟੋਰਨ ਦੀਆਂ ਸਕੀਮਾਂ ਵਿੱਚ ਉਲਝੀਆਂ ਰਹਿੰਦੀਆਂ ਹਨ। ਅਜਿਹੀਆਂ ਘਟਨਾਵਾਂ ਤੋਂ ਬਾਅਦ ਸਿਆਸੀ ਲੋਕ ਮਗਰਮੱਛ ਦੇ ਅੱਥਰੂ ਵਹਾਉਂਦੇ ਹਨ, ਪਰ ਅਮਲੀ ਤੌਰ 'ਤੇ ਕੋਈ ਸਾਰਥਿਕ ਕੰਮ ਨਹੀਂ ਕਰਦੇ। ਸਿਆਸਤਦਾਨਾਂ ਦੇ ਅਫ਼ਸੋਸ ਦੇ ਬਿਆਨਾਂ ਨਾਲ ਸਵਰਗਵਾਸ ਹੋਏ ਲੋਕ ਵਾਪਸ ਥੋੜ੍ਹਾ ਮੁੜ ਆਉਂਦੇ ਹਨ। ਸਿਆਸਤਦਾਨਾਂ ਤੇ ਅਧਿਕਾਰੀਆਂ ਕੋਲ ਅਜਿਹੀਆਂ ਰਿਪੋਰਟਾਂ ਦੀ ਡੂੰਘਾਈ ਨਾਲ ਘੋਖਣ ਦਾ ਸਮਾਂ ਹੀ ਨਹੀਂ ਹੁੰਦਾ। ਇਹ ਪ੍ਰਣਾਲੀ ਕਿਸੇ ਇੱਕ ਪਾਰਟੀ ਦੀ ਸਰਕਾਰ ਦੀ ਨਹੀਂ, ਸਗੋਂ ਹਰ ਸਰਕਾਰ ਭਾਵੇਂ ਕਿਸੇ ਵੀ ਪਾਰਟੀ ਦੀ ਹੋਵੇ, ਉਹ ਸੰਜੀਦਗੀ ਤੋਂ ਕੰਮ ਨਹੀਂ ਲੈਂਦੀ। ਸਰਕਾਰਾਂ ਕੁਰਸੀਆਂ ਬਚਾਉਣ ਵਿੱਚ ਲੱਗੀਆਂ ਰਹਿੰਦੀਆਂ ਹਨ। ਕਦੇ ਪਾਰਟੀਆਂ ਦੀ ਅੰਦਰਨੀ ਲੜਾਈ ਤੇ ਕਦੇ ਕੇਂਦਰ ਨਾਲ ਜ਼ੱਫਾ ਪਿਆ ਰਹਿੰਦਾ ਹੈ। ਵੋਟਰਾਂ ਨੂੰ ਤਾਂ ਮੁਫ਼ਤ ਦੀਆਂ ਵਸਤਾਂ ਦਾ ਲਾਲਚ ਦੇ ਕੇ ਭਰਮਾ ਲਿਆ ਜਾਂਦਾ ਹੈ।

2020 ਵਿੱਚ ਵੀ ਤਰਨਤਾਰਨ, ਅੰਮ੍ਰਿਤਸਰ ਅਤੇ ਗੁਰਦਾਸਪੁਰ ਜ਼ਿਲ੍ਹਿਆਂ ਦੇ 135 ਲੋਕ ਜ਼ਹਿਰੀਲੀ ਨਕਲੀ ਸ਼ਰਾਬ ਪੀਣ ਤੋਂ ਬਾਅਦ ਮਰ ਗਏ ਸਨ, ਜਿਨ੍ਹਾਂ ਵਿੱਚ ਇਕੱਲੇ ਤਰਨਤਾਰਨ ਦੇ 95 ਸਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਸੀ। ਉਦੋਂ ਵੀ ਪੜਤਾਲੀਆ ਕਮੇਟੀ ਤੇ ਪੁਲਿਸ ਦੀ ਸਿੱਟ ਬਣੀ ਸੀ। ਉਸ ਨੇ ਵੀ ਆਪਣੀ ਬੜੀ ਲੰਮੀ ਚੌੜੀ ਰਿਪੋਰਟ ਦਿੱਤੀ ਸੀ। ਉਸ ਤੋਂ ਚਾਰ ਸਾਲ ਬਾਅਦ 2024 ਵਿੱਚ ਸੰਗਰੂਰ ਜ਼ਿਲ੍ਹੇ ਦੇ ਦਿੜ੍ਹਬਾ ਹਲਕੇ ਵਿੱਚ ਜ਼ਹਿਰੀਲੀ ਨਕਲੀ ਸ਼ਰਾਬ ਪੀਣ ਨਾਲ 20 ਵਿਅਕਤੀ ਮਰ ਗਏ ਸਨ। ਇਸ ਹਲਕੇ ਦੇ ਪੰਜਾਬ ਦੇ ਖ਼ਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਵਿਧਾਇਕ ਹਨ ਤੇ ਇਹ ਜ਼ਿਲ੍ਹਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਹੈ। ਉਦੋਂ ਵੀ ਉਸ ਸਮੇਂ ਦੇ ਐਸ.ਡੀ.ਐਮ. ਦੀ ਅਗਵਾਈ ਵਿੱਚ ਪੜਤਾਲੀਆ ਕਮੇਟੀ ਤੇ ਪੁਲਿਸ ਦੀ ਸਿੱਟ ਉਸ ਸਮੇਂ ਦੇ ਏ.ਡੀ.ਜੀ.ਪੀ. ਗੁਰਿੰਦਰ ਸਿੰਘ ਢਿੱਲੋਂ ਦੀ ਅਗਵਾਈ ਵਿੱਚ ਬਣੀ ਸੀ। ਪੁਲਿਸ ਵਿਭਾਗ ਦੀ ਉਸ ਸਿੱਟ ਨੇ ਅਜਿਹੀਆਂ ਦੁਰਘਟਨਾਵਾਂ ਰੋਕਣ ਲਈ ਪੰਜਾਬ ਵਿੱਚ ਹਰ ਪੁਲਿਸ ਸਬ ਡਵੀਜਨ ਵਿੱਚ ਸੰਬੰਧਤ ਡੀ.ਐਸ.ਪੀ., ਐਸ.ਐਚ.ਓ. ਅਤੇ ਆਬਕਾਰੀ ਅਧਿਕਾਰੀ ਨੂੰ ਜ਼ਿੰਮੇਵਾਰ ਬਣਾਇਆ ਸੀ, ਪਰ 'ਪੰਚਾਇਤ ਦਾ ਕਹਿਣਾ ਸਿਰ ਮੱਥੇ, ਪਰਨਾਲਾ ਉਥੇ ਦਾ ਉਥੇ' ਹੀ ਰਿਹਾ।

ਇਸ ਘਟਨਾ ਦੀ ਪੜਤਾਲੀਆ ਕਮੇਟੀ ਨੇ ਇਹ ਵੀ ਸੁਝਾਅ ਦਿੱਤਾ ਸੀ ਕਿ ਪੁਲਿਸ ਵਿਭਾਗ ਦਾ ਇੱਕ ਵੱਖਰਾ ਵਿੰਗ ਬਣਾ ਦਿੱਤਾ ਜਾਵੇ, ਜਿਹੜਾ ਨਕਲੀ ਸ਼ਰਾਬ ਬਣਾਉਣ ਤੇ ਵੇਚਣ ਵਾਲਿਆਂ 'ਤੇ ਨਿਗਰਾਨੀ ਰੱਖੇਗਾ ਤਾਂ ਜੋ ਨਕਲੀ ਸ਼ਰਾਬ ਬਣਾਈ ਹੀ ਨਾ ਜਾ ਸਕੇ। ਵਿਕੇਗੀ ਤਾਂ ਹੀ ਜੇ ਬਣੇਗੀ! ਬਿਮਾਰੀ ਦੀ ਜੜ੍ਹ ਨੂੰ ਹੀ ਖ਼ਤਮ ਕੀਤਾ ਜਾਵੇ। ਉਸ ਰਿਪੋਰਟ ਦਾ ਵੀ ਥਹੁ-ਟਿਕਾਣਾ ਨਹੀਂ ਲੱਭ ਰਿਹਾ। ਕੈਪਟਨ ਅਮਰਿੰਦਰ ਸਿੰਘ ਦੇ ਮੁੱਖ ਮੰਤਰੀ ਸਮੇਂ ਪੜਤਾਲੀਆ ਕਮੇਟੀ ਨੇ ਪੈਕਸੋ ਐਕਟ ਵਰਗੀਆਂ ਸਖ਼ਤ ਧਾਰਾਵਾਂ ਲਗਾਉਣ ਦਾ ਸੁਝਾਅ ਦਿੱਤਾ ਸੀ। ਉਹ ਵੀ ਧੰਧੇ ਖਾਤੇ ਵਿੱਚ ਪੈ ਗਿਆ। ਦਿੜ੍ਹਬਾ ਵਾਲੀ ਨਕਲੀ ਸ਼ਰਾਬ ਨਾਲ ਮਰਨ ਤੋਂ ਲਗਪਗ ਇੱਕ ਸਾਲ ਬਾਅਦ ਮਜੀਠਾ ਵਾਲੀ ਘਟਨਾ ਵਿੱਚ 27 ਵਿਅਕਤੀ ਨਕਲੀ ਸ਼ਰਾਬ ਪੀਣ ਨਾਲ ਮਰ ਗਏ ਹਨ। ਮਜੀਠਾ ਪੁਲਿਸ ਥਾਣੇ ਵਿੱਚ ਦੋ ਮਹੀਨੇ ਪਹਿਲਾਂ ਨਕਲੀ ਜ਼ਹਿਰੀਲ ਸਰਾਬ ਵਿਕਣ ਦੀ ਸ਼ਿਕਾਇਤ ਇਲਾਕੇ ਦੇ ਲੋਕਾਂ ਨੇ ਦਿੱਤੀ ਸੀ ਕਿ ਨਕਲੀ ਸ਼ਰਾਬ ਦੋ-ਦੋ ਲਿਟਰ ਦੀਆਂ ਬੋਤਲਾਂ ਵਿੱਚ ਪੈਪਸੀ ਦੇ ਨਾਮ ਹੇਠ ਵੇਚੀ ਜਾ ਰਹੀ ਹੈ, ਪਰ ਪੁਲਿਸ ਨੇ ਗੌਲਿਆ ਹੀ ਨਹੀਂ, ਕਿਉਂਕਿ ਪੁਲਿਸ ਉਸ ਸਮੇਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਵਿੱਚ ਰੁੱਝੀ ਹੋਈ ਸੀ, ਉਹ ਨਕਲੀ ਜ਼ਹਿਰੀਲੀ ਸ਼ਰਾਬ ਨੂੰ ਨਸ਼ਾ ਸਮਝਦੇ ਹੀ ਨਹੀਂ। ਸਮਝਣ ਵੀ ਕਿਵੇਂ ਸਰਕਾਰ ਨੇ ਤਾਂ ਸ਼ਰਾਬ ਦੇ ਠੇਕੇ ਖੋਲ੍ਹੇ ਹੋਏ ਹਨ। ਇਸ ਸਮੇਂ ਤਾਂ ਨਸ਼ਾ ਸਿੰਥੈਟਿਕ ਡਰੱਗ ਨੂੰ ਹੀ ਸਮਝਿਆ ਜਾ ਰਿਹਾ ਹੈ।

ਵੈਸੇ ਜ਼ਹਿਰੀਲੀ ਸ਼ਰਾਬ ਦੀ ਘਟਨਾ ਨੇ ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ' ਦੀ ਮੁਹਿੰਮ ਨੂੰ ਗ੍ਰਹਿਣ ਲਾ ਦਿੱਤਾ ਹੈ। 27 ਵਿਅਕਤੀ ਹੀ ਨਹੀਂ ਮਰੇ, ਸਗੋਂ ਉਨ੍ਹਾਂ ਦੇ ਪਰਿਵਾਰ ਵੀ ਖ਼ਤਮ ਹੋਣ ਕਿਨਾਰੇ ਪਹੁੰਚ ਗਏ, ਕਿਉਂਕਿ ਉਨ੍ਹਾਂ ਦੀ ਰੋਟੀ-ਰੋਜ਼ੀ ਦਾ ਮਸਲਾ ਖੜ੍ਹਾ ਹੋ ਗਿਆ। ਵਕਤੀ ਆਰਥਿਕ ਮਦਦ ਸਾਰੀ ਜ਼ਿੰਦਗੀ ਤਾਂ ਨਹੀਂ ਚਲ ਸਕਦੀ। ਹੁਣ ਸੰਬੰਧਤ ਵਿਭਾਗਾਂ ਦੇ ਛੋਟੇ ਪੱਧਰ ਦੇ ਅਧਿਕਾਰੀਆਂ 'ਤੇ ਹਮੇਸ਼ਾ ਦੀ ਤਰ੍ਹਾਂ ਮੁਅੱਤਲੀ ਦੀ ਗਾਜ ਡਿਗ ਪਈ ਹੈ। ਇਹ ਕੰਮ ਤਾਂ ਇੱਕ ਮਾਫ਼ੀਏ ਦਾ ਹੈ, ਜਿਸ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ। ਇਸੇ ਕਰਕੇ ਤਾਂ ਪਿਛਲੀਆਂ ਰਿਪੋਰਟਾਂ ਦਾ ਕੁਝ ਨਹੀਂ ਬਣਿਆ। ਉਪਰੋਂ ਦਬਾਅ ਪੈਣ ਕਰਕੇ ਮਾਫ਼ੀਏ ਨੂੰ ਛੋਟੇ ਪੱਧਰ ਦੇ ਅਧਿਕਾਰੀ ਰੋਕ ਨਹੀਂ ਸਕਦੇ। ਹੁਣ ਤਾਂ ਮੁੱਖ ਮੰਤਰੀ ਨੇ ਖ਼ੁਦ ਹੀ ਬਿਆਨ ਦੇ ਦਿੱਤਾ ਹੈ ਕਿ ਇਹ ਸਾਰਾ ਕੁਝ ਸੰਬੰਧਤ ਵਿਭਾਗ, ਪੁਲਿਸ ਅਤੇ ਤਾਕਤਵਰ ਸਿਆਸਤਦਾਨਾਂ ਦੀ ਪੁਸ਼ਤ ਪਨਾਹੀ ਤੋਂ ਬਿਨਾ ਸੰਭਵ ਹੀ ਨਹੀਂ ਹੋ ਸਕਦਾ।

ਨਕਲੀ ਸ਼ਰਾਬ ਪੀਣ ਦੀਆਂ ਘਟਨਾਵਾਂ ਵਿੱਚ ਗ਼ਰੀਬ ਲੋਕ ਹੀ ਕਿਉਂ ਮਰਦੇ ਹਨ? ਇਹ ਵੀ ਵਿਚਾਰਨਯੋਗ ਹੈ, ਕਿਉਂਕਿ ਗ਼ਰੀਬ ਮਹਿੰਗੀ ਸ਼ਰਾਬ ਖ਼ਰੀਦ ਕੇ ਪੀ ਨਹੀਂ ਸਕਦਾ। ਅਸਲੀ ਸ਼ਰਾਬ ਬਹੁਤ ਮਹਿੰਗੀ ਹੈ। ਇਹ ਸ਼ਰਾਬ ਮੀਥੇਨੌਲ ਕੈਮੀਕਲ ਨਾਲ ਬਣਾਈ ਜਾਂਦੀ ਹੈ। ਜਦੋਂ ਇਹ ਸਾਰਾ ਕੁਝ ਪਤਾ ਹੈ ਕਿ ਮੈਥੇਨੌਲ ਵਰਤਿਆ ਜਾਂਦਾ ਹੈ ਤਾਂ ਇਸ ਦੀ ਵਿਕਰੀ 'ਤੇ ਪਾਬੰਦੀ ਕਿਉਂ ਨਹੀਂ ਲਗਾਈ ਜਾਂਦੀ? ਕੇਂਦਰ ਸਰਕਾਰ ਵੱਲੋਂ ਇਸ ਦੀ ਖ਼ਰੀਦ ਦੇ ਨਿਯਮ ਬਣਾ ਦਿੱਤੇ ਜਾਣ ਤਾਂ ਕੌਣ ਅਤੇ ਕਿਵੇਂ ਖ਼ਰੀਦ ਸਕਦਾ ਹੈ! ਅਜੇ ਵੀ ਡੁਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ, ਸਰਕਾਰ ਕੋਈ ਸਾਰਥਿਕ ਅਜਿਹੇ ਕਾਨੂੰਨ ਬਣਾਏ ਜਿਹੜੇ ਮਿਸਾਲੀ ਸਜ਼ਾ ਦੇਣ ਦੇ ਸਮਰੱਥ ਹੋਣ ਤਾਂ ਜੋ ਕਚਹਿਰੀਆਂ ਵਿੱਚ ਜਾ ਕੇ ਦੋਸ਼ੀ ਬਚ ਨਾ ਸਕਣ!

# ਗਾਇਕੀ ਦੇ ਨਾਲ ਨਸੀਹਤਾਂ ਦਾ ਅਖਾੜਾ: 'ਪੰਜਾਬੀ ਵਿਰਸਾ'

**ਕੁਲਜੀਤ ਦਿਆਲਪੁਰੀ**
















**ਸ਼ਿਕਾਗੋ:** ਪਿਛਲੇ ਦਿਨੀਂ ਸ਼ਿਕਾਗੋ ਵਿੱਚ ਹੋਇਆ 'ਪੰਜਾਬੀ ਵਿਰਸਾ' ਸਮਾਗਮ ਗਾਇਕ ਮਨਮੋਹਨ ਵਾਰਿਸ, ਕਮਲ ਹੀਰ ਤੇ ਸੰਗਤਾਰ ਵੱਲੋਂ ਗੀਤਾਂ ਦੀ ਛਹਿਬਰ ਲਾਉਣ ਦੇ ਨਾਲ ਨਾਲ ਨਸੀਹਤਾਂ ਦਾ ਅਖਾੜਾ ਬਣ ਗਿਆ ਸੀ; ਕਿਉਂਕਿ ਕੁਝ ਗੀਤਾਂ ਵਿੱਚ ਵਿਰਸੇ ਨੂੰ ਸੰਭਾਲਣ, ਪੰਜਾਬੀਅਤ ਨੂੰ ਬੁਲੰਦ ਰੱਖਣ ਜਿਹੀਆਂ ਗੱਲਾਂ ਸਨ। ਗਾਇਕ ਭਰਾਵਾਂ ਨੇ ਸਾਂਝੇ ਘਰਾਂ, ਖੁੱਲ੍ਹੇ ਵਿਹੜਿਆਂ ਦੀ ਰਵਾਇਤ ਤੇ ਪਿੰਡ ਦੀਆਂ ਯਾਦਾਂ ਤਾਜ਼ਾ ਕਰਵਾਈਆਂ ਅਤੇ ਕਾਵਿਕ, ਸਮਾਜਿਕ ਤੇ ਸੱਭਿਆਚਾਰਕ ਰੰਗ ਦੇ ਬੋਲਾਂ ਭਰਪੂਰ ਗੀਤਾਂ/ਸ਼ੇਅਰਾਂ ਦੇ ਛੱਟੇ ਦਿੱਤੇ। ਉਨ੍ਹਾਂ ਪਰਦੇਸਾਂ ਵਿੱਚ ਪੰਜਾਬੀ ਪਰਿਵਾਰਾਂ, ਉਨ੍ਹਾਂ ਦੇ ਸੰਘਰਸ਼ਾਂ ਦੀ ਗੱਲ ਦੇ ਨਾਲ ਨਾਲ ਇਸ਼ਕ ਹਕੀਕੀ ਤੇ ਇਸ਼ਕ ਮਜਾਜੀ ਦੀਆਂ ਗੱਲਾਂ ਵੀ ਕੀਤੀਆਂ, ਨਿਹੋਰੇ ਵੀ ਮਾਰੇ ਅਤੇ ਨਣਦਾਂ-ਭਰਜਾਈਆਂ ਦੀ ਪੀਂਘ ਨੂੰ ਹੁਲਾਰੇ ਵੀ ਦਿੱਤੇ। ਕੁਝ ਗੀਤਾਂ ਦੇ ਬੋਲਾਂ ਦੀ ਰਵਾਨੀ ਇਉਂ ਸੀ, ਜਿਵੇਂ ਖਾਲ਼ ਦਾ ਪਾਣੀ ਫਸਲ ਨੂੰ ਸਿੰਜਣ ਤੁਰਿਆ ਹੋਵੇ। ਉਮਦਾ ਗਾਇਕੀ ਦੀ ਤਰਜਮਾਨੀ ਕਰਦੇ ਇਸ ਪ੍ਰੋਗਰਾਮ ਵਿੱਚ ਗਾਇਕ ਭਰਾਵਾਂ ਨੇ ਆਪਣੇ ਨਵੇਂ-ਪੁਰਾਣੇ ਗੀਤ ਗਾਏ ਅਤੇ ਸਰੋਤਿਆਂ ਦੀ ਫਰਮਾਇਸ਼ ਵੀ ਪੂਰੀ ਕੀਤੀ।

ਇਸ ਸ਼ੋਅ ਦੌਰਾਨ ਕਈ ਸਥਾਨਕ ਸਰੋਤਿਆਂ ਨੂੰ ਦੋ ਸਾਲ ਪਹਿਲਾਂ ਪੈਲਾਟਾਈਨ ਵਿਖੇ ਹੋਏ ਟੱਪਿਆਂ ਵਾਲੇ ਮੁੰਡੇ ਯਾਸਿਰ ਹੁਸੈਨ ਦਾ ਸ਼ੋਅ ਯਾਦ ਆ ਗਿਆ। ਉਸ ਨੇ ਵੀ ਸਰੋਤਿਆਂ ਨਾਲ ਰਾਬਤਾ ਜੋੜਦਿਆਂ ਅਖਾੜਾ ਜਮਾ ਲਿਆ ਸੀ ਅਤੇ 'ਪੰਜਾਬੀ ਵਿਰਸਾ' ਸ਼ੋਅ ਦੌਰਾਨ ਗਾਇਕੀ ਦੇ ਹੀਰੇ ਤਿੰਨੋ ਹੀਰ ਭਰਾਵਾਂ ਨੇ ਪੇਸ਼ਕਾਰੀ ਕਰਦਿਆਂ ਸਰੋਤਿਆਂ ਨੂੰ ਆਪਣੇ ਨਾਲ ਜੋੜ ਲਿਆ ਸੀ। ਦਿਲਚਸਪ ਤਾਂ ਉਦੋਂ ਦਾ ਨਜ਼ਾਰਾ ਸੀ, ਜਦੋਂ ਮਨਮੋਹਨ ਵਾਰਿਸ ਦੇ ਉਦਾਸ ਸੁਰ ਦੇ ਅਤੇ ਬਹੁਤ ਹੀ ਮਕਬੂਲ ਹੋਏ ਗੀਤ 'ਕਿਤੇ 'ਕੱਲੀ ਬਹਿ ਕੇ ਸੋਚੀਂ ਨੀਂ, ਅਸੀਂ ਕੀ ਨਹੀਂ ਕੀਤਾ ਤੇਰੇ ਲਈ' ਦੇ ਬੋਲਾਂ ਉਤੇ ਵੀ ਮੁੰਢੀਰ ਨੱਚੀ ਹੀ ਗਈ। ਅਸਲ ਵਿੱਚ ਢੋਲ ਇਸ ਕਦਰ ਕੁੱਟਿਆ ਜਾ ਰਿਹਾ ਸੀ, ਕਿ ਓਹੀ ਸਾਜ਼ਾਂ ਦਾ ਪ੍ਰਧਾਨ ਬਣਿਆ ਹੋਇਆ ਸੀ। ਫਿਰ ਢੋਲ ਦੀ ਬੀਟ 'ਤੇ ਤਾਂ ਅੱਡੀ ਖਿਰਕਣੀ ਹੀ ਸੀ ਤੇ ਪੱਬਾਂ ਨੇ ਵੀ ਮਚਲਣਾ ਹੀ ਸੀ!

ਸਥਾਨਕ ਸੰਸਥਾ 'ਫਾਈਵ ਰਿਵਰਜ਼ ਐਂਟਰਟੇਨਮੈਂਟ' ਵੱਲੋਂ ਕਰਵਾਏ ਗਏ ਇਸ ਪ੍ਰੋਗਰਾਮ ਦੀ ਸ਼ੁਰੂਆਤ ਦੌਰਾਨ ਸੰਗਤਾਰ ਨੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਗੱਲ ਕੀਤੀ ਅਤੇ ਸ਼ੇਅਰ ਸੁਣਾਇਆ, 'ਜਿੱਥੇ ਰਲ ਪੰਜਾਬੀ ਬਹਿ ਗਏ, ਉਥੇ ਹੋਊ ਪੰਜਾਬ ਦੀ ਗੱਲ।' ਤਿੰਨਾਂ ਭਰਾਵਾਂ ਨੇ ਆਮ ਪਹਿਰਾਵੇ ਵਿੱਚ ਸਟੇਜ 'ਤੇ ਆਣ ਜਦੋਂ 'ਕਲੇਜੇ ਤੀਰ ਦੇਖਣ ਨੂੰ ਤੇ ਸਿਰ 'ਤੇ ਤਾਜ ਦੇਖਣ ਨੂੰ...' ਗੀਤ ਗਾਇਆ ਤਾਂ ਸਾਊਂਡ ਸਿਸਟਮ ਦੀ ਗੜਬੜ ਜਾਂ ਤਕਨੀਕੀ ਤਰੁੱਟੀ ਕਾਰਨ ਜਿਸ ਸਿਖਰ 'ਤੇ ਇਸ ਗੀਤ ਦੇ ਜਾਣ ਦੀ ਤਵੱਕੋ ਸੀ, ਉਥੇ ਤੱਕ ਜਾ ਨਾ ਸਕਿਆ। ਹਾਂ, ਯਕੀਨਨ ਜਿਨ੍ਹਾਂ ਨੇ ਪਹਿਲਾਂ ਇਹ ਗੀਤ ਸੁਣਿਆ ਹੋਇਆ ਸੀ, ਸਪੀਕਰਾਂ ਥਾਣੀਂ ਆਵਾਜ਼ ਸਾਫ ਨਾ ਆਉਣ ਦੇ ਬਾਵਜੂਦ ਉਹ ਸਰੋਤੇ ਨਾਲ ਨਾਲ ਗਾ ਜਰੂਰ ਰਹੇ ਸਨ। ਗਾਇਕ ਭਰਾਵਾਂ ਨੂੰ ਚਾਹੁਣ ਵਾਲੇ ਕੁਝ ਪਾਰਖੂ ਸਰੋਤਿਆਂ ਦਾ ਗਿਲਾ ਸੀ ਕਿ ਜੇ ਇਹ ਗਾਇਕ ਸ਼ੁਰੂਆਤ ਹੀ ਕੁੜਤੇ-ਪਜਾਮੇ/ਚਾਦਰੇ ਵਗੈਰਾ ਪਹਿਰਾਵੇ ਵਿੱਚ ਆ ਕੇ ਕਰਦੇ ਤਾਂ ਸਟੇਜ ਨੂੰ ਹੋਰ ਰੰਗ ਲੱਗ ਜਾਣੇ ਸਨ। ਸ਼ਿਕਾਗੋ ਦੀ ਇੱਕ ਸ਼ਖਸੀਅਤ ਦੀ ਇਹ ਟਿੱਪਣੀ ਸੀ ਕਿ ਇੰਜ ਕੀਤਿਆਂ ਪ੍ਰੋਗਰਾਮ ਦੀ ਸ਼ੁਰੂਆਤ ਢਿੱਲ੍ਹੀ ਪੈ ਗਈ। ਹਾਲ ਦੇ ਬਾਹਰ ਇੱਕ ਹੋਰ ਸੱਜਣ ਦੀ ਟਿੱਪਣੀ ਸੀ ਕਿ ਗਾਇਕਾਂ ਦੇ ਆਮ ਜਿਹੇ ਪਹਿਰਾਵੇ ਵਿੱਚ ਪ੍ਰੋਗਰਾਮ ਦੀ ਸ਼ੁਰੂਆਤ ਕਾਰਨ ਸਟੇਜ ਉਤੇ ਗਾਇਕਾਂ ਤੇ ਸਾਜਿੰਦਿਆਂ ਵਿੱਚ ਕੋਈ ਬਹੁਤਾ ਫਰਕ ਨਹੀਂ ਸੀ ਰਹਿ ਗਿਆ। ਪਰ ਇਹ ਤਸੱਲੀ ਵਾਲੀ ਗੱਲ ਸੀ ਕਿ ਸਾਊਂਡ ਸਮੱਸਿਆ ਦਰੁਸਤ ਕਰ ਲਏ ਜਾਣ ਪਿੱਛੋਂ ਬੋਲ ਵੀ ਕਾਫੀ ਹੱਦ ਤੱਕ ਸਾਫ ਸੁਣਨ ਲੱਗੇ ਅਤੇ ਫਿਰ ਅਖਾੜਾ ਵੀ ਸਿਖਰ ਵੱਲ ਨੂੰ ਪੁਲਾਂਘਾਂ ਪੁੱਟਣ ਲੱਗ ਪਿਆ; ਕਿਉਂਕਿ ਗਾਇਕਾਂ ਦੇ ਸੁਰ ਨਾਲ ਕੁਝ ਲੋਕਾਂ ਦੇ ਸੁਰ ਵੀ ਰਲ਼ ਗਏ ਸਨ; ਜਦਕਿ ਕੁਝ ਨੇ ਤਾਂ ਪਾਰਕਿੰਗ ਲਾਟ ਵਿੱਚ ਆਪਣੇ ਸੁਰ ਪਹਿਲਾਂ ਹੀ ਸਿੱਧੇ ਕਰ ਲਏ ਸਨ। ਖ਼ੈਰ! ਸਰੋਤਿਆਂ ਦਾ ਮਕਸਦ ਮਨੋਰੰਜਨ ਕਰਨਾ ਸੀ, ਤੇ ਉਨ੍ਹਾਂ ਕੀਤਾ ਵੀ- ਭਾਵੇਂ ਹਾਲ ਦੇ ਅੰਦਰ ਬੈਠ ਕੇ ਗਾਇਕੀ ਦਾ ਅਨੰਦ ਮਾਣਦਿਆਂ, ਭਾਵੇਂ ਹਾਲ ਦੇ ਬਾਹਰ ਲਾਬੀ ਵਿੱਚ ਇੱਕ-ਦੂਜੇ ਨਾਲ ਸੁਰ ਮਿਲਾਉਂਦਿਆਂ!

ਹਾਲ ਦੇ ਅੰਦਰਲੇ ਸਰੋਤੇ ਗਾਇਕੀ ਸੁਣਨ ਦੇ ਸਰੂਰ ਵਿੱਚ ਬੈਠੇ ਰਹੇ, ਕਿਉਂਕਿ ਗੀਤਾਂ ਦੇ ਬੋਲ ਪੇਂਡੂ ਮਾਹੌਲ ਦੇ ਤਰਜਮਾਨ ਸਨ, ਤੇ ਲੋਕ ਮਨਾਂ ਉਤੇ ਅਸਰਅੰਦਾਜ਼ ਹੋਣ ਦੀ ਕਾਬਲੀਅਤ ਰੱਖਦੇ ਸਨ। ਮਨਮੋਹਨ ਵਾਰਿਸ ਨੇ 'ਇੱਕੋ ਘਰ ਨਹੀਂ ਜੰਮਣਾ ਮੁੜ ਕੇ ਇੱਕ ਟੱਬਰ ਦਿਆਂ ਜੀਆਂ ਨੇ' ਗੀਤ ਗਾਇਆ ਤਾਂ ਯਕੀਨਨ ਕਈਆਂ ਨੂੰ ਆਪਣੇ ਪਿੰਡਾਂ, ਘਰਾਂ ਦੇ ਸਾਂਝੇ ਚੁੱਲ੍ਹਿਆਂ ਦੀ ਯਾਦ ਆ ਗਈ ਹੋਵੇਗੀ। 'ਅਸੀਂ ਜਿੱਤਾਂਗੇ ਜਰੂਰ, ਜਾਰੀ ਜੰਗ ਰੱਖਿਓ' ਬੋਲਾਂ ਦੀ ਹੱਲਾਸ਼ੇਰੀ ਸੀ, ਤਾਂ 'ਅਮਰੀਕਾ ਆਉਣ ਤੋਂ ਪਹਿਲਾਂ ਤਾਂ ਜੱਟ ਪੂਰਾ ਦੇਸੀ ਸੀ' ਦੌਰਾਨ ਸਟੇਜ ਦੇ ਇੱਕ ਪਾਸੇ ਨੱਚਦੇ ਸਰੋਤਿਆਂ ਦਾ ਪੂਰਾ ਖਰੂਦੀ ਮਾਹੌਲ ਵੀ ਸੀ। ਕਮਲ ਹੀਰ ਗੀਤ ਗਾਉਂਦਿਆਂ ਨੱਚਿਆ ਵੀ, ਪਰ ਸਟੇਜ ਉਤੇ ਗਾਇਕੀ ਦੌਰਾਨ ਪੂਰਾ ਤਰਾਰੇ ਵਿੱਚ ਆਇਆ ਉਹ ਜਿਸ ਤਰ੍ਹਾਂ ਮੋਰ ਬਣ ਬਣ ਨੱਚਦਾ ਹੈ, ਉਂਜ ਬਹੁਤਾ ਨਾ ਨੱਚਿਆ; ਪਰ ਉਸ ਦੀ ਦਮਦਾਰ ਆਵਾਜ਼ ਦਾ ਜਾਦੂ ਸਿਰ ਚੜ੍ਹ ਚੜ੍ਹ ਬੋਲਦਾ ਹੈ। ਦੂਜੇ ਪਾਸੇ, ਮਨਮੋਹਨ ਵਾਰਿਸ ਤਾਂ ਫਿਰ ਮਨਮੋਹਨ ਵਾਰਿਸ ਹੀ ਹੈ! ਉਸ ਨੂੰ ਸਰੋਤਿਆਂ ਦੀ ਨਬਜ਼ ਟੋਹਣੀ ਆਉਂਦੀ ਹੈ ਅਤੇ ਉਹ ਉਨ੍ਹਾਂ ਦੀ ਮੰਨ ਕੇ ਤੇ ਆਪਣੀ ਮੰਨਵਾ ਕੇ ਅਖਾੜੇ ਦੌਰਾਨ ਇਤਫਾਕੀਆ ਮਾਹੌਲ ਸਿਰਜ ਲੈਂਦਾ ਹੈ।

ਫਾਈਵ ਰਿਵਰਜ਼ ਐਂਟਰਟੇਨਮੈਂਟ ਦੇ ਡਾ. ਵਿਕਰਮ ਗਿੱਲ ਨੇ ਸ਼ੁਰੂ ਵਿੱਚ ਮੰਚ ਸੰਚਾਲਨ ਕਰ ਕੇ ਮੁੜ ਸਟੇਜ ਗਾਇਕ ਭਰਾਵਾਂ ਦੇ ਹਵਾਲੇ ਕਰ ਦਿੱਤੀ ਸੀ, ਜਦਕਿ ਗੁਰਪ੍ਰੀਤ ਸਿੰਘ ਸਿੱਧੂ, ਅੰਮ੍ਰਿਤਪਾਲ ਮਾਂਗਟ, ਇੰਦਰ ਵਿਰਕ, ਅਮਿਤਪਾਲ ਗਿੱਲ, ਹੌਬੀ ਗਰੇਵਾਲ, ਹਰਬੀਰ ਵਿਰਕ ਤੇ ਸਹਿਯੋਗੀ ਹੋਰ ਜ਼ਿੰਮੇਵਾਰੀਆਂ ਵਿੱਚ ਮਸ਼ਰੂਫ ਸਨ। ਸ਼ੋਅ ਦੇ ਇੱਕ ਪ੍ਰਬੰਧਕ ਦੀ ਪੰਜਾਬ ਗਏ ਹੋਣ ਕਾਰਨ ਗੈਰ-ਹਾਜ਼ਰੀ ਉਤੇ ਇੱਕ ਸੱਜਣ ਨੇ ਮਜ਼ਾਹੀਆ ਵਿਅੰਗ ਕੱਸਿਆ, 'ਇਹ ਤਾਂ ਉਹ ਗੱਲ ਹੋਈ ਕਿ ਵਿਆਹ ਧਰ ਕੇ ਲਾੜਾ ਉਡੰਤ ਹੋ ਗਿਆ!' ਖ਼ੈਰ, ਹਾਜ਼ਰੀ ਪੱਖੋਂ ਸ਼ੋਅ ਪੂਰਾ ਕਾਮਯਾਬ ਰਿਹਾ; ਹਾਲਾਂਕਿ ਉਸੇ ਦਿਨ ਇੰਡੀਅਨਐਪੋਲਿਸ ਵਿੱਚ ਵੀ ਪੰਜਾਬੀ ਮੇਲਾ ਸੀ ਤੇ ਸ਼ਿਕਾਗੋ ਤੋਂ ਦੋ ਟੋਲੇ ਉਥੇ ਪਹੁੰਚੇ ਹੋਏ ਸਨ। ਇਸੇ ਤਰ੍ਹਾਂ ਇੱਕ ਪ੍ਰੋਗਰਾਮ ਵਿਸਕਾਨਸਿਨ ਦੇ ਐਪਲਟਨ ਏਰੀਏ ਵਿੱਚ ਵੀ ਸੀ।

'ਪੰਜਾਬੀ ਵਿਰਸਾ' ਸੁਣਨ ਲਈ ਸਥਾਨਕ ਸਰੋਤਿਆਂ ਤੋਂ ਇਲਾਵਾ ਵਿਸਕਾਨਸਿਨ ਦੇ ਸ਼ਹਿਰਾਂ- ਮੈਡੀਸਨ, ਐਪਲਟਨ, ਮਿਲਵਾਕੀ ਅਤੇ ਇੰਡੀਆਨਾ ਦੇ ਕਰਾਊਨ ਪੁਆਇੰਟ ਤੇ ਆਲੇ-ਦੁਆਲੇ ਦੇ ਸ਼ਹਿਰਾਂ ਤੋਂ ਵੀ ਲੋਕ ਆਏ ਹੋਏ ਸਨ। ਕੁਝ ਸੱਜਣਾਂ ਦਾ ਕਹਿਣਾ ਸੀ ਕਿ ਫਾਈਵ ਰਿਵਰਜ਼ ਐਂਟਰਟੇਨਮੈਂਟ ਨੇ 'ਪੰਜਾਬੀ ਵਿਰਸਾ' ਕਰਵਾ ਕੇ ਪੰਜਾਬੀ ਤੇ ਪੰਜਾਬੀਅਤ ਨੂੰ ਤਰਜੀਹ ਦਿੱਤੀ ਹੈ; ਕਿਉਂਕਿ ਇਸੇ ਸੰਸਥਾ ਵੱਲੋਂ ਸਾਲ 2023 ਵੱਲੋਂ ਕਰਵਾਇਆ ਗਿਆ ਯਾਸਿਰ ਹੁਸੈਨ ਦਾ ਸ਼ੋਅ ਵੀ ਪੰਜਾਬੀ ਟੱਪਿਆਂ ਤੇ ਸੱਭਿਆਚਾਰ ਦੀ ਪੇਸ਼ਕਾਰੀ ਨਾਲ ਭਰਪੂਰ ਸੀ। ਜਦਕਿ ਅੱਜ ਕੱਲ੍ਹ ਦੇ ਬਹੁਤੇ ਗਾਇਕ ਇਸ਼ਕ-ਮੁਸ਼ਕ, ਹੁੱਲੜਬਾਜ਼ੀ ਜਾਂ ਹਥਿਆਰਾਂ ਵਾਲੇ ਗੀਤਾਂ ਪ੍ਰਤੀ ਉਲਾਰ ਹਨ।

# ਪੀ.ਏ.ਓ. ਦਾ 'ਤੀਆਂ ਦਾ ਮੇਲਾ' 20 ਜੁਲਾਈ ਨੂੰ

***ਰੁਪਿੰਦਰ ਹਾਂਡਾ ਲਾਵੇਗੀ ਗਾਇਕੀ ਦਾ ਅਖਾੜਾ**



**ਸ਼ਿਕਾਗੋ (ਅਨੁਰੀਤ ਕੌਰ ਢਿੱਲੋਂ):** ਪੰਜਾਬੀ ਅਮੈਰਿਕਨ ਆਰਗੇਨਾਈਜ਼ੇਸ਼ਨ (ਪੀ.ਏ.ਓ.) ਸ਼ਿਕਾਗੋ ਦਾ ਸਾਲਾਨਾ 21ਵਾਂ ਪ੍ਰੋਗਰਾਮ 'ਤੀਆਂ ਦਾ ਮੇਲਾ' 20 ਜੁਲਾਈ 2025, ਐਤਵਾਰ ਨੂੰ ਸਵੇਰੇ 11:30 ਤੋਂ ਸ਼ਾਮ 4 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਇਸ ਮੌਕੇ 'ਕਾਲੀ ਐਕਟਿਵਾ' ਅਤੇ ਹੋਰ ਕਈ ਗੀਤਾਂ ਨਾਲ ਮਸ਼ਹੂਰ ਹੋਈ ਪੰਜਾਬੀ ਗਾਇਕਾ ਰੁਪਿੰਦਰ ਹਾਂਡਾ ਆਪਣੀ ਗਾਇਕੀ ਦਾ ਖੁੱਲ੍ਹਾ ਅਖਾੜਾ ਲਾਵੇਗੀ।

ਸੰਸਥਾ ਦੀ ਪ੍ਰਧਾਨ ਜਸਮੀਤ ਕੌਰ ਸੁੱਗਾ ਅਤੇ ਮਿੰਨੀ ਮੁਲਤਾਨੀ ਨੇ ਦੱਸਿਆ ਕਿ ਇਹ ਤੀਆਂ ਦਾ ਮੇਲਾ ਸਿਰਫ ਬੀਬੀਆਂ ਦੇ ਮਨੋਰੰਜਨ ਲਈ ਰੱਖਿਆ ਗਿਆ ਹੈ; ਕਿਉਂਕਿ ਕੁੜੀਆਂ, ਬੀਬੀਆਂ ਤੀਆਂ ਚਾਅ ਨਾਲ ਮਨਾਉਂਦੀਆਂ ਹਨ। ਸੰਸਥਾ ਦਾ ਮਨੋਰਥ ਹੈ ਕਿ ਪਰਦੇਸ ਵਿੱਚ ਰਹਿੰਦਿਆਂ ਕੁੜੀਆਂ ਦੇ ਤਿਓਹਾਰ ਮਨਾਉਣ ਲਈ ਅਜਿਹੇ ਮਨੋਰੰਜਨ ਭਰਪੂਰ ਤੇ ਰੰਗਰੰਗ ਪ੍ਰੋਗਰਾਮ ਕਰਵਾਏ ਜਾਣ। ਉਨ੍ਹਾਂ ਦੱਸਿਆ ਕਿ ਇਸ ਮੌਕੇ ਗਿੱਧਾ ਹੋਵੇਗਾ, ਢੋਲਕੀ ਦੀ ਥਾਪ 'ਤੇ ਬੋਲੀਆਂ ਪੈਣਗੀਆਂ, ਗੀਤ-ਟੱਪੇ ਗਾਏ ਜਾਣਗੇ ਅਤੇ ਹੋਰ ਨਿੱਕ-ਸੁੱਕ ਪੇਸ਼ਕਾਰੀਆਂ ਹੋਣਗੀਆਂ, ਜੋ ਮੇਲੇ ਵਿੱਚ ਹਾਜ਼ਰ ਬੀਬੀਆਂ ਵੱਲੋਂ ਰਲ-ਮਿਲ ਕੇ ਕੀਤੀਆਂ ਜਾਣਗੀਆਂ।





ਜਸਮੀਤ ਕੌਰ ਸੁੱਗਾ ਅਤੇ ਮਿੰਨੀ ਮੁਲਤਾਨੀ

ਮੇਲੇ ਦੀਆਂ ਪ੍ਰਬੰਧਕ ਬੀਬੀਆਂ ਅਨੁਸਾਰ ਇਸ ਵਾਰ ਬੀਬੀਆਂ ਦੇ ਮੇਲੇ ਦਾ ਵਿਸ਼ੇਸ਼ ਆਕਰਸ਼ਣ 'ਫੈਸ਼ਨ ਸ਼ੋਅ' ਹੋਵੇਗਾ, ਜਿਸ ਦੌਰਾਨ ਪੰਜਾਬੀ ਅਤੇ ਭਾਰਤੀ ਪਹਿਰਾਵਿਆਂ ਦੇ ਨਾਲ ਨਾਲ ਵਿਦੇਸ਼ੀ ਪਹਿਰਾਵਿਆਂ ਦੀ ਨੁਮਾਇਸ਼ ਵੀ ਕੀਤੀ ਜਾਵੇਗੀ। ਮਹਿੰਦੀ ਅਤੇ ਖਾਣੇ ਦਾ ਸਟਾਲ ਵੀ ਹੋਵੇਗਾ। ਖਰੀਦੋ-ਫਰੋਖਤ ਲਈ ਸੂਟਾਂ, ਗਹਿਣਿਆਂ, ਪੰਜਾਬੀ ਜੁੱਤੀਆਂ ਤੇ ਸਜਣ-ਸੰਵਰਨ ਨਾਲ ਸਬੰਧਤ ਹੋਰ ਸਟਾਲ ਵੀ ਲਾਏ ਜਾਣਗੇ।

'ਤੀਆਂ ਦਾ ਮੇਲਾ' ਆਸ਼ੀਆਨਾ ਬੈਂਕੁਇਟ ਹਾਲ (1620 75th Street, Downers Grove, IL 60516) ਵਿਖੇ ਹੋਵੇਗਾ। ਆਮ ਦਾਖਲਾ ਮੁਫਤ ਹੋਵੇਗਾ, ਜਦਕਿ ਸਪਾਂਸਰਾਂ ਅਤੇ ਵੀ.ਆਈ.ਪੀਜ਼ ਲਈ ਸੀਟਾਂ ਰਾਖਵੀਆਂ ਹੋਣਗੀਆਂ। ਪ੍ਰੋਗਰਾਮ ਦੇ ਅਖੀਰ ਵਿੱਚ ਬਤੌਰ ਮੁੱਖ ਮਹਿਮਾਨ ਦਰਸ਼ਨ ਸਿੰਘ ਧਾਲੀਵਾਲ ਤੇ ਡੈਬਰਾ ਧਾਲੀਵਾਲ ਵੱਲੋਂ ਸਪਾਂਸਰਾਂ ਦਾ ਸਨਮਾਨ ਕੀਤਾ ਜਾਵੇਗਾ। ਗੈਸਟ ਆਫ ਆਨਰ ਜੇ.ਪੀ. ਖਹਿਰਾ ਹਨ, ਜਦਕਿ ਗਰੈਂਡ ਸਪਾਂਸਰ ਜੋਡੀ ਭਮਰਾ ਤੇ ਮੈਕ ਭਮਰਾ ਅਤੇ ਗੋਲਡ ਸਪਾਂਸਰ ਰਾਜ ਧਾਲੀਵਾਲ ਤੇ ਭੁਪਿੰਦਰ ਸਿੰਘ ਧਾਲੀਵਾਲ ਹਨ। ਸੰਸਥਾ ਨੇ ਭਾਈਚਾਰੇ ਦੀਆਂ ਬੀਬੀਆਂ ਨੂੰ ਇਸ ਤੀਆਂ ਦੇ ਮੇਲੇ ਵਿੱਚ ਆਪਣੀਆਂ ਧੀਆਂ, ਨੂੰਹਾਂ, ਬਜ਼ੁਰਗ ਮਾਤਾਵਾਂ ਤੇ ਸਹੇਲੀਆਂ ਨੂੰ ਨਾਲ ਲੈ ਕੇ ਆਉਣ ਦੀ ਬੇਨਤੀ ਕੀਤੀ ਹੈ, ਜੋ ਸਾਰੀਆਂ ਇਕੱਤਰ ਹੋ ਕੇ ਇੱਕ ਪਰਿਵਾਰਕ ਮਾਹੌਲ ਵਿੱਚ ਨੱਚ-ਗਾ ਸਕਣ ਅਤੇ ਮਨੋਰੰਜਨ ਕਰ ਸਕਣ। ਹੋਰ ਜਾਣਕਾਰੀ ਲਈ ਸੰਸਥਾ ਦੀ ਪ੍ਰਧਾਨ ਜਸਮੀਤ ਕੌਰ ਸੁੱਗਾ ਨਾਲ ਫੋਨ: 630-673-6300 ਅਤੇ ਮਿੰਨੀ ਮੁਲਤਾਨੀ ਨਾਲ ਫੋਨ: 630-935-5239 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ। ਸਪਾਂਸਰਾਂ ਅਤੇ ਪੇਸ਼ਕਾਰੀਆਂ ਵਿੱਚ ਹਿੱਸਾ ਲੈਣ ਲਈ ਅਖੀਰਲੇ ਪੰਨੇ ਉਤੇ ਪ੍ਰਕਾਸ਼ਿਤ ਸੰਸਥਾ ਦੇ ਇਸ਼ਤਿਹਾਰ ਵਿੱਚ ਦਿੱਤੇ ਫੋਨ ਨੰਬਰਾਂ ਉਤੇ ਜਾਂ ਸੰਸਥਾ ਦੇ ਮੈਨੇਜਿੰਗ ਡਾਇਰੈਕਟਰਾਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਵਪਾਰ ਯੁੱਧ ਦੀ ਥਾਂ ਨਵੇਂ ਆਰਥਿਕ ਪ੍ਰਬੰਧ ਦਾ ਮੰਤਰ

## *ਟੈਰਿਫ ਅਸਫਲ, ਪਰ ਪੁਰਾਣਾ ਮਾਡਲ ਵੀ ਨਹੀਂ ਬਚਾ ਸਕੇਗਾ

### ਵਿਸ਼ਵਵਿਆਪੀ ਮੁੱਦੇ

**ਗੈਬਰ ਸ਼ੀਅਰਿੰਗ***

ਸੰਯੁਕਤ ਰਾਜ ਅਮਰੀਕਾ ਅਤੇ ਚੀਨ ਨੇ ਲੰਘੇ ਦਿਨੀਂ ਐਲਾਨ ਕੀਤਾ ਕਿ ਉਹ 90 ਦਿਨਾਂ ਲਈ ਪਰਸਪਰ ਟੈਰਿਫਾਂ 'ਤੇ ਰੋਕ ਲਗਾ ਰਹੇ ਹਨ। ਇੱਕ ਸਾਂਝੇ ਬਿਆਨ ਵਿੱਚ ਕਿਹਾ ਗਿਆ ਹੈ ਕਿ ਵਪਾਰਕ ਗੱਲਬਾਤ ਜਾਰੀ ਰਹਿਣ ਦੌਰਾਨ ਕੁਝ ਟੈਰਿਫ ਬਰਕਰਾਰ ਰੱਖੇ ਜਾਣਗੇ। ਇਹ ਅਪਰੈਲ ਦੇ ਸ਼ੁਰੂ ਵਿੱਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਲਗਾਏ ਗਏ ਵੱਡੇ ਟੈਰਿਫਾਂ ਦਾ ਇੱਕ ਹੋਰ ਉਲਟਾ ਹੈ, ਜਿਸਨੇ ਵਿਸ਼ਵਵਿਆਪੀ ਅਰਥਵਿਵਸਥਾ ਨੂੰ ਅਸਥਿਰ ਕਰ ਦਿੱਤਾ ਅਤੇ ਸਟਾਕ ਬਾਜ਼ਾਰਾਂ ਦੇ ਡਿੱਗਣ ਵਿੱਚ ਭੂਮਿਕਾ ਨਿਭਾਈ। ਹਾਲਾਂਕਿ ਉਸਨੇ ਦਾਅਵਾ ਕੀਤਾ ਕਿ ਉਸਦੇ ਉਪਾਅ ਅਮਰੀਕੀ ਅਰਥਵਿਵਸਥਾ ਨੂੰ 'ਬੂਮ' ਬਣਾਉਣਗੇ। ਵਪਾਰ ਯੁੱਧ ਅਮਰੀਕੀ ਕਾਮਿਆਂ ਦੀ ਹਾਲਤ ਵਿੱਚ ਸੁਧਾਰ ਨਹੀਂ ਕਰ ਸਕਦਾ, ਨਾ ਹੀ ਦੇਸ਼ ਵਿੱਚ ਨਿਰਮਾਣ ਕਾਰਜਾਂ ਨੂੰ ਪ੍ਰਫੁਲਿਤ ਕਰ ਸਕਦਾ ਹੈ। ਹੁਣ ਕਾਰਪੋਰੇਸ਼ਨਾਂ ਵੱਲੋਂ ਮੁਨਾਫ਼ੇ ਦੇ ਟੀਚਿਆਂ ਨੂੰ ਘਟਾਉਣ ਅਤੇ ਅਮਰੀਕੀ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਦੇ ਸੁੰਗੜਨ ਦੀਆਂ ਰਿਪੋਰਟਾਂ ਤੋਂ ਡਰਿਆ ਹੋਇਆ ਟਰੰਪ ਪ੍ਰਸ਼ਾਸਨ ਆਪਣੀ ਰਣਨੀਤੀ ਤੋਂ ਪਿੱਛੇ ਹਟਦਾ ਜਾਪਦਾ ਹੈ।

ਮੌਜੂਦਾ ਵਿਸ਼ਵ ਆਰਥਿਕ ਪ੍ਰਣਾਲੀ, ਜੋ ਕਿ ਦਹਾਕਿਆਂ ਤੋਂ ਅਮੀਰਾਂ ਦੇ ਪੱਖ ਵਿੱਚ ਚੱਲ ਰਹੀਆਂ ਨੀਤੀਆਂ ਕਰਕੇ ਵਿਗੜੀ ਹੋਈ ਹੈ, ਆਪਣੇ ਆਪ ਨੂੰ ਅਸਥਿਰ ਸਾਬਤ ਕਰ ਚੁੱਕੀ ਹੈ। ਇਸੇ ਲਈ ਸਾਨੂੰ ਇੱਕ ਨਵੇਂ ਵਿਸ਼ਵ ਆਰਥਿਕ ਪ੍ਰਬੰਧ ਦੀ ਲੋੜ ਹੈ, ਜੋ ਗਲੋਬਲੀ ਉੱਤਰ ਤੇ ਦੱਖਣ- ਦੋਵਾਂ ਵਿੱਚ ਸਮਾਵੇਸ਼ੀ ਤੇ ਟਿਕਾਊ ਵਿਕਾਸ ਨੂੰ ਉਤਸ਼ਾਹਿਤ ਕਰੇ ਅਤੇ ਗਲੋਬਲ ਸਮਾਜਿਕ-ਆਰਥਿਕ ਚੁਣੌਤੀਆਂ ਦਾ ਹੱਲ ਕਰੇ। ਦੁਨੀਆ ਭਰ ਦੀਆਂ ਅਰਥਵਿਵਸਥਾਵਾਂ ਇਸ ਸਮੇਂ ਜਿਨ੍ਹਾਂ ਮੁਸੀਬਤਾਂ ਦਾ ਸਾਹਮਣਾ ਕਰ ਰਹੀਆਂ ਹਨ, ਉਹ ਪਿਛਲੇ 80 ਸਾਲਾਂ ਦੌਰਾਨ ਗਲੋਬਲ ਨੌਰਥ ਦੇ ਕੁਲੀਨ ਵਰਗ ਦੁਆਰਾ ਲਾਗੂ ਕੀਤੀਆਂ ਗਈਆਂ ਨੀਤੀਆਂ ਦਾ ਨਤੀਜਾ ਹਨ। ਆਪਣੇ ਮੂਲ ਕੀਨੇਸੀਅਨ ਦ੍ਰਿਸ਼ਟੀਕੋਣ ਵਿੱਚ, ਦੂਜੇ ਵਿਸ਼ਵ ਯੁੱਧ ਤੋਂ ਬਾਅਦ ਸਹਿਯੋਗੀ ਸ਼ਕਤੀਆਂ ਦੁਆਰਾ ਪੇਸ਼ ਕੀਤੇ ਗਏ ਆਰਥਿਕ ਪ੍ਰਬੰਧ ਦਾ ਉਦੇਸ਼ ਵਪਾਰ, ਕਿਰਤ ਅਤੇ ਵਿਕਾਸ ਦੇ ਸਭ ਤੋਂ ਵਧੀਆ ਅਭਿਆਸਾਂ ਨੂੰ ਜੋੜਨਾ ਸੀ, ਤਾਂ ਜੋ ਸਮਾਵੇਸ਼ੀ ਵਿਕਾਸ ਨੂੰ ਉਤਸ਼ਾਹਿਤ ਕੀਤਾ ਜਾ ਸਕੇ। ਹਾਲਾਂਕਿ ਅਗਲੇ ਕੁਝ ਦਹਾਕਿਆਂ ਦੌਰਾਨ ਅਮਰੀਕਾ ਅਤੇ ਬ੍ਰਿਟੇਨ ਵਿੱਚ ਕਾਰਪੋਰੇਟ ਵਿਰੋਧ ਨੇ ਇਸ ਵਿਵਸਥਾ ਨੂੰ ਪਟੜੀ ਤੋਂ ਉਤਾਰ ਦਿੱਤਾ, ਇਸਦੀ ਥਾਂ ਗਲੋਬਲ ਨੌਰਥ ਦੇ ਮੁੱਖ ਆਰਥਿਕ ਸਾਧਨਾਂ, ਜੋ 1944 ਵਿੱਚ ਬਣਾਏ ਗਏ, ਨੂੰ ਵਿਸ਼ਵ ਬੈਂਕ ਅਤੇ ਅੰਤਰਰਾਸ਼ਟਰੀ ਮੁਦਰਾ ਫੰਡ ਦੁਆਲੇ ਕੇਂਦਰਿਤ ਇੱਕ ਤਿਰਛੀ ਪ੍ਰਣਾਲੀ ਨਾਲ ਲੈਸ ਕਰ ਦਿੱਤਾ।

1970 ਦੇ ਦਹਾਕੇ ਵਿੱਚ ਆਰਥਿਕ ਕੁਲੀਨ ਵਰਗ ਨੇ ਵਧਦੀ ਮਹਿੰਗਾਈ ਅਤੇ ਖੜੋਤ ਦਾ ਦੋਸ਼ ਤੇਲ ਸੰਕਟ ਵਰਗੇ ਅਸਥਾਈ ਝਟਕਿਆਂ 'ਤੇ ਨਹੀਂ, ਸਗੋਂ ਸੰਗਠਿਤ ਮਜ਼ਦੂਰਾਂ ਨੂੰ ਬਹੁਤ ਜ਼ਿਆਦਾ ਰਿਆਇਤਾਂ ਵਜੋਂ ਵੇਖਦੇ ਹੋਏ ਲਗਾਇਆ: ਜਿਵੇਂ, ਜ਼ਿਆਦਾ ਸਰਕਾਰੀ ਖਰਚ, ਮਜ਼ਬੂਤ ਯੂਨੀਅਨਾਂ ਅਤੇ ਭਾਰੀ ਨਿਯਮ। ਇਸ ਤੋਂ ਬਾਅਦ ਉਨ੍ਹਾਂ ਨੇ ਸੱਤਾ ਦੀ ਵੰਡ ਅਤੇ ਸਮਾਜਿਕ ਸਮਝੌਤੇ ਦੇ ਕੀਨੇਸ਼ੀਅਨ ਮਾਡਲ ਦੇ ਵਿਰੁੱਧ ਇੱਕ ਸੰਸਥਾਗਤ ਵਿਰੋਧੀ ਇਨਕਲਾਬ ਸ਼ੁਰੂ ਕੀਤਾ। ਇਹ ਵਿਰੋਧੀ ਇਨਕਲਾਬ 1980 ਦੇ ਦਹਾਕੇ ਵਿੱਚ ਅਮਰੀਕੀ ਰਾਸ਼ਟਰਪਤੀ ਰੋਨਾਲਡ ਰੀਗਨ ਅਤੇ ਯੂ.ਕੇ. ਦੀ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਦੇ ਅਧੀਨ ਹੋਇਆ, ਜਿਨ੍ਹਾਂ ਨੇ ਕਾਰਪੋਰੇਟ ਮੁਨਾਫੇ ਨੂੰ ਬਹਾਲ ਕਰਨ ਲਈ ਨੀਤੀਆਂ ਨੂੰ ਉਲਾਰ ਢੰਗ ਨਾਲ ਅਪਣਾਇਆ। ਉਨ੍ਹਾਂ ਨੇ ਅਮੀਰਾਂ 'ਤੇ ਟੈਕਸ ਘਟਾਏ, ਅੰਤਰਰਾਸ਼ਟਰੀ ਪੂੰਜੀ ਪ੍ਰਵਾਹ ਨੂੰ ਉਦਾਰ ਬਣਾਇਆ ਜਿਸ ਨਾਲ ਉਤਪਾਦਨ ਨੂੰ ਘੱਟ ਲਾਗਤ ਵਾਲੀਆਂ ਅਰਥਵਿਵਸਥਾਵਾਂ ਵਿੱਚ ਤਬਦੀਲ ਕਰਨਾ ਆਸਾਨ ਹੋ ਗਿਆ, ਪਰ ਵਿੱਤੀ ਖੇਤਰ ਨੂੰ ਨਿਯਮਤ ਨਹੀਂ ਕੀਤਾ ਗਿਆ, ਸਗੋਂ ਮਜ਼ਦੂਰ ਯੂਨੀਅਨਾਂ ਨੂੰ ਕਮਜ਼ੋਰ ਤੇ ਜਨਤਕ ਸੇਵਾਵਾਂ ਦਾ ਨਿੱਜੀਕਰਨ ਕੀਤਾ ਗਿਆ। ਇੰਜ ਕਿਰਤ ਦੀ ਆਊਟਸੋਰਸਿੰਗ, ਟੈਕਸ ਚੋਰੀ, ਰੀਅਲ ਅਸਟੇਟ ਸੱਟੇਬਾਜ਼ੀ,




ਵਿੱਤੀਕਰਨ ਅਤੇ ਕ੍ਰੈਡਿਟ-ਇੰਧਨ ਵਾਲੇ ਬੁਲਬੁਲੇ ਅਮਰੀਕੀ ਕਾਰਪੋਰੇਸ਼ਨਾਂ ਲਈ ਮੁਨਾਫ਼ਾ ਕਮਾਉਣ ਦੇ ਪ੍ਰਮੁੱਖ ਤਰੀਕੇ ਬਣ ਗਏ।

ਨਤੀਜੇ ਵਜੋਂ 1980 ਅਤੇ 90 ਦੇ ਦਹਾਕੇ ਬਹੁਤ ਸਾਰੇ ਦੇਸ਼ਾਂ ਲਈ ਕੱਟੜਪੰਥੀ ਉਦਾਰੀਕਰਨ ਰਾਹੀਂ ਵਿਸ਼ਵੀਕਰਨ ਨੂੰ ਅਪਣਾਉਣ ਵਿੱਚ ਗੁਆਚੇ ਦਹਾਕੇ ਬਣ ਗਏ। ਇਨ੍ਹਾਂ ਨੀਤੀਆਂ ਨੇ ਵੱਡੇ ਪੱਧਰ 'ਤੇ ਰੁਜ਼ਗਾਰ ਦੇ ਝਟਕੇ, ਵਧਦੀ ਅਸਮਾਨਤਾ, ਅਸਮਾਨ ਛੂਹ ਰਹੇ ਕਰਜ਼ੇ ਅਤੇ ਮੈਕਸੀਕੋ ਤੋਂ ਰੂਸ ਤੱਕ ਲਗਾਤਾਰ ਵਿੱਤੀ ਉਥਲ-ਪੁਥਲ ਨੂੰ ਜਨਮ ਦਿੱਤਾ। ਪੂਰਬੀ ਏਸ਼ੀਆਈ ਅਰਥਵਿਵਸਥਾਵਾਂ ਇਸ ਦੇ ਅਪਵਾਦ ਸਨ, ਕਿਉਂਕਿ ਉਨ੍ਹਾਂ ਨੇ ਉਦਾਰ ਵਿਸ਼ਵੀਕਰਨ ਦੇ ਬੰਧਨ ਨੂੰ ਪਾਰ ਕਰਨਾ ਸਿੱਖਿਆ ਅਤੇ ਆਪਣੀਆਂ ਸ਼ਰਤਾਂ 'ਤੇ ਵਿਸ਼ਵ ਅਰਥਵਿਵਸਥਾ ਵਿੱਚ ਸ਼ਾਮਲ ਹੋ ਗਏ।

ਇਸ ਪ੍ਰਣਾਲੀ ਦੇ ਸਭ ਤੋਂ ਵੱਡੇ ਲਾਭਪਾਤਰੀ ਪੱਛਮੀ ਆਰਥਿਕ ਕੁਲੀਨ ਵਰਗ ਸਨ, ਕਿਉਂਕਿ ਕਾਰਪੋਰੇਸ਼ਨਾਂ ਨੂੰ ਵਿਦੇਸ਼ਾਂ ਵਿੱਚ ਘੱਟ ਲਾਗਤ ਵਾਲੇ ਉਤਪਾਦਨ ਅਤੇ ਘਰੇਲੂ ਪੱਧਰ 'ਤੇ ਨਿਯੰਤਰਣ ਤੋਂ ਲਾਭ ਹੋਇਆ। ਇਹੀ ਗੱਲ ਪੱਛਮੀ ਕਾਮਿਆਂ ਲਈ ਨਹੀਂ ਕਹੀ ਜਾ ਸਕਦੀ, ਜਿਨ੍ਹਾਂ ਨੂੰ ਮੁਕਾਬਲੇਬਾਜ਼ੀ, ਪੁਨਰਵਾਸ ਅਤੇ ਆਟੋਮੇਸ਼ਨ ਦੇ ਦਬਾਅ ਹੇਠ ਅਸਲ ਉਜਰਤਾਂ ਵਿੱਚ ਰੁਕਾਵਟ, ਕਿਰਤ ਸੁਰੱਖਿਆ ਵਿੱਚ ਕਮੀ ਅਤੇ ਵਧਦੀ ਆਰਥਿਕ ਅਸੁਰੱਖਿਆ ਦਾ ਸਾਹਮਣਾ ਕਰਨਾ ਪਿਆ।

ਸਾਡੇ ਵਿੱਚੋਂ ਜਿਨ੍ਹਾਂ ਨੇ ਯੁੱਧ ਤੋਂ ਬਾਅਦ ਦੀ ਆਰਥਿਕ ਵਿਵਸਥਾ ਦਾ ਅਧਿਐਨ ਕੀਤਾ, ਉਨ੍ਹਾਂ ਲਈ ਇਹ ਸਪੱਸ਼ਟ ਸੀ ਕਿ ਉਦਾਰਵਾਦੀ ਵਿਸ਼ਵੀਕਰਨ ਦੀਆਂ ਕਮੀਆਂ ਨੂੰ ਠੀਕ ਕੀਤੇ ਬਿਨਾ ਇੱਕ ਰਾਸ਼ਟਰਵਾਦੀ, ਅਨੁਸ਼ਾਸਨਹੀਣ ਵਿਰੋਧੀ ਇਨਕਲਾਬ ਆ ਰਿਹਾ ਸੀ। ਅਸੀਂ ਯੂਰਪ ਵਿੱਚ ਇਸ ਦੇ ਸੰਕੇਤ ਸ਼ੁਰੂ ਵਿੱਚ ਦੇਖੇ, ਜਿੱਥੇ ਉਦਾਰਵਾਦੀ ਲੋਕਪ੍ਰਿਯ ਲੋਕ ਪ੍ਰਮੁੱਖਤਾ ਪ੍ਰਾਪਤ ਕਰਦੇ ਸਨ, ਪਹਿਲਾਂ ਘੇਰੇ ਵਿੱਚ ਪੈਰ ਜਮਾਉਂਦੇ ਸਨ ਅਤੇ ਫਿਰ ਹੌਲੀ-ਹੌਲੀ ਯੂਰਪ ਦੀ ਸਭ ਤੋਂ ਵਿਘਨਕਾਰੀ ਸ਼ਕਤੀ ਬਣ ਗਏ। ਜਿਨ੍ਹਾਂ ਦੇਸ਼ਾਂ ਵਿੱਚ ਉਨ੍ਹਾਂ ਨੇ ਸੱਤਾ ਹਾਸਲ ਕੀਤੀ, ਉਨ੍ਹਾਂ ਨੇ ਵਿਕਾਸਵਾਦ ਵਰਗੀਆਂ ਸਤਹੀ ਨੀਤੀਆਂ ਅਪਣਾਈਆਂ। ਫਿਰ ਵੀ, ਅਸਲੀ ਢਾਂਚਾਗਤ ਤਬਦੀਲੀ ਪ੍ਰਾਪਤ ਕਰਨ ਦੀ ਬਜਾਏ ਉਨ੍ਹਾਂ ਨੇ ਰਾਜਨੀਤਿਕ ਤੌਰ 'ਤੇ ਜੁੜੇ ਕੁਲੀਨ ਵਰਗਾਂ ਦੇ ਦਬਦਬੇ ਵਾਲੇ ਕੁਲੀਨ ਵਰਗਾਂ ਨੂੰ ਉਤਸ਼ਾਹਿਤ ਕੀਤਾ। ਵਿਕਾਸ ਦੀ ਥਾਂ ਉਨ੍ਹਾਂ ਨੇ ਉਤਪਾਦਕਤਾ ਜਾਂ ਨਵੀਨਤਾ ਨੂੰ ਵਧਾਏ ਬਿਨਾ ਕਿਰਾਏ ਦੀ ਮੰਗ ਅਤੇ ਸਰੋਤ ਕੱਢਣ ਦਾ ਕੰਮ ਕੀਤਾ।

ਟਰੰਪ ਦੀਆਂ ਆਰਥਿਕ ਨੀਤੀਆਂ ਆਰਥਿਕ ਲੋਕਪ੍ਰਿਯਤਾ ਅਤੇ ਰਾਸ਼ਟਰਵਾਦੀ ਬਿਆਨਬਾਜ਼ੀ ਦੇ ਸਮਾਨ ਚੱਲਦੀਆਂ ਹਨ। ਜਿਵੇਂ ਯੂਰਪ ਵਿੱਚ ਉਦਾਰਵਾਦੀ ਆਰਥਿਕ ਨੀਤੀਆਂ ਅਸਫਲ ਹੋਈਆਂ, ਉਸੇ ਤਰ੍ਹਾਂ ਉਸਦੇ ਟੈਰਿਫ ਕਦੇ ਵੀ ਜਾਦੂਈ ਢੰਗ ਨਾਲ ਅਮਰੀਕਾ ਦਾ ਪੁਨਰ ਉਦਯੋਗੀਕਰਨ ਨਹੀਂ ਕਰਨਗੇ ਜਾਂ ਮਜ਼ਦੂਰ ਵਰਗ ਦੇ ਦੁੱਖਾਂ ਨੂੰ ਖਤਮ ਨਹੀਂ ਕਰਨਗੇ। ਜੇ ਕੁਝ ਵੀ ਹੈ, ਤਾਂ ਟੈਰਿਫ ਜਾਂ ਹੁਣ ਉਨ੍ਹਾਂ ਨੂੰ ਲਗਾਉਣ ਦੀ ਧਮਕੀ- ਚੀਨ ਦੀ ਮੁਕਾਬਲੇਬਾਜ਼ੀ ਦੀ ਧਾਰ ਨੂੰ ਤੇਜ਼ ਕਰੇਗੀ, ਇਸਨੂੰ ਘਰੇਲੂ ਸਪਲਾਈ ਚੇਨਾਂ ਨੂੰ ਡੂੰਘਾ ਕਰਨ, ਖੇਤਰੀ ਸਹਿਯੋਗ ਨੂੰ ਉਤਸ਼ਾਹਿਤ ਕਰਨ ਅਤੇ ਪੱਛਮੀ ਬਾਜ਼ਾਰਾਂ 'ਤੇ ਨਿਰਭਰਤਾ ਘਟਾਉਣ ਲਈ ਮਜਬੂਰ ਕਰੇਗੀ। ਅਮਰੀਕਾ ਵਿੱਚ ਅਨੁਸ਼ਾਸਨਹੀਣ ਪ੍ਰਤੀਕਿਰਿਆ ਕਿਰਤ ਮਿਆਰਾਂ ਨੂੰ ਹੇਠਾਂ ਖਿੱਚੇਗੀ, ਮਹਿੰਗਾਈ ਦੁਆਰਾ ਅਸਲ ਉਜਰਤਾਂ ਨੂੰ ਘਟਾ ਦੇਵੇਗੀ ਅਤੇ ਕੁਲੀਨ ਵਰਗ ਨੂੰ ਨਕਲੀ ਸੁਰੱਖਿਆ ਪ੍ਰਦਾਨ ਕਰੇਗੀ।

ਇਸ ਤੋਂ ਇਲਾਵਾ ਟਰੰਪ ਕੋਲ ਕੋਈ ਅਸਲ ਉਦਯੋਗਿਕ ਨੀਤੀ ਨਹੀਂ ਹੈ, ਜੋ ਉਸਦੇ ਪ੍ਰਤੀਕਿਰਿਆਸ਼ੀਲ ਵਪਾਰਕ ਉਪਾਵਾਂ ਨੂੰ ਪੂਰੀ ਤਰ੍ਹਾਂ ਬੇਅਸਰ ਬਣਾ ਦਿੰਦੀ ਹੈ। ਉਨ੍ਹਾਂ ਦੇ ਪੂਰਵਗਾਮੀ, ਰਾਸ਼ਟਰਪਤੀ ਜੋਅ ਬਾਈਡਨ ਨੇ ਮਹਿੰਗਾਈ ਘਟਾਉਣ ਅਤੇ ਚਿਪਸ (ਸੀ.ਐਚ. ਆਈ. ਪੀ. ਐਸ) ਐਕਟਾਂ ਵਿੱਚ ਅਜਿਹੇ ਉਦਯੋਗਿਕ ਨੀਤੀ ਏਜੰਡੇ ਦੀ ਨੀਂਹ ਰੱਖੀ। ਜਦੋਂ ਕਿ ਟਰੰਪ ਦੀਆਂ ਆਰਥਿਕ ਨੀਤੀਆਂ ਦੇ ਕੰਮ ਕਰਨ ਦੀ ਸੰਭਾਵਨਾ ਨਹੀਂ ਹੈ, ਆਰਥਿਕ ਉਦਾਰਵਾਦ ਵੱਲ ਵਾਪਸੀ ਸਮਾਜਿਕ-ਆਰਥਿਕ ਸ਼ਿਕਾਇਤਾਂ ਦਾ ਵੀ ਹੱਲ ਨਹੀਂ ਕਰੇਗੀ।

2008 ਦੇ ਵਿਸ਼ਵ ਵਿੱਤੀ ਸੰਕਟ ਤੋਂ ਬਾਅਦ ਪੱਛਮੀ ਸਰਕਾਰਾਂ ਨੇ ਵੱਡੇ ਬੈਂਕਾਂ ਨੂੰ ਬਚਾਇਆ ਅਤੇ ਵਿੱਤੀ ਬਾਜ਼ਾਰਾਂ ਨੂੰ ਆਮ ਵਾਂਗ ਕਾਰੋਬਾਰ ਸ਼ੁਰੂ ਕਰਨ ਦੀ ਆਗਿਆ ਦਿੱਤੀ। ਵਿਸ਼ਵ ਆਰਥਿਕ ਢਾਂਚੇ ਦੇ ਅਰਥਪੂਰਨ ਸੁਧਾਰ ਕਦੇ ਵੀ ਸਾਕਾਰ ਨਹੀਂ ਹੋਏ। ਇਸ ਦੌਰਾਨ ਜਰਮਨੀ ਤੋਂ ਅਮਰੀਕਾ ਤੱਕ ਮਜ਼ਦੂਰ ਅਤੇ ਮੱਧ ਵਰਗ ਦੇ ਪਰਿਵਾਰਾਂ ਦਾ ਜੀਵਨ ਪੱਧਰ ਸਥਿਰ ਜਾਂ ਘਟ ਗਿਆ, ਕਿਉਂਕਿ ਤਨਖਾਹਾਂ ਵਿੱਚ ਕਮੀ ਆਈ, ਘਰਾਂ ਦੀਆਂ ਕੀਮਤਾਂ ਵਧੀਆਂ ਅਤੇ ਆਰਥਿਕ ਅਸੁਰੱਖਿਆ ਹੋਰ ਡੂੰਘੀ ਹੋ ਗਈ। ਸਾਨੂੰ ਬਹੁਪੱਖੀ ਸ਼ਾਸਨ, ਵਾਤਾਵਰਣ ਸਥਿਰਤਾ ਅਤੇ ਮਨੁੱਖੀ-ਕੇਂਦ੍ਰਿਤ ਵਿਕਾਸ 'ਤੇ ਕੇਂਦ੍ਰਿਤ ਇੱਕ ਨਵੇਂ ਵਿਸ਼ਵ ਆਰਥਿਕ ਵਿਵਸਥਾ ਦੀ ਲੋੜ ਹੈ। ਇਹ ਪਹੁੰਚ ਜਵਾਬਦੇਹ ਜਨਤਕ ਨਿਵੇਸ਼ ਅਤੇ ਵਿਕਾਸ-ਕੇਂਦ੍ਰਿਤ ਵਿੱਤੀ ਸਹਿਯੋਗ ਨੂੰ ਉਤਸ਼ਾਹਿਤ ਕਰਕੇ ਉਦਾਰਵਾਦੀ ਵਿਸ਼ਵੀਕਰਨ ਦਾ ਇੱਕ ਵਿਹਾਰਕ ਵਿਕਲਪ ਪੇਸ਼ ਕਰੇਗੀ।

ਉੱਭਰ ਰਹੀਆਂ ਅਰਥਵਿਵਸਥਾਵਾਂ ਵਿੱਚ ਈਕੋ-ਸਮਾਜਿਕ ਵਿਕਾਸਵਾਦ ਦੇ ਸਮਾਨੰਤਰ, ਅਮੀਰ ਦੇਸ਼ਾਂ ਨੂੰ ਹੌਲੀ-ਹੌਲੀ ਇੱਕ ਪੋਸਟ-ਗ੍ਰੋਥ ਮਾਡਲ ਅਪਣਾਉਣ ਦੀ ਲੋੜ ਹੈ। ਇਹ ਰਣਨੀਤੀ ਬੇਅੰਤ ਜੀ.ਡੀ.ਪੀ. ਵਿਸਥਾਰ ਨਾਲੋਂ ਤੰਦਰੁਸਤੀ, ਵਾਤਾਵਰਣ ਸਥਿਰਤਾ ਅਤੇ ਸਮਾਜਿਕ ਸਮਾਨਤਾ ਨੂੰ ਤਰਜੀਹ ਦਿੰਦੀ ਹੈ। ਇਸਦਾ ਮਤਲਬ ਹੈ- ਥੋੜ੍ਹੇ ਸਮੇਂ ਦੇ ਮੁਨਾਫ਼ੇ ਜਾਂ ਐਕਸਟਰੈਕਟਿਵ ਵਿਕਾਸ ਦਾ ਪਿੱਛਾ ਕਰਨ ਦੀ ਬਜਾਏ ਦੇਖਭਾਲ ਦੇ ਕੰਮ, ਹਰੇ ਬੁਨਿਆਦੀ ਢਾਂਚੇ ਅਤੇ ਜਨਤਕ ਸੇਵਾਵਾਂ ਵਿੱਚ ਨਿਵੇਸ਼ ਕਰਨਾ। ਰਾਸ਼ਟਰੀ ਅਤੇ ਬਹੁਪੱਖੀ ਜਨਤਕ ਵਿੱਤ ਸੰਸਥਾਵਾਂ ਵਿਚਕਾਰ ਮਜ਼ਬੂਤ ਸਹਿਯੋਗ ਅਤੇ ਕਾਰਪੋਰੇਸ਼ਨਾਂ ਨੂੰ ਟੈਕਸ ਲਗਾਉਣ ਅਤੇ ਨਿਯਮਤ ਕਰਨ ਲਈ ਬਿਹਤਰ ਸਾਧਨਾਂ ਨਾਲ ਸਰਕਾਰਾਂ ਸਥਿਰ ਤੇ ਚੰਗੀ ਤਨਖਾਹ ਵਾਲੀਆਂ ਨੌਕਰੀਆਂ ਪੈਦਾ ਕਰਨ, ਸੰਗਠਿਤ ਕਿਰਤ ਨੂੰ ਮਜ਼ਬੂਤ ਕਰਨ ਅਤੇ ਅਸਮਾਨਤਾਵਾਂ ਨਾਲ ਨਜਿੱਠਣ ਦੀ ਸਮਰੱਥਾ ਮੁੜ ਪ੍ਰਾਪਤ ਕਰ ਸਕਦੀਆਂ ਹਨ। ਅਜਿਹਾ ਪ੍ਰਗਤੀਸ਼ੀਲ ਬਹੁਪੱਖੀਵਾਦ ਉਦਾਰਵਾਦੀ ਲੋਕਪ੍ਰਿਯਤਾ ਦੇ ਵਿਰੁੱਧ ਇੱਕ ਸ਼ਕਤੀਸ਼ਾਲੀ ਲੰਬੇ ਸਮੇਂ ਦਾ ਐਂਟੀਡੋਟ ਹੋਵੇਗਾ। ਹਾਲਾਂਕਿ ਇਸ ਤਬਦੀਲੀ ਨੂੰ ਪ੍ਰਾਪਤ ਕਰਨ ਲਈ ਮਜ਼ਬੂਤ, ਗਲੋਬਲ ਤੇ ਖੇਤਰੀ ਰਾਜਨੀਤਿਕ ਗੱਠਜੋੜ ਬਣਾਉਣ ਦੀ ਲੋੜ ਹੈ ਤਾਂ ਜੋ ਸਥਾਪਿਤ ਕਾਰਪੋਰੇਟ ਹਿੱਤਾਂ ਨੂੰ ਚੁਣੌਤੀ ਦਿੱਤੀ ਜਾ ਸਕੇ ਅਤੇ ਮੌਜੂਦਾ ਉਦਾਰਵਾਦੀ, ਪੂੰਜੀ-ਸੰਚਾਲਿਤ ਗਲੋਬਲ ਢਾਂਚੇ ਦਾ ਮੁਕਾਬਲਾ ਕੀਤਾ ਜਾ ਸਕੇ। ਸਿਰਫ਼ ਟਰੰਪ ਦੀਆਂ ਵਿਨਾਸ਼ਕਾਰੀ ਨੀਤੀਆਂ ਦੀ ਆਲੋਚਨਾ ਕਰਨ ਦੀ ਹੀ ਨਹੀਂ, ਸਗੋਂ ਉਦਯੋਗਿਕ ਨਵੀਨੀਕਰਨ, ਵਾਤਾਵਰਣਕ ਸਥਿਰਤਾ ਅਤੇ ਵਿਸ਼ਵਵਿਆਪੀ ਨਿਆਂ ਦਾ ਇੱਕ ਮਜਬੂਤ ਤੇ ਇਕਸਾਰ ਦ੍ਰਿਸ਼ਟੀਕੋਣ ਪੇਸ਼ ਕਰਨ ਦੀ ਵੀ ਲੋੜ ਹੈ।

---

*(*ਜਾਰਜਟਾਊਨ ਯੂਨੀਵਰਸਿਟੀ ਕਤਰ ਵਿਖੇ ਤੁਲਨਾਤਮਕ ਰਾਜਨੀਤੀ ਦੇ ਸਹਾਇਕ ਪ੍ਰੋਫੈਸਰ)*

Hiring Local & Midwest Drivers and Dedicated Lanes & Owner Operators



NT corp
4800 Vernon Ave,
Ste. C,
McCook, IL 60525
Ph: 847-562-5860 ext. 1003
Fax: 847-897-2660

Premium Truck & Trailer Tires
We also provide installation services
ਅਸੀਂ ਇੰਸਟਾਲੇਸ਼ਨ ਸੇਵਾਵਾਂ ਵੀ ਪ੍ਰਦਾਨ ਕਰਦੇ ਹਾਂ



HAMPSHIRE TIRES
ਟਰੱਕਾਂ ਅਤੇ ਟਰਾਲਿਆਂ ਲਈ ਵਧੀਆ ਕਿਸਮ ਦੇ ਟਾਇਰ ਲੈਣ ਲਈ ਸੰਪਰਕ ਕਰੋ
*ਹੈਂਪਸ਼ਾਇਰ ਟਾਇਰਜ਼* *ਭਰੋਸੇਮੰਦ ਅਤੇ ਹੰਢਣਸਾਰ*
Hampshire Tires
235 Industrial Dr., Hampshire, IL 60140
Ph: 847-556-9996
Email: info@hampshiretires.com www.hampshiretires.com

ਲੋਕ ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ ਦੇ ਮੁਦੱਈ ਪਰਚੇ ਦਾ ਦੂਜਾ ਸਾਲਾਨਾ ਸਮਾਗਮ

# 'ਪੰਜਾਬੀ ਪਰਵਾਜ਼ ਨਾਈਟ'

## 19 ਜੁਲਾਈ 2025

(ਸ਼ਨਿਚਰਵਾਰ) ਸ਼ਾਮ 6:30 ਤੋਂ 11:00

**ਤਕਰੀਰਾਂ, ਵਿਚਾਰਾਂ ਤੇ ਗੀਤ-ਸੰਗੀਤ ਭਰੀ ਸ਼ਾਮ**

**ਸਥਾਨ:** Atlantis Banquets

1273 North Rand Road, Arlington Heights, IL 60004

ਪਹੁੰਚ ਰਹੇ ਕਲਾਕਾਰ



ਸੱਤੀ ਸਤਵਿੰਦਰ



ਪੂਜਾ ਧਾਲੀਵਾਲ

*Food Will Served by Taste of India (Milwaukee)*


Our Proud Platinum Sponsor

U.S. Energy a U.S. Venture company

Our Proud Gold Sponsor


5Rivers ENTERTAINMENT

## ਸਤਿਕਾਰਯੋਗ ਬੋਰਡ ਮੈਂਬਰ


ਬਲਵਿੰਦਰ ਸਿੰਘ (ਬੌਬ) ਸੰਧੂ


ਦਵਿੰਦਰ ਸਿੰਘ ਰੰਗੀ


ਮਨਜਿੰਦਰ ਸਿੰਘ (ਮੈਕ) ਭਮਰਾ


ਬੇਅੰਤ ਸਿੰਘ ਬੇਪਾਰਾਏ ਮਿਲਵਾਕੀ


ਜੋਧ ਸਿੰਘ ਸਿੱਧੂ


ਅਮਰੀਕ ਸਿੰਘ ਸ਼ਿਕਾਗੋ


ਕਿਰਪਾਲ ਸਿੰਘ ਰੰਧਾਵਾ


ਅੰਮ੍ਰਿਤਪਾਲ ਸਿੰਘ ਗਿੱਲ


ਬਲਵਿੰਦਰ ਸਿੰਘ ਚੱਠਾ


ਗੁਰਿੰਦਰਜੀਤ ਸਿੰਘ ਗਰੇਵਾਲ


ਦੀਦਾਰ ਸਿੰਘ ਧਨੋਆ


ਯਾਦਵਿੰਦਰ ਸਿੰਘ (ਰਿੰਪੀ) ਖੱਟੜਾ


ਅਮਰਜੀਤ ਸਿੰਘ ਢੀਂਡਸਾ


ਗੁਰਵਿੰਦਰ ਸਿੰਘ ਬੱਬੂ (ਐਪਲਟਨ)


ਦਰਸ਼ਨ ਸਿੰਘ ਪੰਮਾ


ਬਿਕਰਮ ਸਿੰਘ ਸਿੱਧੂ


ਪਰਮਜੀਤ ਸਿੰਘ ਸਿੱਧੂ (ਮਹਿਰਾਜ)



ਮਨਮਿੰਦਰ ਸਿੰਘ ਹੀਰ


ਬਲਜੀਤ ਸਿੰਘ ਸਿੱਧੂ (ਫਲੋਰਿਡਾ)


ਮਿੰਨੀ ਮੁਲਤਾਨੀ


ਗੁਰਪ੍ਰੀਤ ਕੇ. ਸਿੰਘ



ਇੰਦਰ ਹੁੰਜਣ


ਪਰਮਿੰਦਰ ਸਿੰਘ (ਯੂਬਾ ਸਿਟੀ)


ਜਗਜੀਤ ਸਿੰਘ ਖੇੜਾ (ਓਕਲਾਹੋਮਾ)


ਅਮਨਦੀਪ ਸਿੰਘ ਕੁਲਾਰ


ਜਿਗਰਦੀਪ ਸਿੰਘ ਢਿੱਲੋਂ


ਹਰਕੇਵਲ ਸਿੰਘ ਲਾਲੀ

# 'ਪੰਜਾਬੀ ਪਰਵਾਜ਼ ਨਾਈਟ' PUNJABI PARWAZ NIGHT

## ਮੁੱਖ ਮਹਿਮਾਨ



ਲਖਬੀਰ ਸਿੰਘ ਢੀਂਡਸਾ

## ਵਿਸ਼ੇਸ਼ ਮਹਿਮਾਨ



ਜੇ.ਪੀ. ਖਹਿਰਾ

## ਮੁੱਖ ਬੁਲਾਰੇ



ਐਸ. ਅਸ਼ੋਕ ਭੌਰਾ



ਰਵਿੰਦਰ ਸਹਿਰਾਅ

## ਮਾਣਯੋਗ ਸਪਾਂਸਰ



ਜਸਵਿੰਦਰ ਸਿੰਘ ਸੰਧੂ · ਸੋਨੀ ਜੱਜ · ਡਾ. ਗੁਰਦਿਆਲ ਸਿੰਘ ਬਸਰਾਨ · ਹਰਦਿਆਲ ਸਿੰਘ ਦਿਓਲ · ਮੇਜਰ ਗੁਰਚਰਨ ਸਿੰਘ ਝੱਜ · ਸਰਵਣ ਸਿੰਘ ਟਿਵਾਣਾ · ਜੈਦੇਵ ਸਿੰਘ (ਸੱਤੀ) ਭੱਠਲ · ਗੁਲਜ਼ਾਰ ਸਿੰਘ ਮੁਲਤਾਨੀ · ਸੰਨੀ ਕੁਲਾਰ · ਰੌਨੀ ਕੁਲਾਰ



ਮਨਜੀਤ ਸਿੰਘ ਪਾਲੀਆ · ਰਾਣਾ ਵਿਰਕ · ਮੁਖਤਿਆਰ ਸਿੰਘ (ਹੈਪੀ) ਹੀਰ · ਲੱਕੀ ਸਹੋਤਾ · ਡਾ. ਵਿਕਰਮ ਗਿੱਲ · ਜਰਨੈਲ ਸਿੰਘ ਮੱਲ੍ਹੀ · ਹਰਿੰਦਰ ਸਿੰਘ ਰਾਣਾ · ਜਗਜੀਤ ਸਿੰਘ ਢੀਂਡਸਾ · ਮਨਜੀਤ ਸਿੰਘ ਗਿੱਲ · ਕਰਨਲ ਮਨਮੋਹਨ ਸਿੰਘ ਮਿਨਹਾਸ



ਜਗਦੀਸ਼ਰ ਸਿੰਘ ਕਲੇਰ · ਡਾ. ਗੁਰਚਰਨ ਸਿੰਘ ਗਰੇਵਾਲ · ਨਿੱਕ ਬਲਵਿੰਦਰ ਸਿੰਘ · ਡਾ. ਮੁਖਤਾਰ ਸਿੰਘ ਨੰਦਰਾ · ਡਾ. ਰਛਪਾਲ ਸਿੰਘ ਬਾਜਵਾ · ਰਘਵਿੰਦਰ ਸਿੰਘ ਮਾਹਲ · ਅਮਰਦੇਵ ਸਿੰਘ ਬੰਦੇਸ਼ਾ · ਡਾ. ਪਰਦੀਪ ਸਿੰਘ ਗਿੱਲ · ਡਾ. ਹਰਜਿੰਦਰ ਸਿੰਘ ਖਹਿਰਾ · ਭੁਪਿੰਦਰ ਸਿੰਘ ਧਾਲੀਵਾਲ · ਡਾ. ਗੁਰਬਖ਼ਸ਼ ਸੈਣੀ



ਪਰਮਿੰਦਰ ਸਿੰਘ ਮਾਨ · ਗੁਰਸਾਹਿਬ ਸਿੰਘ ਤੂਰ · ਜਤਿੰਦਰ (ਜੇ) ਸਿੰਘ ਸੰਘਾ · ਧਰਮਿੰਦਰ ਸਿੰਘ ਖੱਟੜਾ · ਕੁਲਦੀਪ ਸਿੰਘ ਲੰਗ · ਸਤਵਿੰਦਰ ਸੱਤਾ ਧਨੇਸਰ · ਜੱਗਾ ਬਾਜਵਾ · ਜੱਸੀ ਧਾਲੀਵਾਲ · ਬਲਦੀਪ ਸਿੰਘ ਮਾਨ · ਸੁਰਜੀਤ ਸਿੰਘ ਮਾਵੀ · ਪ੍ਰਦੀਪ ਸਿੰਘ ਕਾਹਲੋਂ



ਨੀਲ ਗਿੱਲ · ਇੰਦਰਬੰਸ ਸਿੰਘ (ਹੈਰੀ) ਬਰਾੜ · ਸੁਰਿੰਦਰ ਸਿੰਘ ਪਾਂਗਲੀ · ਨਿਰਭੈ ਸਿੰਘ ਪਾਂਗਲੀ · ਨਵਤੇਜ ਸਿੰਘ ਗਿੱਲ · ਰੇਸ਼ਮ ਸਿੰਘ · ਜਪਤੇਜ ਸਿੰਘ ਔਲਖ · ਹਰਿੰਦਰ ਸਿੰਘ ਧਾਲੀਵਾਲ · ਸੁਖਜੀਤ ਸਿੰਘ ਬਰਾੜ · ਗੁਰਦੇਵ ਸਿੰਘ ਗਿੱਲ · ਹਰਦੀਪ ਸਿੰਘ ਬੰਦੇਸ਼ਾ



ਡਾ. ਸਨੀ ਜੈਨ · ਜਿੰਦੀ ਦਿਆਲ · ਰਾਜਾ ਦਿਆਲ · ਹਰਦੀਪ ਸਿੰਘ ਗਿੱਲ · ਲਾਲੀ ਸਿੱਧੂ ਮਿਲਵਾਕੀ · ਬਲਵਿੰਦਰ ਸਿੰਘ ਗਿਰਨ · ਵਿੱਕ ਸਿੰਘ · ਜਸਰੂਪ ਸਿੰਘ ਬਾਲਾ · ਗੁਰਮੀਤ ਸਿੰਘ ਬਾਠ · ਮਨਜੀਤ ਸਿੰਘ ਧਨੋਆ · ਜਸਬੀਰ ਕੌਰ ਮਾਨ

Radio Chann Pardesi ਰੇਡੀਓ ਚੰਨ ਪ੍ਰਦੇਸੀ

Punjabi Cultural Society Chicago

PAO Punjabi American Organization

SWERA Women Support Group ਸਵੇਰਾ SIKH WOMEN ERA

Bhangra Rhymes

Desi Junction Media & Entertainment

# ਕਿਧਰੇ ਨਿਸ਼ਾਨੇ, ਕਿਧਰੇ ਸ਼ਾਂਤੀ ਵਾਰਤਾ ਦੀ ਮੇਜ਼ਬਾਨੀ

ਪੁਸ਼ਪਰੰਜਨ

ਤੁਰਕੀ ਦੇ ਰਾਸ਼ਟਰਪਤੀ ਰੇਸੇਪ ਤੈਯਪ ਏਰਦੋਗਨ ਆਪਣੀ ਪ੍ਰਸ਼ੰਸਾ 'ਤੇ ਮਾਣ ਕਰਦੇ ਹਨ। ਪਾਕਿਸਤਾਨ ਵਿੱਚ ਤੁਰਕੀ ਦੇ ਰਾਜਦੂਤ ਇਰਫਾਨ ਨੇਜ਼ੀਰੋਗਲੂ ਨਾਲ ਮੁਲਾਕਾਤ ਦੌਰਾਨ ਸ਼ਾਹਬਾਜ਼ ਸ਼ਰੀਫ ਨੇ ਕਿਹਾ, 'ਰਾਸ਼ਟਰਪਤੀ ਏਰਦੋਗਨ ਨੇ ਇੱਕ ਵਾਰ ਫਿਰ ਪਾਕਿਸਤਾਨ ਦੇ ਲੋਕਾਂ ਪ੍ਰਤੀ ਆਪਣੇ ਪਿਆਰ ਦਾ ਪ੍ਰਦਰਸ਼ਨ ਕੀਤਾ ਹੈ।' ਉਨ੍ਹਾਂ ਨੇ ਪਾਕਿਸਤਾਨ-ਤੁਰਕੀ ਭਾਈਚਾਰੇ ਦੇ ਇਤਿਹਾਸ ਵਿੱਚ ਇੱਕ ਨਵਾਂ ਅਤੇ ਸ਼ਾਨਦਾਰ ਅਧਿਆਇ ਜੋੜਿਆ ਹੈ। ਪਰ ਤੁਰਕੀ ਦੇ ਇਸ ਕਾਰੇ ਵਿਰੁੱਧ ਭਾਰਤ ਵਿੱਚ ਲਗਾਤਾਰ ਗੁੱਸਾ ਪ੍ਰਗਟ ਕੀਤਾ ਜਾ ਰਿਹਾ ਹੈ। ਇਹ ਵਿਡੰਬਨਾ ਹੈ ਕਿ ਤੁਰਕੀ, ਜੋ ਭਾਰਤ ਵਿਰੁੱਧ ਜੰਗ ਭੜਕਾ ਰਿਹਾ ਹੈ, ਇਨ੍ਹੀਂ ਦਿਨੀਂ ਰੂਸ ਅਤੇ ਯੂਕਰੇਨ ਵਿਚਕਾਰ ਸ਼ਾਂਤੀ ਵਾਰਤਾ ਦੀ ਮੇਜ਼ਬਾਨੀ ਕਰ ਰਿਹਾ ਹੈ। ਕੀ ਤੁਰਕੀ ਨੂੰ ਸਿਰਫ਼ ਆਪਣੀਆਂ ਕੁਝ ਕੰਪਨੀਆਂ ਨੂੰ ਭਾਰਤ ਵਿੱਚ ਕੰਮ ਕਰਨ ਤੋਂ ਰੋਕ ਕੇ ਅਤੇ ਜੇ.ਐਨ.ਯੂ. ਦੇ ਤੁਰਕੀ ਯੂਨੀਵਰਸਿਟੀ ਇਨੋਨੂ ਨਾਲ ਅਕਾਦਮਿਕ ਐਕਸਚੇਂਜ ਸਮਝੌਤੇ ਨੂੰ ਰੱਦ ਕਰਕੇ ਠੀਕ ਕੀਤਾ ਜਾ ਸਕਦਾ ਹੈ?

ਸਵਾਲ ਇਹ ਵੀ ਹੈ ਕਿ ਕੀ ਮਨੁੱਖੀ ਸਰੋਤ ਮੰਤਰਾਲੇ ਵੱਲੋਂ ਜੇ.ਐਨ.ਯੂ. ਨੂੰ 2028 ਤੱਕ ਇਨੋਨੂ ਨਾਲ ਦਸਤਖਤ ਕੀਤੇ 'ਐਮ.ਓ.ਯੂ' ਨੂੰ ਤੋੜਨ ਲਈ ਕੋਈ ਅਜਿਹਾ ਨਿਰਦੇਸ਼ ਦਿੱਤਾ ਗਿਆ ਸੀ? ਜੇ.ਐਨ.ਯੂ. ਦੇ ਵੱਖ-ਵੱਖ ਅਕਾਦਮਿਕ ਐਕਸਚੇਂਜ ਪ੍ਰੋਗਰਾਮਾਂ ਲਈ ਚੀਨੀ ਯੂਨੀਵਰਸਿਟੀਆਂ ਨਾਲ ਸਮਝੌਤੇ ਹਨ। ਇਨ੍ਹਾਂ ਵਿੱਚ ਸਾਂਝੇ ਖੋਜ ਪ੍ਰੋਜੈਕਟ, ਅਧਿਆਪਕ-ਵਿਦਿਆਰਥੀ ਆਦਾਨ-ਪ੍ਰਦਾਨ ਪ੍ਰੋਗਰਾਮ ਅਤੇ ਪਾਠਕ੍ਰਮ ਵਿਕਾਸ ਸ਼ਾਮਲ ਹਨ। ਜੇ.ਐਨ.ਯੂ. ਦਾ 'ਗਲੋਬਲ ਇਨੀਸ਼ੀਏਟਿਵ ਆਫ ਅਕਾਦਮਿਕ ਨੈੱਟਵਰਕ' ਦੁਨੀਆ ਭਰ ਦੀਆਂ ਯੂਨੀਵਰਸਿਟੀਆਂ ਦੇ ਸਹਿਯੋਗ ਨਾਲ 35 ਤੋਂ ਵੱਧ ਕੋਰਸ ਕਰਵਾਉਂਦਾ ਹੈ।

ਇਸਨੇ ਸਾਂਝੇ ਖੋਜ ਪ੍ਰੋਜੈਕਟਾਂ 'ਤੇ ਪੇਕਿੰਗ ਯੂਨੀਵਰਸਿਟੀ ਨਾਲ ਵੀ ਭਾਈਵਾਲੀ ਕੀਤੀ ਹੈ। ਤੁਰਕੀ ਸਮੇਤ ਇਨ੍ਹਾਂ ਸਾਰੇ ਦੇਸ਼ਾਂ ਨਾਲ ਭਾਰਤ ਦੇ ਕੂਟਨੀਤਕ ਸਬੰਧ ਆਮ ਹਨ। ਫਿਰ ਜੇ.ਐਨ.ਯੂ. ਵੱਲੋਂ ਤੁਰਕੀ ਦੀ ਇਨੋਨੂ ਯੂਨੀਵਰਸਿਟੀ ਨਾਲ ਅਕਾਦਮਿਕ ਵਟਾਂਦਰਾ ਸਮਝੌਤੇ ਨੂੰ ਆਪਣੇ ਆਪ ਰੱਦ ਕਰਨਾ ਕਈ ਸਵਾਲ ਖੜ੍ਹੇ ਕਰਦਾ ਹੈ। ਜੇਕਰ ਤੁਸੀਂ ਤੁਰਕੀ ਦੀਆਂ ਯੂਨੀਵਰਸਿਟੀਆਂ ਨਾਲ ਅਜਿਹਾ ਕਰ ਸਕਦੇ ਹੋ, ਤਾਂ ਤੁਸੀਂ ਚੀਨੀ ਯੂਨੀਵਰਸਿਟੀਆਂ ਨਾਲ ਮੁਕਾਬਲਾ ਕਿਉਂ ਕਰ ਰਹੇ ਹੋ? ਭਾਰਤ-ਪਾਕਿ ਜੰਗ ਦੌਰਾਨ ਚੀਨੀ ਮਿਜ਼ਾਈਲਾਂ ਦਾਗੀਆਂ ਗਈਆਂ। ਜੇਕਰ ਚੀਨੀ ਰੱਖਿਆ ਪ੍ਰਣਾਲੀ ਨਾ ਹੁੰਦੀ, ਤਾਂ ਪਾਕਿਸਤਾਨ ਦਾ ਸਫਾਇਆ ਹੋ ਜਾਂਦਾ; ਪਰ ਚੀਨ ਵਿਰੁੱਧ ਇੱਕ ਵੀ ਸ਼ਬਦ ਨਹੀਂ ਬੋਲਿਆ ਜਾ ਰਿਹਾ।

ਰਾਸ਼ਟਰਪਤੀ ਰੇਸੇਪ ਤੈਯਪ ਏਰਦੋਗਨ ਦਾ ਦੋਹਰਾ ਕਿਰਦਾਰ ਕਿਸੇ ਤੋਂ ਲੁਕਿਆ ਨਹੀਂ ਹੈ। ਤੁਰਕੀ ਦੀ ਦੁਰਦਸ਼ਾ ਦੀ ਤਾਜ਼ਾ ਮਿਸਾਲ ਜੋ ਏਰਦੋਗਨ ਨਕਲੀ ਰਾਸ਼ਟਰਵਾਦ ਦੇ ਨਾਮ 'ਤੇ ਪੈਦਾ ਕਰ ਰਹੇ ਹਨ, ਉਹ ਇੱਕ ਰਿਪੋਰਟ ਹੈ,



ਤੁਰਕੀ ਦੇ ਰਾਸ਼ਟਰਪਤੀ ਏਰਦੋਗਨ

ਜਿਸ ਵਿੱਚ ਕਿਹਾ ਗਿਆ ਹੈ ਕਿ ਤੁਰਕੀ ਵਿੱਚ ਦਸ ਵਿੱਚੋਂ ਸਿਰਫ਼ ਚਾਰ ਨੌਜਵਾਨਾਂ ਨੂੰ ਹੀ ਰੁਜ਼ਗਾਰ ਮਿਲ ਸਕਿਆ ਹੈ। ਏਰਦੋਗਨ ਟਰੰਪ ਦੀਆਂ ਨਜ਼ਰਾਂ ਵਿੱਚ ਚੜ੍ਹ ਜਾਣ ਦੀ ਪੂਰੀ ਕੋਸ਼ਿਸ਼ ਕਰ ਰਿਹਾ ਹੈ। ਅਮਰੀਕੀ ਕਾਨੂੰਨਸਾਜ਼ਾਂ ਦੇ ਇੱਕ ਦੋ-ਪੱਖੀ ਸਮੂਹ ਨੇ 7 ਮਈ 2025 ਨੂੰ ਰਾਸ਼ਟਰਪਤੀ ਟਰੰਪ ਨੂੰ ਲਿਖੇ ਇੱਕ ਪੱਤਰ ਵਿੱਚ ਤੁਰਕੀ ਨੂੰ ਐਫ-35 ਜੈੱਟਾਂ ਦੀ ਕਿਸੇ ਵੀ ਵਿਕਰੀ ਦਾ ਵਿਰੋਧ ਕੀਤਾ ਹੈ। ਪੱਤਰ ਵਿੱਚ ਚੇਤਾਵਨੀ ਦਿੱਤੀ ਗਈ ਸੀ ਕਿ ਤੁਰਕੀ ਵੱਲੋਂ ਐਸ-400 ਸਿਸਟਮ ਨੂੰ ਬਰਕਰਾਰ ਰੱਖਣਾ ਇਸਨੂੰ ਨਾਟੋ ਅਤੇ ਅਮਰੀਕੀ ਤਕਨਾਲੋਜੀ ਦੇ ਅਨੁਕੂਲ ਨਹੀਂ ਬਣਾਉਂਦਾ। ਕਾਨੂੰਨਸਾਜ਼ਾਂ ਨੇ ਨੋਟ ਕੀਤਾ ਕਿ ਤੁਰਕੀ ਨੂੰ 2019 ਵਿੱਚ ਐਫ-35 ਜੁਆਇੰਟ ਸਟ੍ਰਾਈਕ ਫਾਈਟਰ ਪ੍ਰੋਗਰਾਮ ਤੋਂ ਕਾਊਂਟਰਿੰਗ ਅਮਰੀਕਾਜ਼ ਐਡਵਰਸਰੀਜ਼ ਥਰੂ ਸੈਂਕਸ਼ਨਜ਼ ਐਕਟ ਦੇ ਤਹਿਤ ਹਟਾ ਦਿੱਤਾ ਗਿਆ ਸੀ। ਉਸਨੇ ਚੇਤਾਵਨੀ ਦਿੱਤੀ ਕਿ ਤੁਰਕੀ ਨੂੰ ਦੁਬਾਰਾ ਸ਼ਾਮਲ ਕਰਨਾ ਉਸ ਕਾਨੂੰਨ ਦੀ ਉਲੰਘਣਾ ਕਰੇਗਾ ਜੋ ਐਸ-400 ਦੇ ਕਾਰਜਸ਼ੀਲ ਹੋਣ ਦੌਰਾਨ ਐਫ-35 ਪੁਰਜ਼ਿਆਂ ਜਾਂ ਸਹਾਇਤਾ ਦੇ ਤਬਾਦਲੇ 'ਤੇ ਪਾਬੰਦੀ ਲਾਉਂਦਾ ਹੈ।

ਟਰੰਪ-ਏਰਦੋਗਨ ਦੋਸਤੀ ਤੋਂ ਇਲਾਵਾ, ਆਓ ਆਪਾਂ ਭਾਰਤ-ਤੁਰਕੀ ਦੋਸਤੀ ਵੱਲ ਵਾਪਸ ਆਈਏ। ਇਸ ਸਮੇਂ ਸਰਕਾਰੀ ਪਾਬੰਦੀਆਂ ਨਾਲੋਂ ਜ਼ਿਆਦਾ ਨਿੱਜੀ ਪਾਬੰਦੀਆਂ ਦਾ ਦੌਰ ਸ਼ੁਰੂ ਹੋ ਗਿਆ ਹੈ। ਪ੍ਰਮੁੱਖ ਭਾਰਤੀ ਯਾਤਰਾ ਪਲੇਟਫਾਰਮਾਂ, ਜਿਨ੍ਹਾਂ ਵਿੱਚ ਲੇ ਟ੍ਰੈਵੇਨਿਊਜ਼ ਟੈਕਨਾਲੋਜੀ, ਈਜ਼ੀ ਟ੍ਰਿਪ ਪਲੈਨਰਜ਼ ਅਤੇ ਕਾਕਸ ਐਂਡ ਕਿੰਗਜ਼ ਸ਼ਾਮਲ ਹਨ, ਨੇ ਵੀ ਤੁਰਕੀ ਅਤੇ ਅਜ਼ਰਬਾਈਜਾਨ ਲਈ ਤਰੱਕੀਆਂ ਤੇ ਸੇਵਾਵਾਂ ਨੂੰ ਮੁਅੱਤਲ ਕਰ ਦਿੱਤਾ ਹੈ। ਕਾਕਸ ਐਂਡ ਕਿੰਗਜ਼ ਦੇ ਕਾਰਜਕਾਰੀ ਕਰਨ ਅਗਰਵਾਲ ਨੇ ਕਿਹਾ ਕਿ ਕੰਪਨੀ ਸਥਿਤੀ 'ਤੇ ਨੇੜਿਓਂ ਨਜ਼ਰ ਰੱਖ ਰਹੀ ਹੈ ਅਤੇ ਸਥਿਤੀ ਵਿੱਚ ਸੁਧਾਰ ਹੋਣ 'ਤੇ ਕੰਮ ਦੁਬਾਰਾ ਸ਼ੁਰੂ ਕਰਨ 'ਤੇ ਵਿਚਾਰ ਕਰੇਗੀ। ਭਾਰਤੀ ਸ਼ਹਿਰੀ ਹਵਾਬਾਜ਼ੀ ਅਥਾਰਟੀ ਅਨੁਸਾਰ, 2024 ਵਿੱਚ ਲਗਭਗ ਪੰਜ ਲੱਖ ਭਾਰਤੀਆਂ ਨੇ ਤੁਰਕੀ ਦਾ ਦੌਰਾ ਕੀਤਾ, ਜੋ ਕਿ 2019 ਦੇ ਅੰਕੜਿਆਂ ਨਾਲੋਂ ਦੁੱਗਣਾ ਹੈ। ਪਿਛਲੇ ਸਾਲ ਵੀ 80,000 ਤੋਂ ਵੱਧ ਭਾਰਤੀ ਸੈਲਾਨੀਆਂ ਨੇ ਅਜ਼ਰਬਾਈਜਾਨ ਦਾ ਦੌਰਾ ਕੀਤਾ ਸੀ। ਯਕੀਨਨ ਇਸਦਾ ਇਨ੍ਹਾਂ ਦੇਸ਼ਾਂ ਦੇ ਸੈਰ-ਸਪਾਟਾ ਕਾਰੋਬਾਰ 'ਤੇ ਅਸਰ ਪਵੇਗਾ।

ਭਾਰਤ ਨੇ ਵਿੱਤੀ ਸਾਲ 24 ਵਿੱਚ ਤੁਰਕੀ ਨੂੰ 3,885 ਵਸਤੂਆਂ ਦਾ ਨਿਰਯਾਤ ਕੀਤਾ, ਜੋ ਕੁੱਲ 6.66 ਬਿਲੀਅਨ ਅਮਰੀਕੀ ਡਾਲਰ ਸਨ। ਇਸੇ ਸਮੇਂ ਦੌਰਾਨ ਭਾਰਤ ਨੇ ਤੁਰਕੀ ਤੋਂ 3.78 ਬਿਲੀਅਨ ਅਮਰੀਕੀ ਡਾਲਰ ਦੀਆਂ 2,482 ਵਸਤੂਆਂ ਦਰਾਮਦ ਕੀਤੀਆਂ, ਭਾਵ ਇਸ ਆਯਾਤ-ਨਿਰਯਾਤ ਤੋਂ ਭਾਰਤ ਨੂੰ ਹੀ ਫਾਇਦਾ ਹੋਇਆ। ਦੁੱਗਣੇ ਤੋਂ ਥੋੜ੍ਹਾ ਘੱਟ। ਤੁਰਕੀ ਦੇ ਸੈਂਟਰਲ ਬੈਂਕ ਦੇ ਅਨੁਸਾਰ 'ਭਾਰਤੀ ਕੰਪਨੀਆਂ ਨੇ ਤੁਰਕੀ ਵਿੱਚ ਲਗਭਗ 126 ਮਿਲੀਅਨ ਡਾਲਰ ਦਾ ਨਿਵੇਸ਼ ਕੀਤਾ ਹੈ।' ਇੱਥੇ ਭਾਰਤ ਵਿੱਚ ਤੁਰਕੀ ਦਾ ਨਿਵੇਸ਼ ਲਗਭਗ 210.47 ਮਿਲੀਅਨ ਡਾਲਰ ਹੈ।

ਅੰਕਾਰਾ ਵਿੱਚ ਭਾਰਤੀ ਦੂਤਾਵਾਸ ਅਨੁਸਾਰ, 'ਤੁਰਕੀ ਵਿੱਚ ਰਜਿਸਟਰਡ ਪ੍ਰਮੁੱਖ ਭਾਰਤੀ ਕੰਪਨੀਆਂ ਵਿੱਚ ਟਰੈਕਟਰ ਅਤੇ ਫਾਰਮ ਉਪਕਰਣ ਲਿਮਟਿਡ, ਮਹਿੰਦਰਾ, ਸੋਨਾਲੀਕਾ, ਟਾਟਾ ਮੋਟਰਜ਼, ਜਿੰਦਲ, ਇੰਡੋ-ਰਾਮਾ, ਬਿਰਲਾ ਸੈਲੂਲੋਜ਼, ਪੋਲੀਪਲੈਕਸ, ਜੀ.ਐਮ.ਆਰ. ਇਨਫਰਾਸਟ੍ਰਕਚਰ, ਮੈਰਿਲ ਲਿੰਚ, ਪੁੰਜ ਲੋਇਡ, ਰਿਲਾਇੰਸ ਇੰਡਸਟਰੀਜ਼, ਥਰਮੈਕਸ, ਵਿਪਰੋ, ਡਾਬਰ, ਜੈਨ ਇਰੀਗੇਸ਼ਨ ਵਰਗੀਆਂ 150 ਭਾਰਤੀ ਕੰਪਨੀਆਂ ਹਨ। ਇਸ ਵਿੱਚ ਲੱਖਾਂ ਲੋਕ ਰੁਜ਼ਗਾਰ ਪ੍ਰਾਪਤ ਕਰਦੇ ਹਨ। ਤਾਂ ਕੀ ਸਾਰੀਆਂ ਕੰਪਨੀਆਂ ਬੰਦ ਕਰ ਦੇਣੀਆਂ ਚਾਹੀਦੀਆਂ ਹਨ?

ਪ੍ਰਧਾਨ ਮੰਤਰੀ ਮੋਦੀ ਆਪਣੇ ਭਾਸ਼ਣਾਂ ਵਿੱਚ ਵਾਰ-ਵਾਰ ਇਸ ਵਾਕ ਦੀ ਵਰਤੋਂ ਕਰ ਰਹੇ ਹਨ, 'ਵਪਾਰ ਅਤੇ ਅਤਿਵਾਦ ਇਕੱਠੇ ਨਹੀਂ ਚੱਲ ਸਕਦੇ।' ਮੈਨੂੰ ਲੱਗਦਾ ਹੈ, ਇਸ ਵਿੱਚ ਕੁਝ ਸੋਧ ਦੀ ਲੋੜ ਹੈ। ਜੇਕਰ ਪੂਰੀ ਦੁਨੀਆ ਸੱਚਮੁੱਚ ਇਸ ਸਿਧਾਂਤ 'ਤੇ ਚੱਲਣਾ ਸ਼ੁਰੂ ਕਰ ਦਿੰਦੀ ਹੈ, ਤਾਂ 193 ਦੇਸ਼ਾਂ ਵਿੱਚੋਂ ਸਿਰਫ਼ ਇੱਕ ਚੌਥਾਈ ਦੇਸ਼ ਹੀ ਕਾਰੋਬਾਰ ਲਈ ਬਚਣਗੇ। ਸਰਹੱਦ ਪਾਰ ਅਤਿਵਾਦ ਦੇ ਨਾਲ-ਨਾਲ ਕਾਰੋਬਾਰ ਵੀ ਪੂਰੀ ਦੁਨੀਆ ਵਿੱਚ ਚੱਲ ਰਿਹਾ ਹੈ। ਜਿਸ ਤਰ੍ਹਾਂ ਏਰਦੋਗਨ ਪਾਕਿਸਤਾਨ ਦੇ ਮੋਢੇ 'ਤੇ ਬੰਦੂਕ ਰੱਖ ਕੇ ਭਾਰਤ 'ਤੇ ਨਿਸ਼ਾਨਾ ਸਾਧਣ ਦੀ ਕੋਸ਼ਿਸ਼ ਕਰ ਰਿਹਾ ਹੈ, ਉਸ ਨਾਲ ਉਸਦੀ ਹੀ ਭਾਸ਼ਾ ਵਿੱਚ ਨਜਿੱਠਿਆ ਜਾਣਾ ਚਾਹੀਦਾ ਹੈ। ਉਦਾਹਰਣ ਵਜੋਂ, ਤੁਰਕੀ ਅਤੇ ਸਾਈਪ੍ਰਸ ਵਿਚਕਾਰ ਤਣਾਅ ਮੁੱਖ ਤੌਰ 'ਤੇ ਸਾਈਪ੍ਰਸ ਟਾਪੂ ਦੀ ਵੰਡ, ਸਮੁੰਦਰੀ ਸੀਮਾ ਵਿਵਾਦ ਅਤੇ ਯੂਨਾਨੀ ਸਾਈਪ੍ਰਸ ਤੇ ਤੁਰਕੀ ਸਾਈਪ੍ਰਸ ਵਿਚਕਾਰ ਸਬੰਧਾਂ ਬਾਰੇ ਹਨ। 1974 ਵਿੱਚ ਸਾਈਪ੍ਰਸ ਉੱਤੇ ਤੁਰਕੀ ਦੇ ਹਮਲੇ ਤੋਂ ਬਾਅਦ, ਟਾਪੂ ਦੋ ਹਿੱਸਿਆਂ ਵਿੱਚ ਵੰਡਿਆ ਗਿਆ ਸੀ। ਤੁਰਕਮੇਨ ਗਣਰਾਜ ਉੱਤਰੀ ਸਾਈਪ੍ਰਸ, ਜਿਸਨੂੰ ਅੰਕਾਰਾ ਦੁਆਰਾ ਮਾਨਤਾ ਪ੍ਰਾਪਤ ਹੈ, ਸਾਈਪ੍ਰਸ ਗਣਰਾਜ ਦਾ ਵਿਰੋਧ ਕਰਦਾ ਹੈ, ਜਿਸਨੂੰ ਅੰਤਰਰਾਸ਼ਟਰੀ ਭਾਈਚਾਰੇ ਦੁਆਰਾ ਮਾਨਤਾ ਪ੍ਰਾਪਤ ਹੈ। ਜਿਸ ਤਰ੍ਹਾਂ ਏਰਦੋਗਨ ਕਸ਼ਮੀਰ ਵਿੱਚ ਖੇਡ ਰਿਹਾ ਹੈ, ਜੇਕਰ ਭਾਰਤ ਵੀ ਯੂਨਾਨੀ ਸਾਈਪ੍ਰਸੀਆਂ ਦੇ ਨਾਲ ਖੜ੍ਹਾ ਦਿਖਾਈ ਦਿੰਦਾ ਹੈ, ਤਾਂ ਸਥਿਤੀ ਬਦਲ ਸਕਦੀ ਹੈ। ਕਜ਼ਾਕਿਸਤਾਨ, ਉਜ਼ਬੇਕਿਸਤਾਨ, ਕਿਰਗਿਸਤਾਨ ਅਤੇ ਤੁਰਕਮੇਨਿਸਤਾਨ ਨੇ ਹਾਲ ਹੀ ਵਿੱਚ ਦੱਖਣੀ ਸਾਈਪ੍ਰਸ ਦੇ ਯੂਨਾਨੀ ਸਾਈਪ੍ਰਸ ਪ੍ਰਸ਼ਾਸਨ ਵਿੱਚ ਕੂਟਨੀਤਕ ਮਿਸ਼ਨ ਖੋਲ੍ਹਣ ਦਾ ਫੈਸਲਾ ਕੀਤਾ ਹੈ। ਇਨ੍ਹਾਂ ਉਦਘਾਟਨਾਂ ਦੇ ਨਾਲ ਉਸਨੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਮਤੇ 541 ਅਤੇ 550 ਦਾ ਵੀ ਸਮਰਥਨ ਕੀਤਾ, ਜੋ ਉੱਤਰੀ ਸਾਈਪ੍ਰਸ ਵਿੱਚ ਤੁਰਕੀ ਦੀ ਮੌਜੂਦਗੀ ਨੂੰ 'ਕਬਜ਼ੇ' ਵਜੋਂ ਪਰਿਭਾਸ਼ਤ ਕਰਦੇ ਹਨ। ਇਸ ਮੁੱਦੇ ਨੂੰ ਲੈ ਕੇ ਏਰਦੋਗਨ ਇਨ੍ਹਾਂ ਮੱਧ ਏਸ਼ੀਆਈ ਦੇਸ਼ਾਂ ਤੋਂ ਨਾਰਾਜ਼ ਹਨ। ਉੱਤਰੀ ਸਾਈਪ੍ਰਸ 'ਤੇ ਤੁਰਕੀ ਦੇ ਕਬਜ਼ੇ ਦੇ ਮੁੱਦੇ 'ਤੇ ਭਾਰਤ ਨੂੰ ਇਨ੍ਹਾਂ ਚਾਰ ਮੱਧ ਏਸ਼ੀਆਈ ਦੋਸਤਾਂ ਦੇ ਨਾਲ ਖੜ੍ਹਾ ਦੇਖਿਆ ਜਾਣਾ ਚਾਹੀਦਾ ਹੈ। ਹਿਸਾਬ-ਕਿਤਾਬ ਹੋ ਜਾਵੇਗਾ!

ਤਰਜ਼-ਏ-ਜ਼ਿੰਦਗੀ



# ਆਪੋ-ਆਪਣੇ ਹਦਫ, ਆਪੋ-ਆਪਣੇ ਪੈਂਡੇ

ਡਾ. ਅਰਵਿੰਦਰ ਸਿੰਘ ਭੱਲਾ
ਫੋਨ: +91-9463062603

ਇਸ ਕਾਇਨਾਤ ਵਿੱਚ ਹਰੇਕ ਮਨੁੱਖ ਦੇ ਜੀਵਨ ਦਾ ਕੋਈ ਨਾ ਕੋਈ ਲਕਸ਼, ਟੀਚਾ, ਹਦਫ, ਮਕਸਦ ਜਾਂ ਉਦੇਸ਼ ਹੁੰਦਾ ਹੈ। ਮਨੁੱਖ ਤਾਉਮਰ ਉਸ ਹਦਫ ਦੀ ਪ੍ਰਾਪਤੀ ਲਈ ਆਪਣੀ ਸਮਰੱਥਾ ਅਨੁਸਾਰ ਹਰ ਸੰਭਵ ਕੋਸ਼ਿਸ਼ ਕਰਦਾ ਹੈ। ਜਿਨ੍ਹਾਂ ਲੋਕਾਂ ਦੇ ਜੀਵਨ ਦਾ ਕੋਈ ਮਾਕੂਲ, ਉਸਾਰੂ ਅਤੇ ਸਕਾਰਾਤਮਕ ਉਦੇਸ਼ ਨਹੀਂ ਹੁੰਦਾ, ਉਹ ਅਕਸਰ ਅਹਿਸਾਸ-ਏ-ਕਮਤਰੀ, ਦਿਸ਼ਾਹੀਣਤਾ ਅਤੇ ਨਿਰਾਸ਼ਾ ਦਾ ਸ਼ਿਕਾਰ ਹੁੰਦੇ ਹਨ। ਦਰਅਸਲ ਸਿਰਜਣਾਤਮਕ ਟੀਚਾ ਮਨੁੱਖ ਵਿੱਚ ਚਾਅ, ਖੇੜਾ ਅਤੇ ਵਿਸਮਾਦ ਦੀ ਭਾਵਨਾ ਪੈਦਾ ਕਰਦਾ ਹੈ। ਜੋ ਲੋਕ ਬਾਮਕਸਦ ਜ਼ਿੰਦਗੀ ਗੁਜ਼ਾਰਨ ਨੂੰ ਤਰਜੀਹ ਦਿੰਦੇ ਹਨ, ਉਹ ਹੀ ਲੋਕ ਸੱਚੇ ਅਰਥਾਂ ਵਿੱਚ ਸਮਾਜ ਦੇ ਉਸਰੱਈਏ, ਮਾਰਗ ਦਰਸ਼ਕ ਅਤੇ ਚਾਨਣ ਮੁਨਾਰਾ ਅਖਵਾਉਣ ਦੇ ਹੱਕਦਾਰ ਹੁੰਦੇ ਹਨ। ਅਜਿਹੇ ਲੋਕ ਹਰ ਚੁਣੌਤੀ ਨੂੰ ਅਵਸਰ ਵਿੱਚ ਤਬਦੀਲ ਕਰਨ ਦਾ ਹੁਨਰ ਜਾਣਦੇ ਹਨ। ਜੇਕਰ ਦੇਖਿਆ ਜਾਵੇ ਤਾਂ ਜ਼ਿੰਦਗੀ ਦੇ ਸਫ਼ਰ-ਦਰ-ਸਫ਼ਰ ਦੌਰਾਨ ਪਗਡੰਡੀਆਂ ਤੋਂ ਸ਼ਾਹਰਾਹ ਤੱਕ ਦਾ ਸਫ਼ਰ ਉਹ ਹੀ ਸਿਦਕਵਾਨ, ਸਿਰੜੀ ਅਤੇ ਜਨੂੰਨੀ ਲੋਕ ਤੈਅ ਕਰਦੇ ਹਨ, ਜਿਹੜੇ ਹਰ ਅਜ਼ਮਾਇਸ਼ ਨੂੰ ਖਿੜੇ ਮੱਥੇ ਪ੍ਰਵਾਨ ਕਰਦੇ ਹਨ। ਜਿਨ੍ਹਾਂ ਲੋਕਾਂ ਦੀਆਂ ਅੱਖਾਂ ਵਿੱਚ ਆਪਣੇ ਉੱਜਲ ਭਵਿੱਖ ਦੇ ਸੁਪਨੇ ਛੁਪੇ ਹੁੰਦੇ ਹਨ, ਜਿਨ੍ਹਾਂ ਦੇ ਜ਼ਿਹਨ ਵਿੱਚ ਆਪਣੇ ਹਦਫ ਦਾ ਖਾਕਾ ਉਕਰਿਆ ਹੁੰਦਾ ਹੈ ਅਤੇ ਜੋ ਲੋਕ ਆਪਣੀ ਮੰਜ਼ਿਲ ਨੂੰ ਪਾਉਣ ਤੱਕ ਆਪਣੇ ਰਾਹ ਵਿੱਚ ਆਉਣ ਵਾਲੀ ਹਰ ਦਿਲਫ਼ਰੇਬ ਸ਼ੈਅ ਜਾਂ ਮੰਜ਼ਰ ਨੂੰ ਦੇਖ ਕੇ ਨਜ਼ਰਅੰਦਾਜ਼ ਕਰਨ ਦਾ ਹੌਸਲਾ ਰੱਖਦੇ ਹੋਣ, ਉਨ੍ਹਾਂ ਲਈ ਹਰ ਮੰਜ਼ਿਲ ਨੂੰ ਪਾਉਣਾ ਆਸਾਨ ਹੋ ਜਾਂਦਾ ਹੈ।

ਇਹ ਵੀ ਇੱਕ ਸੱਚਾਈ ਹੈ ਕਿ ਹਰੇਕ ਮਨੁੱਖ ਲਈ ਆਪਣੇ ਹਦਫ ਨੂੰ ਪ੍ਰਾਪਤ ਕਰਨ ਦਾ ਆਪਣਾ-ਆਪਣਾ ਢੰਗ ਤਰੀਕਾ ਹੁੰਦਾ ਹੈ। ਹਰ ਕੋਈ ਅਲੱਗ-ਅਲੱਗ ਪੈਂਡੇ ਤੈਅ ਕਰਕੇ ਆਪਣੀ ਮੰਜ਼ਿਲ-ਏ-ਮਕਸੂਦ ਨੂੰ ਹਾਸਲ ਕਰਨ ਲਈ ਤਰਦੱਦ ਕਰਦਾ ਹੈ। ਕੁੱਝ ਲੋਕ ਆਪਣੀ ਮੰਜ਼ਿਲ ਵੱਲ ਜਾਂਦੀਆਂ ਪੈੜਾਂ ਦੇ ਨਕਸ਼ਾਂ ਨੂੰ ਬੜੀ ਆਸਾਨੀ ਨਾਲ ਖੋਜ ਲੈਂਦੇ ਹਨ ਅਤੇ ਕਈ ਲੋਕਾਂ ਦੀ ਤਮਾਮ ਉਮਰ ਉਨ੍ਹਾਂ ਰਾਹਾਂ ਦੀ ਖ਼ਾਕ ਛਾਣਨ ਵਿੱਚ ਹੀ ਗੁਜ਼ਰ ਜਾਂਦੀ ਹੈ, ਜਿਹੜੇ ਰਾਹ ਅਸਲ ਵਿੱਚ ਉਨ੍ਹਾਂ ਦੀ ਮੰਜ਼ਿਲ ਵੱਲ ਜਾਂਦੇ ਹੀ ਨਹੀਂ ਸਨ। ਕੁਝ ਲੋਕ ਗਫ਼ਲਤ ਦਾ ਸ਼ਿਕਾਰ ਹੋ ਕੇ ਆਪਣੀ ਮੰਜ਼ਿਲ ਤੋਂ ਭਟਕ ਜਾਂਦੇ ਹਨ ਅਤੇ ਕੁਝ ਮੰਝਧਾਰ ਵਿੱਚ ਫ਼ਸ ਕੇ ਵੀ ਸਾਬਿਤ ਕਦਮੀ ਸਾਹਿਲ ਤੱਕ ਪਹੁੰਚ ਜਾਂਦੇ ਹਨ। ਕੁਝ ਆਪਣੀ ਤਲਬ, ਪਿਆਸ, ਤਮੰਨਾ, ਜਨੂੰਨ ਅਤੇ ਜਜ਼ਬੇ ਨਾਲ ਆਪਣੇ ਰਾਹਾਂ ਨੂੰ ਰੁਸ਼ਨਾਉਣ ਵਿੱਚ ਸਫ਼ਲ ਹੋ ਜਾਂਦੇ ਹਨ ਅਤੇ ਕੁਝ ਲੋਕ ਆਪਣੀ ਕਿਸਮਤ ਤੇ ਹਾਲਾਤਾਂ ਨੂੰ ਕੋਸਣ ਤੇ ਦੂਜਿਆਂ ਸਿਰ ਆਪਣੀ ਅਸਫ਼ਲਤਾ ਦਾ ਦੋਸ਼ ਮੜ੍ਹਨ ਵਿੱਚ ਆਪਣੀ ਸਾਰੀ ਉਮਰ ਗੁਜ਼ਾਰ ਦਿੰਦੇ ਹਨ। ਕੁਝ ਲੋਕ ਆਪਣੇ ਰਾਹਾਂ ਦੇ ਕੰਡਿਆਂ ਤੋਂ ਵੀ ਬੇਪਰਵਾਹ ਰਹਿੰਦੇ ਹੋਏ ਜ਼ਖ਼ਮੀ ਤੇ ਲਹੂ ਲੁਹਾਣ ਪੈਰਾਂ ਨਾਲ ਆਪਣੀ ਮੰਜ਼ਿਲ ਦੀ ਦਹਿਲੀਜ਼ ਉੱਪਰ ਪਹੁੰਚ ਕੇ ਦਮ ਲੈਂਦੇ ਹਨ ਅਤੇ ਕੁਝ ਲੋਕ ਆਪਣੇ ਰਾਹਾਂ ਵਿੱਚ ਬਿਖਰੇ ਛਿਣ ਭਰ ਵਿੱਚ ਮੁਰਝਾਅ ਜਾਣ ਵਾਲੇ ਫੁੱਲਾਂ ਦੀ ਖ਼ੁਸ਼ਬੂ ਨੂੰ ਆਪਣੀ ਮੰਜ਼ਿਲ ਸਮਝ ਕੇ ਆਪਣੇ ਸਫ਼ਰ ਨੂੰ ਅਧਵਾਟੇ ਹੀ ਛੱਡ ਕੇ ਆਪਣੇ ਹਦਫ ਨੂੰ ਭੁੱਲ-ਭੁਲਾ ਜਾਂਦੇ ਹਨ।


ਜੇਕਰ ਗਹੁ ਨਾਲ ਦੇਖਿਆ ਜਾਵੇ ਤਾਂ ਮਨੁੱਖ ਲਈ ਉਸ ਦੇ ਜੀਵਨ ਦਾ ਹਦਫ ਉਸ ਨੂੰ ਹੁਲਾਰਾ ਦੇਣ ਦੇ ਨਾਲ-ਨਾਲ ਕਿਸੇ ਹੱਦ ਤੱਕ ਉਸ ਨੂੰ ਨਿਰੰਤਰ ਤੌਰ ਉੱਪਰ ਬੇਚੈਨ ਵੀ ਰੱਖਦਾ ਹੈ। ਜਦੋਂ ਤੱਕ ਮਨੁੱਖ ਆਪਣੇ ਹਦਫ ਨੂੰ ਹਾਸਲ ਕਰਨ ਵਿੱਚ ਕਾਮਯਾਬ ਨਹੀਂ ਹੁੰਦਾ, ਉਦੋਂ ਤੱਕ ਉਹ ਆਪਣੀ ਮੰਜ਼ਿਲ ਨੂੰ ਪਾਉਣ ਲਈ ਬਹੁਤ ਛਟਪਟਾਉਂਦਾ ਹੈ ਅਤੇ ਜਦੋਂ ਉਹ ਆਪਣਾ ਹਦਫ ਹਾਸਲ ਕਰ ਲੈਂਦਾ ਹੈ ਤਾਂ ਉਹ ਖ਼ੁਦ ਨੂੰ ਧੁਰ ਅੰਦਰੋਂ ਉਸ ਸਮੇਂ ਤੱਕ ਉਸ ਦਾ ਕਿਸੇ ਅਗਲੇਰੀ ਮੰਜ਼ਿਲ ਵੱਲ ਸਫ਼ਰ ਆਰੰਭ ਨਹੀਂ ਹੁੰਦਾ ਹੈ। ਇੱਕ ਤੋਂ ਬਾਅਦ ਇੱਕ ਹਦਫ ਨੂੰ ਹਾਸਲ ਕਰਨ ਦੇ ਸਫ਼ਰ ਦੌਰਾਨ ਮਨੁੱਖ ਇਸੇ ਤਰ੍ਹਾਂ ਸੰਤੁਸ਼ਟਤਾ ਅਤੇ ਛਟਪਟਾਹਟ ਦੇ ਦਰਮਿਆਨ ਆਪਣੀ ਹਯਾਤੀ ਗੁਜ਼ਾਰਦਾ ਹੈ। ਦਰਅਸਲ ਹਰ ਸਥਿਤੀ ਵਿੱਚ ਖ਼ੁਦ ਨੂੰ ਅਤ੍ਰਿਪਤ ਤੇ ਅਸੰਤੁਸ਼ਟ ਮਹਿਸੂਸ ਕਰਨ ਦੇ ਨਾਲ-ਨਾਲ ਆਪਣੇ ਚੰਚਲ ਸੁਭਾਅ ਕਾਰਨ ਮਨੁੱਖ ਕਦੇ ਵੀ ਆਪਣੇ ਇੱਕ ਹਦਫ ਨੂੰ ਹਾਸਲ ਕਰਨ ਤੋਂ ਬਾਅਦ ਰੁਕਦਾ ਨਹੀਂ ਹੈ, ਸਗੋਂ ਉਹ ਕਿਸੇ ਹੋਰ ਅਣਜਾਣ ਪੈਂਡੇ ਉੱਤੇ ਤੁਰਨ ਦੀ ਕੋਸ਼ਿਸ਼ ਕਰਦਾ ਹੋਇਆ ਕਿਸੇ ਹੋਰ ਅਗਲੇਰੀ ਅਦਿੱਖ ਮੰਜ਼ਿਲ ਨੂੰ ਹਾਸਲ ਕਰਨ ਵਿੱਚ ਰੁੱਝ ਜਾਂਦਾ ਹੈ। ਮਨੁੱਖ ਦੀ ਇਸੇ ਬੁਨਿਆਦੀ ਫ਼ਿਤਰਤ ਵਿੱਚ ਮਨੁੱਖ ਦੇ ਵਿਕਾਸ ਅਤੇ ਉਸ ਦੀ ਭਟਕਣ ਦੇ ਬੀਜ ਸਮੋਏ ਹੋਏ ਹਨ। ਇਹ ਕਹਿਣਾ ਵੀ ਗਲਤ ਨਹੀਂ ਹੋਵੇਗਾ ਕਿ ਮਨੁੱਖ ਦੀ ਸਥਿਤੀ ਸਮੁੰਦਰ ਦੀਆਂ ਉਨ੍ਹਾਂ ਅੱਥਰੀਆਂ ਲਹਿਰਾਂ ਵਾਂਗ ਹੈ, ਜੋ ਇੱਕ ਤਵੀਲ ਸਫ਼ਰ ਤੈਅ ਕਰਕੇ ਸਾਹਿਲ ਨੂੰ ਛੂਹ ਕੇ ਫਿਰ ਸਮੁੰਦਰ ਵਿੱਚ ਜਾ ਰਲਦੀਆਂ ਹਨ, ਕਿਉਂ ਕਿ ਸਮੁੰਦਰ ਦੀਆਂ ਲਹਿਰਾਂ ਦੇ ਨਸੀਬਾਂ ਵਿੱਚ ਵੀ ਕਿਤੇ ਟਿਕਾਅ ਨਹੀਂ ਲਿਖਿਆ ਹੁੰਦਾ ਹੈ।



ਇਨਸਾਨ ਆਪਣੀ ਮੰਜ਼ਿਲ ਜਾਂ ਹਦਫ ਨੂੰ ਹਾਸਲ ਕਰਨ ਦੀ ਜੁਸਤਜੂ ਵਿੱਚ ਕਈ ਵਾਰ ਖ਼ੁਦ ਨੂੰ ਫ਼ਨਾ ਕਰ ਲੈਂਦਾ ਹੈ। ਆਪਣੇ ਹਦਫ ਨੂੰ ਹਾਸਲ ਕਰਨ ਲਈ ਰਾਹਾਂ ਦਾ ਇੰਤਖ਼ਾਬ ਵੀ ਬੜਾ ਮਹੱਤਵਪੂਰਨ ਹੁੰਦਾ ਹੈ। ਆਪੋ-ਆਪਣੇ ਹਦਫ ਨੂੰ ਹਾਸਲ ਕਰਨ ਲਈ ਕਈ ਵਾਰੀ ਮਨੁੱਖ ਅਨੇਕਾਂ ਗੁਨਾਹ ਕਰ ਗੁਜ਼ਰਦਾ ਹੈ। ਉਹ ਠੀਕ-ਗਲਤ, ਉਚਿਤ-ਅਣਉਚਿਤ ਅਤੇ ਨਿਆਂਪੂਰਨ ਤੇ ਅਨਿਆਂਪੂਰਨ ਢੰਗ ਤਰੀਕਿਆਂ ਵਿੱਚ ਅੰਤਰ ਕੀਤੇ ਬਿਨਾ ਹਰ ਹੀਲੇ ਆਪਣੇ ਉਦੇਸ਼ ਦੀ ਪ੍ਰਾਪਤੀ ਕਰਨਾ ਚਾਹੁੰਦਾ ਹੈ। ਉਸ ਅੰਦਰ ਆਪਣੇ ਮਕਸਦ ਨੂੰ ਪ੍ਰਾਪਤ ਕਰਨ ਦਾ ਵਲਵਲਾ ਉਸ ਨੂੰ ਸ਼ਾਂਤਚਿੱਤ ਹੋ ਕੇ ਬੈਠਣ ਨਹੀਂ ਦਿੰਦਾ ਅਤੇ ਮਨੁੱਖ ਅਕਸਰ ਉਨ੍ਹਾਂ ਰਾਹਾਂ ਉੱਤੇ ਵੀ ਤੁਰਨ ਵਿੱਚ ਕੋਈ ਹਿਚਕਚਾਹਟ ਮਹਿਸੂਸ ਨਹੀਂ ਕਰਦਾ, ਜਿਹੜੇ ਰਾਹ ਭਾਵੇਂ ਅੰਤ ਵਿੱਚ ਉਸ ਨੂੰ ਉਸ ਦੀ ਮੰਜ਼ਿਲ ਵੱਲ ਲੈ ਕੇ ਜਾਣ ਦੀ ਬਜਾਏ ਉਸ ਨੂੰ ਉਸ ਦੀ ਮੰਜ਼ਿਲ ਤੋਂ ਕੋਹਾਂ ਦੂਰ ਕਰ ਦੇਣ। ਆਪੋ-ਆਪਣੇ ਹਦਫ ਨੂੰ ਪ੍ਰਾਪਤ ਕਰਨ ਲਈ ਆਪੋ-ਆਪਣੇ ਪੈਂਡੇ ਤੈਅ ਕਰਨ ਦਾ ਇਹ ਸਿਲਸਿਲਾ ਯੁਗਾਂ-ਯੁਗਾਂ ਤੋਂ ਇਸੇ ਤਰ੍ਹਾਂ ਹੀ ਬਾਦਸਤੂਰ ਚਲਦਾ ਆ ਰਿਹਾ ਹੈ। ਇਨਸਾਨ ਦੇ ਖ਼ਵਾਬ, ਉਸ ਦੀਆਂ ਹਸਰਤਾਂ ਤੇ ਖ਼ਾਹਿਸ਼ਾਂ ਉਸ ਲਈ ਨਿੱਤ ਨਵੀਆਂ ਮੰਜ਼ਿਲਾਂ ਤੈਅ ਕਰਦੀਆਂ ਹਨ ਅਤੇ ਜਿਹੜੇ ਪੈਂਡੇ ਉਸ ਦੇ ਚਿੱਤ ਚੇਤੇ ਵਿੱਚ ਵੀ ਨਹੀਂ ਹੁੰਦੇ ਹਨ, ਉਨ੍ਹਾਂ ਰਾਹਾਂ ਦਾ ਰਾਹੀ ਬਣ ਕੇ ਮਨੁੱਖ ਕਦੇ ਆਪਣੇ ਹਦਫ ਦੀ ਪ੍ਰਾਪਤੀ ਦਾ ਜਸ਼ਨ ਮਨਾਉਂਦਾ ਹੈ ਅਤੇ ਆਪਣੇ ਹਦਫ ਨੂੰ ਹਾਸਲ ਕਰਨ ਵਿੱਚ ਅਸਫ਼ਲ ਰਹਿੰਦਿਆਂ ਮਾਯੂਸ ਹੁੰਦਾ ਹੈ। ਜੇਕਰ ਦੇਖਿਆ ਜਾਵੇ ਤਾਂ ਜੀਵਨ ਅਸਲ ਵਿੱਚ ਮੌਤ ਦੀ ਆਗੋਸ਼ ਵਿੱਚ ਸਮਾਉਣ ਤੱਕ ਨਿਰੰਤਰ ਇੱਕ ਸਫ਼ਰ ਜਾਂ ਅਗਨੀ ਪ੍ਰੀਖਿਆ ਹੈ, ਜੋ ਹਰ ਪਲ ਮਨੁੱਖ ਦੇ ਜਰਫ, ਜਜ਼ਬੇ ਅਤੇ ਜਨੂੰਨ ਦਾ ਇਮਤਿਹਾਨ ਲੈਂਦੀ ਹੈ। ਇੱਥੇ ਇਹ ਕਹਿਣਾ ਵੀ ਉੱਚਿਤ ਹੋਵੇਗਾ ਕਿ ਹਰ ਹਦਫ ਇਨਸਾਨ ਕੋਲੋਂ ਆਪਣੀ ਕੀਮਤ ਵਸੂਲ ਕਰਦਾ ਹੈ। ਆਪਣੀਆਂ ਹਸਰਤਾਂ ਦੀ ਕੀਮਤ ਚੁਕਾਏ ਬਿਨਾ ਇਨਸਾਨ ਕਦੇ ਵੀ ਸੁਰਖ਼ਰੂ ਨਹੀਂ ਹੋ ਸਕਦਾ। ਆਪਣੇ ਖ਼ਵਾਬਾਂ ਦਾ ਮੁੱਲ ਅਦਾ ਕਰਕੇ ਹੀ ਕੋਈ ਸੁਪਨਸਾਜ਼ ਆਪਣੀ ਮੰਜ਼ਿਲ-ਏ-ਮਕਸੂਦ ਨੂੰ ਹਾਸਲ ਕਰ ਸਕਣ ਦਾ ਖ਼ਵਾਬ ਦੇਖ ਸਕਦਾ ਹੈ। ਦਰਅਸਲ ਇਹ ਵੀ ਇੱਕ ਅਟੱਲ ਸੱਚਾਈ ਹੈ ਕਿ ਮਨੁੱਖ ਆਪਣੇ ਹਰ ਹਦਫ ਨੂੰ ਆਪਣੇ ਰਾਹ ਵਿੱਚ ਆਉਣ ਵਾਲੀਆਂ ਅਜ਼ਮਾਇਸ਼ਾਂ ਅਤੇ ਹਰ ਤਰ੍ਹਾਂ ਦੀ ਹੱਦਾਂ ਨੂੰ ਪਾਰ ਕਰਕੇ ਹੀ ਹਾਸਲ ਕਰ ਸਕਦਾ ਹੈ।

ਦੁੱਖੜੇ ਬਟਵਾਰੇ ਦੇ

ਸਾਂਵਲ ਧਾਮੀ
ਫੋਨ:+91-9781843444



# ਸ਼ਬਦਾਂ ਦਾ ਖੰਜਰ

***ਸੰਨ ਸੰਤਾਲੀ ਦੇ ਬਟਵਾਰੇ ਸਮੇਂ ਬੜੇ ਲੋਕਾਂ ਦਾ ਬੜਾ ਕੁਝ ਗੁਆਚ ਗਿਆ-ਖਾਸ ਕਰ ਰਿਸ਼ਤੇ-ਨਾਤੇ! ਉਦੋਂ ਤਾਂ ਵਕਤ ਦੀ ਨਜ਼ਾਕਤ ਪਛਾਨਣੀ ਔਖੀ ਹੋ ਗਈ ਸੀ ਤੇ ਦੇਵਤਿਆਂ ਸਮਾਨ ਬੰਦਿਆਂ ਦੇ ਵੀ ਈਮਾਨ ਡੋਲ ਗਏ ਸਨ। ਕਈ ਆਪਣਿਆਂ ਨੇ ਪੁਰਾਣੀਆਂ ਸਾਂਝਾਂ ਨੂੰ ਭੁਲਾ ਕੇ ਆਪਣਿਆਂ ਨੂੰ ਹੀ ਲੁੱਟਿਆ। ਬੋਲਾਂ ਦਾ ਖੰਜਰ ਕਿਸ ਕਦਰ ਅਸਰ ਕਰਦਾ ਹੈ, ਹਥਲੀ ਲਿਖਤ ਵਿਚ ਕਲਮਕਾਰ ਸਾਂਵਲ ਧਾਮੀ ਨੇ ਇਹੋ ਬਿਆਨ ਕੀਤਾ ਹੈ। ਸੰਤਾਲੀ ਦੇ ਬਟਵਾਰੇ ਨਾਲ ਜੁੜੀਆਂ ਅਜਿਹੀਆਂ ਹੀ ਅਭੁੱਲ, ਅਸਹਿ-ਅਕਹਿ ਗੱਲਾਂ ਕੁਝ ਇਸ ਲਹਿਜ਼ੇ ਦੀਆਂ ਹਨ ਕਿ ਪੜ੍ਹ ਕੇ ਦਿਲ ਵਲੂੰਧਰਿਆ ਜਾਂਦਾ ਹੈ...।***

ਫਗਵਾੜਾ-ਹੁਸ਼ਿਆਰਪੁਰ ਸੜਕ 'ਤੇ ਡਵਿੱਡੇ ਰਿਹਾਣੇ ਤੋਂ ਲਹਿੰਦੇ ਪਾਸੇ ਇੱਕ ਘੁੱਗ ਵੱਸਦਾ ਪਿੰਡ ਹੈ: ਅਹਿਰਾਣਾਂ ਕਲਾਂ। ਵੰਡ ਤੋਂ ਪਹਿਲਾਂ ਇੱਥੇ ਨਾਰੂ ਗੋਤ ਦੇ ਮੁਸਲਮਾਨ ਰਾਜਪੂਤ ਵੱਸਦੇ ਸਨ। ਬਾਬੂ ਫ਼ਜ਼ਲ ਮੁਹੰਮਦ ਇਲਾਕੇ ਦਾ ਮੰਨਿਆ-ਦੰਨਿਆ ਬੰਦਾ ਸੀ। ਉਸ ਦੀ ਕੰਨਸਟ੍ਰਕਸ਼ਨ ਕੰਪਨੀ ਬਰਮਾ ਵਿੱਚ ਰੇਲਵੇ ਲਾਈਨਾਂ ਵਿਛਾਉਣ ਦਾ ਕੰਮ ਕਰਦੀ ਸੀ। ਦੂਜੀ ਵਿਸ਼ਵ ਜੰਗ ਸਮੇਂ ਉਹ ਬਰਮਾ 'ਚੋਂ ਮੁੜ ਆਇਆ ਤੇ ਉਸ ਨੇ ਬਿਹਾਰ 'ਚ ਕਿਸੇ ਹਵਾਈ ਅੱਡੇ ਦਾ ਠੇਕਾ ਲੈ ਲਿਆ ਸੀ, ਜੋ ਜਨਵਰੀ 1930 'ਚ ਮੁਕੰਮਲ ਹੋਇਆ, ਉਸਦਾ ਤਿਮੰਜ਼ਲਾ ਚੁਬਾਰਾ ਅੱਜ ਵੀ ਉਸ ਦੀ ਸ਼ਾਨੋ-ਸ਼ੌਕਤ ਦੀ ਗਵਾਹੀ ਭਰਦਾ ਹੈ।

'ਕਿਧਰੇ ਉਸਦੀ ਨਜ਼ਰ ਪਿੰਡ ਦੀ ਕਿਸੀ ਬਹੂ-ਬੇਟੀ 'ਤੇ ਨਾ ਪੈ ਜਾਏ।' ਇਹ ਸੋਚ ਕੇ ਬਾਬੂ ਫ਼ਜ਼ਲਾ ਕਦੇ ਵੀ ਛੱਤ 'ਤੇ ਨਹੀਂ ਸੀ ਚੜ੍ਹਦਾ ਹੁੰਦਾ।

ਉਸਨੇ ਲੜਕੀਆਂ ਤੇ ਲੜਕਿਆਂ ਵਾਸਤੇ ਪਿੰਡ 'ਚ ਦੋ ਸਕੂਲ ਖੁਲ੍ਹਵਾਏ। ਆਪਣੇ ਪੁੱਤ-ਭਤੀਜੇ ਦਿੱਲੀ ਦੇ ਜਾਮੀਆ-ਮੀਲੀਆ ਇਸਲਾਮੀਆਂ ਸਕੂਲ 'ਚੋਂ ਹਟਵਾ ਕੇ ਇਸ ਸਕੂਲ 'ਚ ਦਾਖ਼ਲ ਕਰਵਾਏ। ਟੀਚਰਾਂ ਲਈ ਸਕੂਲ ਅੰਦਰ ਰਹਿਣ ਦਾ ਪ੍ਰਬੰਧ ਕੀਤਾ। ਦਸਵੀਂ ਦੇ ਵਿਦਿਆਰਥੀਆਂ ਨੂੰ ਫਾਈਨਲ ਪਰਚਿਆਂ ਤੋਂ ਕੁਝ ਮਹੀਨੇ ਪਹਿਲਾਂ ਰਾਤ ਨੂੰ ਸਕੂਲ 'ਚ ਰੱਖ ਕੇ ਵਾਧੂ ਪੜ੍ਹਾਇਆ ਜਾਂਦਾ ਸੀ। ਸੰਤਾਲੀ ਤੱਕ ਮੁਹੰਮਦ ਦੀਨ ਆਲੋਵਾਲ, ਰਹਿਮਤ ਅਲੀ ਪਥਰਾਲੀਆਂ ਤੇ ਆਤਮਾ ਸਿੰਘ ਆਦਿ ਇਸ ਸਕੂਲ ਦੇ ਮਾਸਟਰ ਰਹੇ। ਅਜਤਾਮ ਦੇ ਪੰਡਿਤ ਬਾਬੂ ਰਾਮ ਜੀ ਤੇ ਫਿਰ ਰਿਆਜ਼ ਮੁਹੰਮਦ ਇਸ ਸਕੂਲ ਦੇ ਹੈੱਡ-ਮਾਸਟਰ ਬਣੇ।

ਉਸ ਨੇ ਆਪਣੀ ਹਵੇਲੀ 'ਚ ਹਸਪਤਾਲ ਖੁਲ੍ਹਵਾਇਆ। ਮੇਨ-ਰੋਡ ਤੋਂ ਆਪਣੇ ਪਿੰਡ ਨੂੰ ਪੱਕਾ ਰਸਤਾ ਬਣਵਾਇਆ।

ਸੰਤਾਲੀ ਤੋਂ ਥੋੜ੍ਹਾ ਪਹਿਲਾਂ ਉਸਨੇ ਹਾਜੀ ਖਾਂ ਸਿੰਧੀ ਨਾਲ ਮਿਲ ਕੇ 'ਸਿੰਧ ਅਜ਼ਾਦ ਕੰਪਨੀ' ਬਣਾਈ। ਹਾਈ-ਵੇਅ ਦੇ ਠੇਕੇ 'ਚੋਂ ਇਸ ਕੰਪਨੀ ਨੂੰ ਚਾਰ ਲੱਖ ਰੁਪਈਆ ਬਚਿਆ ਸੀ। ਸੌ ਰੁਪਏ ਏਕੜ ਦੇ ਹਿਸਾਬ ਨਾਲ ਦੋਵਾਂ ਸਾਂਝੀਦਾਰਾਂ ਨੇ ਜ਼ੁਲਫ਼ਕਾਰ ਅਲੀ ਭੁੱਟੋ ਦੇ ਚਾਚੇ ਕੋਲੋਂ ਚਾਰ ਹਜ਼ਾਰ ਏਕੜ ਦੇ ਕਰੀਬ ਜ਼ਮੀਨ ਖ਼ਰੀਦੀ। ਉਸ ਇਲਾਕੇ 'ਚ, ਜਿੱਥੇ ਸਿੰਧ ਦਰਿਆ ਅਰਬ ਸਾਗਰ 'ਚ ਡਿੱਗਦਾ ਹੈ।

ਵੰਡ ਦੇ ਐਲਾਨ ਮਗਰੋਂ ਇਹ ਪਰਿਵਾਰ ਵੀ ਪਿੰਡੋਂ ਉੱਠ ਕੇ ਬੀਬੀ ਦੀ ਪੰਡੋਰੀ ਕੈਂਪ 'ਚ ਆ ਗਿਆ। ਇੱਥੋਂ ਇਹ ਹੁਸ਼ਿਆਰਪੁਰ ਦੇ ਕਮਾਲਪੁਰ ਤੇ ਅਗਾਂਹ ਜਲੰਧਰ ਰਾਮਾ ਮੰਡੀ ਨੇੜਲੇ ਕੈਂਪ 'ਚ ਪਹੁੰਚ ਗਏ। ਜਲੰਧਰ ਤੋਂ ਇਹ ਪਰਿਵਾਰ ਰੇਲ-ਗੱਡੀ 'ਚ ਬੈਠ ਲਾਹੌਰ ਪਹੁੰਚ ਗਿਆ। ਪਹਿਲਾਂ ਤੋਂ ਬਾਰ 'ਚ ਆਬਾਦ ਰਿਸ਼ਤੇਦਾਰਾਂ ਨੇ ਇਸ ਪਰਿਵਾਰ ਨੂੰ ਸੰਭਾਲਿਆ। ਇਨ੍ਹਾਂ ਨੂੰ ਜ਼ਮੀਨ ਮਿਲੀ ਜੜ੍ਹਾਂਵਾਲਾ ਤਹਿਸੀਲ ਦੇ ਚੱਕ ਨੰ. 644 ਜੀ.ਬੀ. ਤੇ ਠੀਕਰੀਵਾਲੇ ਥਾਣੇ ਨੇੜਲੇ ਪਿੰਡ 68 ਚੱਕ ਲੀਹਲਾਂ ਵਿੱਚ। 644 ਚੱਕ ਪਟਿਆਲੀਏ ਸਰਦਾਰਾਂ ਦਾ ਸੀ। ਉਨ੍ਹਾਂ ਖੇਤੀ ਲਈ ਸੀਰੀ ਰੱਖੇ ਹੋਏ ਸਨ ਤੇ ਆਪ 'ਦੇਸ' 'ਚ ਹੀ ਰਹਿੰਦੇ ਸਨ। ਇਸ ਚੱਕ ਦੇ ਸਾਰੇ ਘਰ ਕੱਚੇ ਸਨ। ਲੀਹਲਾਂ ਲੁਧਿਆਣੀਆਂ ਦਾ ਚੱਕ ਸੀ ਤੇ ਇਹ ਪੱਕਾ ਪਿੰਡ ਸੀ।


ਇੱਧਰ ਬਾਬੂ ਵਾਲਾ ਚੁਬਾਰਾ ਢੱਕੋਵਾਲੀਏ ਖ਼ਿਆਤਾ ਪਰਿਵਾਰ ਨੂੰ ਅਲਾਟ ਹੋਇਆ। ਇਹ ਟੱਬਰ ਗੋਜਰਾ ਤਹਿਸੀਲ ਦੇ ਚੱਕ ਨੰਬਰ 132 ਜੀ.ਬੀ. ਕਾਲਾ ਪਠਾਣਵਾਲਾ ਤੋਂ ਉੱਜੜ ਕੇ ਆਇਆ ਸੀ। ਉਜੜੇ ਤੋਂ ਉੱਭਰ ਕੇ ਬਾਬੂ ਹੁਰਾਂ ਸਿੰਧ ਵਾਲੀ ਜ਼ਮੀਨ 'ਤੇ ਕੇਲਾ ਲਗਾਉਣ ਦੀ ਸ਼ੁਰੂਆਤ ਕਰਨ ਬਾਰੇ ਸੋਚਿਆ।

ਲਾਹੌਰ 'ਚ ਨਵਾਜ਼ ਸ਼ਰੀਫ਼ ਦੇ ਪਿਉ ਦੀ 'ਇਤਫਾਕ ਕੰਪਨੀ' ਸੀ। ਝੀਲ 'ਚੋਂ ਪਾਣੀ ਚੁੱਕਣ ਲਈ ਇੱਥੋਂ ਇੰਜਣ ਖਰੀਦਿਆ ਗਿਆ। ਪ੍ਰਯੋਗ ਸਫ਼ਲ ਹੋਇਆ। ਕਾਸ਼ਤ ਪੰਜ-ਛੇ ਹਜ਼ਾਰ ਏਕੜ ਤੱਕ ਪਹੁੰਚ ਗਈ। ਇਹ ਟੱਬਰ ਅੱਜ ਵੀ ਅਰਜਨ ਦਾਸ ਬਾਣੀਏ ਦਾ ਨਾਂ ਸਤਿਕਾਰ ਨਾਲ ਲੈਂਦਾ ਹੈ। ਉਹ ਮੁੰਬਈ ਤੋਂ ਇਨ੍ਹਾਂ ਲਈ ਕੇਲਿਆਂ ਦੇ ਬੀਜ ਦੀਆਂ ਗੱਠਾਂ ਨਾਲ ਭਰੀਆਂ ਦੋ ਬੋਰੀਆਂ ਲੈ ਕੇ ਗਿਆ ਸੀ। ਪਾਕਿਸਤਾਨ 'ਚ ਕੇਲਿਆਂ ਦੀ ਕਾਸ਼ਤ ਦੀ ਸ਼ੁਰੂਆਤ ਇਸ ਬੀਜ ਤੋਂ ਹੀ ਹੋਈ ਸੀ। ਓਥੇ ਇਸ ਨਾਰੂ ਪਰਿਵਾਰ ਦਾ ਨਾਂ 'ਕਿੰਗਜ਼ ਆਫ਼ ਬਨੈਨਾ' 'ਚ ਸ਼ੁਮਾਰ ਹੈ।

ਦੌਲਤ ਤੇ ਸ਼ੋਹਰਤ ਦੀਆਂ ਬੁਲੰਦੀਆਂ ਨੂੰ ਛੋਹਣ ਵਾਲਾ ਬਾਬੂ ਫ਼ਜ਼ਲਦੀਨ ਆਪਣੇ ਅਹਿਰਾਣਾ ਕਲਾਂ ਨੂੰ ਕਦੇ ਵੀ ਨਹੀਂ ਭੁਲਾ ਸਕਿਆ।

ਸੰਨ ਅਠਤਾਲੀ ਦੀ ਗੱਲ ਹੈ। ਉਸਨੂੰ ਪਤਾ ਲੱਗਾ ਕਿ ਕੁਝ ਸਰਕਾਰੀ ਫੀਸ ਜਮ੍ਹਾਂ ਨਾ ਕਰਵਾਉਣ ਦੀ ਸੂਰਤ 'ਚ ਇਹ ਸਕੂਲ ਟੁੱਟ ਕੇ ਕਿਸੇ ਹੋਰ ਪਿੰਡ ਜਾ ਸਕਦਾ ਹੈ। ਉਸਨੇ ਕੋਈ ਅੱਠ ਹਜ਼ਾਰ ਰੁਪਈਆ ਸਕੂਲ ਲਈ ਭੇਜਿਆ। ਉਸ ਨੂੰ ਇਸ ਗੱਲ ਦਾ ਹਮੇਸ਼ਾ ਦੁੱਖ ਰਿਹਾ ਕਿ ਉਹ ਪਿੰਡ ਵਾਲੀ ਫਿਰਨੀ 'ਤੇ ਲੁੱਕ ਨਹੀਂ ਸੀ ਪਵਾ ਸਕਿਆ।

ਇਹ ਗੱਲਾਂ ਮੈਨੂੰ ਉਨ੍ਹਾਂ ਦੇ ਭਤੀਜੇ ਰਾਣਾ ਇਕਬਾਲ ਖਾਨ ਨੇ ਦੱਸੀਆਂ ਸਨ। ਉਹ ਆਸਟ੍ਰੇਲੀਆ ਰਹਿੰਦਾ ਸੀ ਤੇ ਪਿੱਛੇ ਜਿਹੇ ਦੁਨੀਆਂ ਤੋਂ ਰੁਖ਼ਸਤ ਹੋਇਆ ਹੈ। ਇਨ੍ਹਾਂ ਗੱਲਾਂ ਨੂੰ ਪਿੰਡ ਦੇ ਬਜ਼ੁਰਗ ਗਰੀਬ ਦਾਸ ਨੇ ਵੀ ਤਸਦੀਕ ਕੀਤਾ ਹੈ। ਇਨ੍ਹਾਂ ਦੋਹਾਂ ਬਜ਼ੁਰਗਾਂ ਦੀਆਂ ਗੱਲਾਂ ਮੇਰੇ ਯੂ-ਟਿਊਬ ਚੈਨਲ 'ਸੰਤਾਲੀਨਾਮਾ' 'ਤੇ ਸੁਣੀਆਂ ਜਾ ਸਕਦੀਆਂ ਹਨ।



■ 1947 ਦੀ ਵੰਡ ਅਤੇ ਇਸ ਨਾਲ ਜੁੜੇ ਸ਼ਰਨਾਰਥੀਆਂ ਦੇ ਦੁੱਖ ਨੂੰ ਪ੍ਰਭਾਵਿਤ ਕਰਦਾ ਸਤੀਸ਼ ਗੁਜਰਾਲ ਦਾ ਇੱਕ ਚਿੱਤਰ

ਸਕੂਲ ਦੇ ਮੌਜੂਦਾ ਪ੍ਰਿੰਸੀਪਲ ਜਨਾਬ ਭਾਰਤ ਭੂਸ਼ਨ ਹੁਰਾਂ ਨੂੰ ਇਨ੍ਹਾਂ ਇਸ ਗੱਲਬਾਤ ਦਾ ਲਿੰਕ ਭੇਜਿਆ ਤਾਂ ਉਹ ਵੀ ਬਾਬੂ ਫ਼ਜ਼ਲ ਮੁਹੰਮਦ ਦੇ ਕਿਰਦਾਰ ਤੋਂ ਬਹੁਤ ਮੁਤਾਸਿਰ ਹੋਏ। ਉਨ੍ਹਾਂ ਮੈਨੂੰ ਬਾਬੂ ਹੁਰਾਂ ਦੀ ਫੋਟੋ ਮੰਗਵਾਉਣ ਬਾਰੇ ਕਿਹਾ। ਸਕੂਲ ਦੇ ਪ੍ਰਿੰਸੀਪਲ-ਆਫ਼ਿਸ 'ਚ ਅੱਜ ਬਾਬੂ ਹੁਰਾਂ ਦੀ ਫੋਟੋ ਲੱਗੀ ਹੋਈ ਹੈ।

ਬਜ਼ੁਰਗਾਂ ਨੂੰ ਲੱਭਦਿਆਂ ਇੱਕ ਦੁਪਹਿਰ ਮੈਂ ਅਹਿਰਾਣੇ ਨੇੜਲੇ ਇੱਕ ਪਿੰਡ 'ਚ ਪਹੁੰਚਿਆ। ਆਪਣੀ ਬਾਂਹ ਦਾ ਸਿਰਹਾਣਾ ਬਣਾਈ ਇੱਕ ਬਜ਼ੁਰਗ ਲੇਟਿਆ ਹੋਇਆ ਸੀ। ਅੰਬਾਂ ਥੱਲੇ, ਅਲਾਣੇ ਮੰਜੇ 'ਤੇ। ਮੈਂ ਪੈਰੀਂ ਹੱਥ ਲਗਾਇਆ ਤਾਂ ਉਹ ਕਾਹਲੀ ਜਿਹੀ 'ਚ ਉੱਠਿਆ। ਮੇਰਾ ਨਾਂ-ਗਰਾਂ ਪੁੱਛਣ ਮਗਰੋਂ ਉਹ ਮੇਰੇ ਨਾਲ ਗੱਲੀਂ ਰੁਝ ਗਿਆ। ਤੁਰਦੀਆਂ-ਤੁਰਦੀਆਂ ਗੱਲਾਂ ਬਾਬੂ ਫ਼ਜ਼ਲਦੀਨ ਹੁਰਾਂ ਤੱਕ ਪਹੁੰਚ ਗਈਆਂ।

"ਬਾਪੂ ਦਾ ਤਾਂ ਖ਼ਾਸ ਦੋਸਤ ਸੀ ਉਹ! ਬਾਪੂ ਦੀ ਮੌਤ ਤੱਕ ਉਸਦੀਆਂ ਚਿੱਠੀਆਂ ਆਉਂਦੀਆਂ ਰਹੀਆਂ!" ਉਹ ਚਾਅ ਜਿਹੇ 'ਚ ਬੋਲਿਆ।

"ਕੀ ਲਿਖਦੇ ਹੁੰਦੇ ਸੀ, ਉਹ ਚਿੱਠੀਆਂ 'ਚ?" ਮੈਂ ਸਵਾਲ ਕੀਤਾ ਸੀ।

"ਆਪਣੇ ਦੋਸਤਾਂ, ਪਿੰਡ, ਫਿਰਨੀ ਤੇ ਸਕੂਲ ਦੀਆਂ ਗੱਲਾਂ ਹੀ ਪੁੱਛਦੇ ਹੁੰਦੇ ਸੀ!" ਉਸ ਦਾ ਜਵਾਬ ਸੀ।

"ਆਪਣੇ ਚੁਬਾਰੇ ਬਾਰੇ ਨਹੀਂ ਸੀ ਪੁੱਛਿਆ ਕਦੇ?" ਮੇਰਾ ਇਹ ਸਵਾਲ ਸੁਣ ਕੇ ਉਹ ਸੋਚੀਂ ਪੈ ਗਿਆ ਸੀ।

"ਬਾਬੂ ਹੁਰੀਂ ਤਾਂ ਚਲੇ ਗਏ ਸੀ ਸੁੱਖੀ-ਸਾਂਦੀ। ਉਨ੍ਹਾਂ ਦਾ ਸਹੁਰਾ ਇੱਥੇ ਰਹਿ ਗਿਆ ਸੀ। ਉਹ ਮੇਹਟੀਆਣੇ ਤੋਂ ਸੀ। ਤਕੜਾ ਜ਼ਿਮੀਦਾਰ ਸੀ ਉਹ ਵੀ। ਉਹ ਬਾਬੂ ਹੁਰਾਂ ਦਾ ਮਾਮਾ ਵੀ ਲੱਗਦਾ ਸੀ। ਉਹ ਪਾਕਿਸਤਾਨ ਜਾਣ ਨੂੰ ਨਹੀਂ ਸੀ ਮੰਨਿਆ। ਐਵੇਂ ਉਹਨੂੰ ਭਰਮ ਜਿਹਾ ਸੀ ਕਿ ਇਹ ਰੌਲਾ-ਰੱਪਾ ਚਾਰ ਦਿਨਾਂ ਦਾ ਤਮਾਸ਼ਾ ਏ ਬੱਸ। ਬਾਬੂ ਦਾ ਘਰ ਲੁੱਟਣ ਗਏ ਬੰਦਿਆਂ ਨੇ ਬਰਛਾ ਮਾਰ ਦਿੱਤਾ ਸੀ ਉਸਨੂੰ!" ਇਹ ਆਖ ਉਸਨੇ ਅੱਖਾਂ ਝੁਕਾ ਲਈਆਂ ਸਨ।

"ਉਹਨੂੰ ਮਾਰਨ ਵਾਲੇ ਕਿੱਥੋਂ ਦੇ ਸੀ?" ਮੈਂ ਉਦਾਸ ਸੁਰ 'ਚ ਸਵਾਲ ਕੀਤਾ ਸੀ।

"ਇਸੀ ਪਿੰਡ ਦੇ ਸਨ!" ਉਹ ਧੀਮੀ ਆਵਾਜ਼ 'ਚ ਬੋਲਿਆ ਸੀ।

"ਹੈਂਅ! ਕੌਣ ਸੀ ਉਹ?"

"ਉਹ ਵਕਤ ਹੀ ਏਹੋ ਜਿਹਾ ਸੀ ਪੁੱਤਰਾ!" ਨਿਰਾਸ਼ਾ 'ਚ ਸਿਰ ਮਾਰਦਿਆਂ ਉਸ ਨੇ ਹੋਰ ਹੀ ਗੱਲ ਸ਼ੁਰੂ ਕਰ ਲਈ ਸੀ।

"...ਉਦੋਂ ਤਾਂ ਦੇਵਤਿਆਂ ਸਮਾਨ ਬੰਦਿਆਂ ਦੇ ਵੀ ਈਮਾਨ ਡੋਲ ਗਏ ਸਨ। ਮੁੰਡੀਰ ਕੱਠੀ ਹੋਈ ਪਈ ਸੀ। ਨਾਲੇ ਉਹ ਕਿਹੜਾ ਮਾਰਨ ਗਏ ਸੀ ਉਸ ਨੂੰ। ਉਹ ਸ਼ੁਦਾਈ ਤਾਂ ਖ਼ਜ਼ਾਨਾ ਲੱਭਣ ਗਏ ਸੀ। ਮਿਹਟੀਆਣੀਆਂ ਬੁੱਢਾ ਵੀ ਵਕਤ ਦੀ ਨਜ਼ਾਕਤ ਨਹੀਂ ਸੀ ਪਛਾਣਦਾ। ਬੜਾ ਖੜੂਸ ਰੰਘੜ ਸੀ ਉਹ। ਐਵੇਂ ਪੁਰਾਣੀਆਂ ਸਾਂਝਾਂ ਦੇ ਮਾਣ 'ਚ ਮੁੰਡੀਰ ਨੂੰ ਲਾਹਣਤਾਂ ਪਾਈ ਜਾਵੇ। ਬਥੇਰਾ ਕਿਹਾ, ਪਰ ਉਹ ਦਰਾਂ 'ਚ ਅੜ ਕੇ ਖੜੋਤਾ ਰਿਹਾ। ਬੱਸ ਫਿਰ ਕੀ ਸੀ! ਮੁੰਡਿਆਂ ਦਾ ਵੀ ਸਿਰ ਫਿਰ ਗਿਆ ਤੇ ਬਰਛਾ...!" ਵਾਕ ਅਧੂਰਾ ਛੱਡ ਉਹ ਚੁੱਪ ਹੋ ਗਿਆ ਸੀ।

"ਫਿਰ?" ਜਦ ਉਸਦੀ ਚੁੱਪ ਬੋਝਲ ਹੋ ਗਈ ਤਾਂ ਮੈਂ ਪੁੱਛਿਆ ਸੀ।

"...ਉਹ ਬਾਬੂ ਹੁਰਾਂ ਦਾ ਆਖ਼ਰੀ ਖ਼ਤ ਸੀ। ਉਹਨੇ ਬਾਪੂ ਨੂੰ ਲਿਖਿਆ ਸੀ-ਮਾਮੇ ਨੇ ਤਾਂ ਯਕੀਨਨ ਮਰਨਾ ਹੀ ਸੀ। ਇਹ ਚੰਗਾ ਹੋਇਆ ਕਿ ਉਹ ਤੇਰੇ ਪੁੱਤ ਹੱਥੋਂ ਕਤਲ ਹੋਇਆ। ਫਿਰ ਵੀ ਸਾਡਾ ਭਤੀਜਾ ਏ ਊਧਮ ਸਿੰਘ! ਬੜਾ ਫ਼ਰਕ ਹੁੰਦਾ ਏ ਆਪਣਿਆਂ ਤੇ ਬੇਗਾਨਿਆਂ 'ਚ। ਬਾਬੂ ਹੁਰਾਂ ਦੇ ਇਨ੍ਹਾਂ ਸ਼ਬਦਾਂ ਨੇ ਬਾਪੂ ਦਾ ਹਿਰਦਾ ਵਲੂੰਧਰ ਸੁੱਟਿਆ ਸੀ। ਉਹਨੇ ਐਸਾ ਮੰਜਾ ਮੱਲਿਆ ਕਿ ਮੁੜ ਨਹੀਂ ਸੀ ਉੱਠ ਹੋਇਆ, ਉਸ ਕੋਲੋਂ। ਮੈਨੂੰ ਮੌਤ ਤੱਕ ਨਹੀਂ ਸੀ ਬੁਲਾਇਆ ਉਸਨੇ। ਮੈਂ ਜੇਠਾ ਪੁੱਤ ਸਾਂ, ਪਰ ਉਹ ਜਿਉਂਦੇ-ਜੀ ਸਾਰੇ ਫ਼ਰਜ਼ ਮੈਥੋਂ ਛੋਟੇ ਨੂੰ ਸੌਂਪ ਗਿਆ ਸੀ। ਉਸਨੂੰ ਲਾਂਬੂ ਮੈਥੋਂ ਛੋਟੇ ਨੇ ਲਾਇਆ ਸੀ। ਸੱਤਰ ਵਰ੍ਹੇ ਬੀਤ ਗਏ ਨੇ! ਕੀ ਦੱਸਾਂ ਪੁੱਤਰਾ, ਬਾਬੂ ਹੁਰਾਂ ਦੇ ਉਹ ਸ਼ਬਦ, ਅੱਜ ਵੀ ਮੇਰੀ ਛਾਤੀ ਦੇ ਆਰ-ਪਾਰ ਹੋਏ ਪਏ ਨੇ! ਕਿਸੇ ਖੰਜਰ ਵਾਂਗ!!"

ਗੱਲ ਮੁਕਾਉਂਦਿਆਂ ਊਧਮ ਸਿੰਘ ਦੀਆਂ ਅੱਖਾਂ ਛਲਕ ਗਈਆਂ ਸਨ।

ਅਮਰੀਕ ਸਿੰਘ ਮੁਕਤਸਰ

# "ਅਗੈ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ॥"

ਸਿੱਖਾਂ ਵੱਲੋਂ ਭਾਰਤ ਅਤੇ ਪਾਕਿਸਤਾਨ ਵਿਚਕਾਰ ਛਿੜੇ ਜੰਗੀ ਅਤੇ ਨਫ਼ਰਤੀ ਮਜ਼ਬੀ ਟਕਰਾਅ ਵਿੱਚ ਕਿਸੇ ਇੱਕ ਦੀ ਧਿਰ ਬਣਨਾ, ਬੇਗਾਨੀ ਬਰਾਤ ਵਿੱਚ ਭੰਗੜਾ ਪਾਉਣ ਦੇ ਤੁੱਲ ਹੋਵੇਗਾ। ਦੋਹੇ ਹੁਕਮਰਾਨ ਤਾਕਤਾਂ ਕਦੇ ਵੀ ਸਿੱਖਾਂ ਦੀਆਂ ਮਿੱਤਰ ਨਹੀਂ ਰਹੀਆਂ ਹਨ; ਪਰ ਇਹ ਸੱਚ ਹੈ ਕਿ ਦੋਹੇ ਖ਼ਿੱਤਿਆਂ ਵਿੱਚ ਵੱਸਣ ਵਾਲੀ ਲੋਕਾਈ ਨਾਲ ਸਾਡੀ ਸਭਿਆਚਾਰਿਕ ਤੇ ਭਾਈਚਾਰਕ ਸਾਂਝ ਦਾ ਇੱਕ ਲੰਬਾ ਇਤਿਹਾਸ ਹੈ ਅਤੇ ਸਿੱਖਾਂ ਨੇ ਬੀਤੇ ਵਿੱਚ ਇਨ੍ਹਾਂ ਦੋਹਾਂ ਹਮਸਾਇਆ ਪ੍ਰਤੀ ਆਪਣੇ ਨੈਤਿਕ ਫ਼ਰਜ਼ਾਂ ਦੀ ਪਾਲਣਾ ਹਿੰਦੂ ਤੇ ਮੁਸਲਿਮ ਭਾਈਚਾਰੇ ਤੋਂ ਕਿਤੇ ਵੱਧ ਕੀਤੀ ਹੈ।

1947 ਵਿੱਚ ਦੇਸ਼ ਦੀ ਵੰਡ ਮੌਕੇ ਇਨ੍ਹਾਂ ਦੋਹਾਂ ਕੌਮਾਂ ਨੇ ਸਿੱਖਾਂ ਦੇ ਤੀਜੀ ਧਿਰ ਵਾਲੇ ਦਾਅਵੇ ਦਾ ਇੱਕੋ ਜਿਹੇ ਫ਼ਿਰਕੂ ਅਤੇ ਈਰਖਾਲੂ ਇਰਾਦੇ ਨਾਲ ਵਿਰੋਧ ਕੀਤਾ ਸੀ। ਦੇਸ਼ ਦੀ ਵੰਡ ਤੋਂ ਬਾਅਦ ਵੀ ਦੋਹੇ ਕੌਮਾਂ ਸਾਨੂੰ ਇੱਕ ਦੂਜੇ ਖ਼ਿਲਾਫ਼ ਹੱਥਠੋਕਿਆਂ ਵਾਂਗ ਵਰਤਣ ਦੀ ਤਾਕ ਵਿੱਚ ਰਹਿੰਦੀਆਂ ਹਨ। ਇਸ ਮੌਜੂਦਾ ਜੰਗੀ ਟਕਰਾਅ ਵਿੱਚ ਵੀ ਦੋਹੇ ਪਾਸੇ ਦੀਆਂ ਹਕੂਮਤਾਂ ਸਿੱਖਾਂ ਨੂੰ ਇੱਕ ਦੂਜੇ ਖ਼ਿਲਾਫ਼ ਭੜਕਾਉਣ ਲਈ ਪ੍ਰਾਪੇਗੰਡੇ ਵਿੱਚ ਜੁਟੀਆਂ ਰਹੀਆਂ; ਤੇ ਹੁਣ ਵੀ ਕਿਤੇ ਨਾ ਕਿਤੇ ਉਸੇ ਨੀਤੀ ਤਹਿਤ ਜੁਟੀਆਂ ਹੋਈਆਂ ਹਨ। ਮੂਰਖ ਅਤੇ ਸਵਾਰਥੀ ਲੀਡਰਸ਼ਿਪ ਦੀ ਬਦੌਲਤ ਸਿੱਖ ਹਮੇਸ਼ਾ ਵਰਤੇ ਜਾਣ ਵਾਲੀ ਸਥਿਤੀ ਦਾ ਸ਼ਿਕਾਰ ਹੁੰਦੇ ਆਏ ਹਨ ਅਤੇ ਮੌਜੂਦਾ ਸਥਿਤੀ ਵਿੱਚ ਵੀ ਇਹੋ ਆਸਾਰ ਬਣੇ ਹੋਏ ਹਨ।





ਮੌਜੂਦਾ ਸਮੇਂ ਏਸ਼ੀਆ ਦੇ ਇਸ ਖ਼ਿੱਤੇ ਦੇ ਰਾਜਸੀ ਹਾਲਾਤ ਬੜੀ ਤੇਜ਼ੀ ਨਾਲ ਬਦਲ ਰਹੇ ਹਨ। ਦੁਨੀਆ ਦੀਆਂ ਵੱਡੀਆਂ ਰਾਜਸੀ ਤਾਕਤਾਂ ਇਨ੍ਹਾਂ ਬਦਲ ਰਹੀਆਂ ਸਥਿਤੀਆਂ ਵਿੱਚੋਂ ਆਪੋ-ਆਪਣੇ ਹਿੱਤਾਂ ਦੀ ਪੂਰਤੀ ਲਈ ਕਸ਼ਮਕਸ਼ ਕਰਦੀਆਂ ਦਿਖਾਈ ਦੇ ਰਹੀਆਂ ਹਨ। ਹਿੰਦੁਸਤਾਨ ਅਤੇ ਭਾਰਤ ਦੀਆਂ ਅੰਦਰੂਨੀ ਸਥਿਤੀਆਂ ਉੱਪਰ ਨਜ਼ਰ ਰੱਖ ਰਹੇ ਸਿਆਸੀ ਮਾਹਿਰਾਂ ਦੀ ਰਾਏ ਹੈ ਕਿ ਇਨ੍ਹਾਂ ਦੋਹਾਂ ਦੇਸ਼ਾਂ ਦੇ ਬਾਰਡਰਾਂ ਵਿੱਚ ਤਬਦੀਲੀਆਂ ਦੇ ਆਸਾਰ ਨਜ਼ਰ ਆਉਂਦੇ ਹਨ। ਭਵਿੱਖ ਵਿੱਚ ਇਸ ਖ਼ਿੱਤੇ ਵਿੱਚ ਹੋਣ ਵਾਲੀ ਸਿਆਸੀ ਅਤੇ ਭੂਗੋਲਿਕ ਤੋੜ-ਭੰਨ ਵਿੱਚੋਂ ਸਿੱਖਾਂ, ਕਸ਼ਮੀਰੀਆਂ ਅਤੇ ਬਲੋਚ ਭਾਈਚਾਰੇ ਦੀ ਰਾਜਸੀ ਹੋਣੀ ਨਿਸਚਿਤ ਹੋਣ ਦੀਆਂ ਸੰਭਾਵਨਾਵਾਂ ਉਤਪੰਨ ਹੋ ਸਕਦੀਆਂ ਹਨ; ਪਰ ਇਤਿਹਾਸ ਗਵਾਹ ਹੈ ਕਿ ਸਿਆਸੀ ਸੂਝ-ਬੂਝ ਅਤੇ ਡਿਪਲੋਮੈਟਿਕ ਸਮਰਥਾ ਦੀ ਅਣਹੋਂਦ ਸਦਕਾ ਕਈ ਵਾਰ ਅਨੁਕੂਲ ਸਥਿਤੀਆਂ ਦੇ ਬਾਵਜੂਦ ਬਣੇ ਇਤਿਹਾਸਕ ਮੌਕੇ ਖੁੰਝ ਜਾਂਦੇ ਹਨ। ਰਾਜਸੀ ਗੁਲਾਮੀ ਦੇ ਬਾਵਜੂਦ ਦੁਨੀਆ ਭਰ ਵਿੱਚ ਫੈਲਿਆ ਹੋਇਆ ਸਿੱਖ ਭਾਈਚਾਰਾ ਕਈ ਪੱਖਾਂ ਤੋਂ ਬਹੁਤ ਸਮਰੱਥ ਹੈ। ਜੇਕਰ ਆਪਸੀ ਏਕੇ ਅਤੇ ਸੂਝਵਾਨ ਲੀਡਰਸ਼ਿਪ ਦੀ ਘਾਟ ਨੂੰ ਪੂਰਾ ਕਰ ਲਿਆ ਜਾਵੇ ਤਾਂ ਭਵਿੱਖ ਵਿੱਚ ਸਿੱਖਾਂ ਵੱਲੋਂ ਆਪਣੇ ਆਪ ਨੂੰ ਆਜ਼ਾਦਾਨਾ ਰਾਜਸੀ ਤਾਕਤ ਵਜੋਂ ਸਿਰਜਣ ਦੀਆਂ ਸੰਭਾਵਨਾਵਾਂ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ।

ਫਰੀਦਾ ਸੋਈ ਸਰਵਰੁ ਢੂਢਿ ਲਹੁ ਜਿਥਹੁ ਲਭੀ ਵਥੁ॥
ਛਪੜਿ ਢੂਢੈ ਕਿਆ ਹੋਵੈ ਚਿਕੜਿ ਡੁਬੈ ਹਥੁ॥

# 77 ਸਾਲ: ਦਹਿਸ਼ਤ ਦੀ ਨਿਰੰਤਰਤਾ

## 'ਨਕਬਾ' ਤੋਂ 'ਅਲ-ਇਬਾਦਾਹ' ਯਾਨਿ ਤਬਾਹੀ ਤੱਕ

**ਘਾਦਾ ਅਜੀਲ**
**ਪ੍ਰੋਫੈਸਰ ਰਾਜਨੀਤੀ ਵਿਗਿਆਨ**




ਜਦੋਂ ਮੇਰੀ ਦਾਦੀ ਖਦੀਜਾ ਅੰਮਰ ਮਈ 1948 ਵਿੱਚ ਆਖਰੀ ਵਾਰ ਬੇਤ ਦਰਾਸ ਸਥਿਤ ਆਪਣੇ ਘਰ ਤੋਂ ਬਾਹਰ ਆਈ, ਤਾਂ ਉਸਨੇ ਇੱਕ ਇਕੱਲੀ ਯਾਤਰਾ ਸ਼ੁਰੂ ਕਰ ਦਿੱਤੀ। ਭਾਵੇਂ ਉਸ ਦੇ ਨਾਲ ਲੱਖਾਂ ਫਲਿਸਤੀਨੀ ਸਨ, ਜਿਨ੍ਹਾਂ ਨੂੰ ਜ਼ਾਇਓਨਿਸਟ ਮਿਲੀਸ਼ੀਆ ਦੁਆਰਾ ਫੈਲਾਈ ਗਈ ਦਹਿਸ਼ਤ ਤੋਂ ਬਚਣ ਲਈ ਆਪਣੇ ਪਿਆਰੇ ਘਰ ਅਤੇ ਜ਼ਮੀਨਾਂ ਛੱਡਣ ਲਈ ਮਜਬੂਰ ਕੀਤਾ ਗਿਆ ਸੀ। ਉਹ ਇਕੱਠੇ ਸਨ, ਪਰ ਬਿਲਕੁਲ ਇਕੱਲੇ; ਤੇ ਉਨ੍ਹਾਂ ਦੇ ਦਰਦਨਾਕ ਅਨੁਭਵ ਨੂੰ ਬਿਆਨ ਕਰਨ ਲਈ ਕੋਈ ਸ਼ਬਦ ਨਹੀਂ ਸੀ।

ਸਮੇਂ ਦੇ ਨਾਲ ਫਲਿਸਤੀਨੀ ਲੋਕ ਮਈ 1948 ਦੀਆਂ ਘਟਨਾਵਾਂ ਨੂੰ 'ਨਕਬਾ' ਜਾਂ ਆਫ਼ਤ ਵਜੋਂ ਦਰਸਾਉਣ ਲੱਗ ਪਏ। ਇਸ ਸੰਦਰਭ ਵਿੱਚ 'ਨਕਬਾ' ਸ਼ਬਦ ਦੀ ਵਰਤੋਂ ਇੱਕ ਹੋਰ 'ਤਬਾਹੀ' ਜਾਂ 'ਸਰਬਨਾਸ਼' ਦੀ ਯਾਦ ਦਿਵਾਉਂਦੀ ਹੈ। ਫਲਿਸਤੀਨੀ ਦੁਨੀਆ ਨੂੰ ਦੱਸ ਰਹੇ ਸਨ: ਯੂਰਪ ਵਿੱਚ ਯਹੂਦੀ ਲੋਕਾਂ ਉੱਤੇ ਆਈ ਤਬਾਹੀ ਤੋਂ ਸਿਰਫ਼ ਤਿੰਨ ਸਾਲ ਬਾਅਦ ਇੱਕ ਵੱਖਰੀ ਪਰ ਇੱਕ ਨਵੀਂ ਤਬਾਹੀ, ਜੋ ਘੱਟ ਦਰਦਨਾਕ ਨਹੀਂ, ਸਾਡੇ ਵਤਨ ਫਲਿਸਤੀਨ ਵਿੱਚ ਫੈਲ ਰਹੀ ਹੈ। ਦੁਖਦਾਈ ਗੱਲ ਹੈ ਕਿ ਸਾਡੀ ਆਫ਼ਤ ਕਦੇ ਖਤਮ ਨਹੀਂ ਹੋਈ। ਮੇਰੀ ਦਾਦੀ ਦੇ ਕੱਢੇ ਜਾਣ ਤੋਂ ਸੱਤਰ ਸਾਲ ਬਾਅਦ ਵੀ, ਸਾਨੂੰ ਅਜੇ ਵੀ ਸ਼ਿਕਾਰ ਬਣਾਇਆ ਜਾ ਰਿਹਾ ਹੈ, ਸਜ਼ਾ ਦਿੱਤੀ ਜਾ ਰਹੀ ਹੈ ਅਤੇ ਮਾਰਿਆ ਜਾ ਰਿਹਾ ਹੈ; ਕਿਉਂਕਿ ਅਸੀਂ ਆਪਣੀਆਂ ਜ਼ਮੀਨਾਂ 'ਤੇ ਸਨਮਾਨ ਨਾਲ ਰਹਿਣ ਦੀ ਕੋਸ਼ਿਸ਼ ਕਰ ਰਹੇ ਸੀ ਜਾਂ ਮੰਗ ਕਰ ਰਹੇ ਸੀ ਕਿ ਸਾਨੂੰ ਉਨ੍ਹਾਂ ਕੋਲ ਵਾਪਸ ਜਾਣ ਦੀ ਇਜਾਜ਼ਤ ਦਿੱਤੀ ਜਾਵੇ। ਕਿਉਂਕਿ ਇਹ ਸੱਚਮੁੱਚ ਕਦੇ ਖਤਮ ਨਹੀਂ ਹੋਇਆ, ਨਕਬਾ ਨੂੰ ਇੱਕ ਇਤਿਹਾਸਕ ਘਟਨਾ ਵਜੋਂ ਮਨਾਉਣਾ ਹਮੇਸ਼ਾ ਮੁਸ਼ਕਲ ਰਿਹਾ ਹੈ; ਪਰ ਹੁਣ ਜਦੋਂ ਅਸੀਂ ਨਕਬਾ ਨੂੰ ਸਮਝਣ, ਚਰਚਾ ਕਰਨ ਜਾਂ ਮਨਾਉਣ ਦੀ ਕੋਸ਼ਿਸ਼ ਕਰਦੇ ਹਾਂ ਤਾਂ ਇੱਕ ਨਵੀਂ ਚੁਣੌਤੀ ਸਾਡੇ ਸਾਹਮਣੇ ਹੈ: ਇਹ ਇੱਕ ਨਵੇਂ ਅਤੇ ਭਿਆਨਕ ਪੜਾਅ ਵਿੱਚ ਦਾਖਲ ਹੋ ਗਿਆ ਹੈ। ਇਹ 77 ਸਾਲ ਪਹਿਲਾਂ ਸ਼ੁਰੂ ਹੋਈ ਦਹਿਸ਼ਤ ਦੀ ਹੀ ਨਿਰੰਤਰਤਾ ਨਹੀਂ ਹੈ!

ਅੱਜ, ਨਕਬਾ ਐਮਨੈਸਟੀ ਇੰਟਰਨੈਸ਼ਨਲ ਦੁਆਰਾ 'ਲਾਈਵ-ਸਟ੍ਰੀਮ ਕੀਤੀ ਗਈ ਨਸਲਕੁਸ਼ੀ' ਵਿੱਚ ਬਦਲ ਗਿਆ ਹੈ, ਇਸਦੀ ਹਿੰਸਾ ਹੁਣ ਪੁਰਾਲੇਖਾਂ ਵਿੱਚ ਲੁਕੀ ਹੋਈ ਨਹੀਂ ਹੈ ਜਾਂ ਬਚੇ ਲੋਕਾਂ ਦੀਆਂ ਯਾਦਾਂ ਵਿੱਚ ਦੱਬੀ ਹੋਈ ਨਹੀਂ ਹੈ। ਦਰਦ, ਖੂਨ, ਡਰ ਅਤੇ ਭੁੱਖ ਸਭ ਸਾਡੇ ਡਿਵਾਈਸਾਂ ਦੀਆਂ ਸਕ੍ਰੀਨਾਂ 'ਤੇ ਦਿਖਾਈ ਦੇ ਰਹੇ ਹਨ। ਇਸ ਤਰ੍ਹਾਂ 'ਨਕਬਾ' ਸ਼ਬਦ ਅੱਜ ਮੇਰੇ ਲੋਕਾਂ ਅਤੇ ਮੇਰੇ ਵਤਨ ਨਾਲ ਜੋ ਕੁਝ ਕੀਤਾ ਜਾ ਰਿਹਾ ਹੈ, ਉਸਦਾ ਵਰਣਨ ਕਰਨ ਲਈ ਢੁਕਵਾਂ ਜਾਂ ਕਾਫ਼ੀ ਨਹੀਂ ਹੈ। ਇੱਕ ਨਵੀਂ ਭਾਸ਼ਾ ਦੀ ਲੋੜ ਹੈ- ਇੱਕ ਨਵੀਂ ਸ਼ਬਦਾਵਲੀ, ਜੋ ਫਲਿਸਤੀਨੀ ਤਬਾਹੀ ਦੇ ਇਸ ਨਵੇਂ ਪੜਾਅ ਦੀ ਅਸਲੀਅਤ ਨੂੰ ਸਹੀ ਢੰਗ ਨਾਲ ਬਿਆਨ ਕਰਦੀ ਹੈ। ਸਾਨੂੰ ਇੱਕ ਨਵੇਂ ਸ਼ਬਦ ਦੀ ਲੋੜ ਹੈ, ਜੋ ਉਮੀਦ ਹੈ ਕਿ ਦੁਨੀਆ ਦੀਆਂ ਨਜ਼ਰਾਂ ਨੂੰ ਫਲਿਸਤੀਨ ਵੱਲ ਕੇਂਦਰਿਤ ਕਰਨ ਵਿੱਚ ਮਦਦ ਕਰ ਸਕੇ।

ਇਸ ਮਕਸਦ ਲਈ ਬਹੁਤ ਸਾਰੇ ਸ਼ਬਦ ਪ੍ਰਸਤਾਵਿਤ ਕੀਤੇ ਗਏ ਹਨ ਅਤੇ ਮੈਂ ਆਪਣੀ ਲਿਖਤ ਵਿੱਚ ਕਈ ਸ਼ਬਦਾਂ ਦੀ ਵਰਤੋਂ ਕੀਤੀ ਹੈ। ਇਨ੍ਹਾਂ ਵਿੱਚ ਡੋਮੋਸਾਈਡ, ਮੈਡੀਸਾਈਡ, ਈਕੋਸਾਈਡ, ਕਲਚਰਿਸਾਈਡ, ਸਪੇਸੀਓ-ਸਾਈਡ, ਗੈਜ਼ਾਸਾਈਡ ਅਤੇ ਸਕੋਲਾਸਟਿਸਾਈਡ ਸ਼ਾਮਲ ਹਨ। ਇਹ ਹਰੇਕ ਸ਼ਬਦ ਬਿਨਾਂ ਸ਼ੱਕ ਫਲਿਸਤੀਨ ਵਿੱਚ ਅੱਜ ਜੋ ਕੁਝ ਹੋ ਰਿਹਾ ਹੈ, ਉਸ ਦੇ ਇੱਕ ਮਹੱਤਵਪੂਰਨ ਪਹਿਲੂ ਨੂੰ ਪਰਿਭਾਸ਼ਿਤ ਕਰਦਾ ਹੈ। ਇੱਕ ਸ਼ਬਦ, ਜੋ ਮੈਨੂੰ ਇੱਕ ਅਕਾਦਮਿਕ ਵਜੋਂ ਖਾਸ ਤੌਰ 'ਤੇ ਸ਼ਕਤੀਸ਼ਾਲੀ ਲੱਗਦਾ ਹੈ, ਉਹ ਹੈ ਸਕਾਲਸਟਾਈਸਾਈਡ। ਇਹ ਫਲਿਸਤੀਨੀ ਗਿਆਨ ਦੇ ਯੋਜਨਾਬੱਧ ਮਿਟਾਏ ਜਾਣ ਨੂੰ ਰੇਖਾਂਕਿਤ ਕਰਦਾ ਹੈ। ਗਾਜ਼ਾ ਦੀ ਹਰ ਯੂਨੀਵਰਸਿਟੀ ਤਬਾਹ ਕਰ ਦਿੱਤੀ ਗਈ ਹੈ। ਨੱਬੇ ਪ੍ਰਤੀਸ਼ਤ ਸਕੂਲ ਮਲਬੇ ਵਿੱਚ ਬਦਲ ਗਏ ਹਨ। ਸੱਭਿਆਚਾਰਕ ਕੇਂਦਰ ਅਤੇ ਅਜਾਇਬ ਘਰ ਧੱਧਰੇ ਹੋ ਗਏ। ਪ੍ਰੋਫੈਸਰ ਅਤੇ ਵਿਦਿਆਰਥੀ ਮਾਰੇ ਗਏ। 'ਵਿਦਿਅਕ ਹੱਤਿਆ' ਸ਼ਬਦ, ਜੋ ਕਿ ਪ੍ਰਤਿਭਾਸ਼ਾਲੀ ਅਕਾਦਮਿਕ ਕਰਮਾ ਨਬੁਲਸੀ ਦੁਆਰਾ ਤਿਆਰ ਕੀਤਾ ਗਿਆ ਸੀ, ਨਾ ਸਿਰਫ਼ ਫਲਿਸਤੀਨੀ ਵਿਦਿਅਕ ਸੰਸਥਾਵਾਂ ਦੇ ਭੌਤਿਕ ਵਿਨਾਸ਼ ਦਾ ਵਰਣਨ ਕਰਦਾ ਹੈ, ਸਗੋਂ ਯਾਦਦਾਸ਼ਤ, ਕਲਪਨਾ ਅਤੇ ਆਦਿਵਾਸੀ ਬੁੱਧੀ 'ਤੇ ਛੇੜੀ ਜਾ ਰਹੀ ਜੰਗ ਦਾ ਵੀ ਵਰਣਨ ਕਰਦਾ ਹੈ।

ਇੱਕ ਹੋਰ ਸ਼ਬਦ, ਜੋ ਮੈਨੂੰ ਭਾਵੁਕ ਅਤੇ ਅਰਥਪੂਰਨ ਲੱਗਦਾ ਹੈ, ਉਹ ਹੈ ਗੈਜ਼ਾਸਾਈਡ। ਰਾਮਜ਼ੀ ਬਰੌਦ ਦੁਆਰਾ ਪ੍ਰਸਿੱਧ, ਇਹ ਇਤਿਹਾਸਕ ਫਲਿਸਤੀਨ ਦੇ ਇਸ ਖਾਸ ਕੋਨੇ ਨੂੰ ਨਿਸ਼ਾਨਾ ਬਣਾਉਂਦੇ ਹੋਏ ਮਿਟਾਉਣ, ਵਿਸਥਾਪਨ ਅਤੇ ਨਸਲਕੁਸ਼ੀ ਦੀ ਇੱਕ ਸਦੀ ਲੰਬੀ ਮੁਹਿੰਮ ਦਾ ਹਵਾਲਾ ਦਿੰਦਾ ਹੈ। ਇਸ ਸ਼ਬਦ ਦੀ ਤਾਕਤ ਇਤਿਹਾਸਕ ਅਤੇ ਭੂਗੋਲਿਕ ਤੌਰ 'ਤੇ ਅਪਰਾਧ ਨੂੰ ਲੱਭਣ ਦੀ ਯੋਗਤਾ ਵਿੱਚ ਹੈ, ਜਿਸ ਵਿੱਚ ਗਾਜ਼ਾ ਨੂੰ ਸਿੱਧੇ ਤੌਰ 'ਤੇ ਨਸਲਕੁਸ਼ੀ ਹਿੰਸਾ ਦੇ ਕੇਂਦਰੀ ਸਥਾਨ ਵਜੋਂ ਦਰਸਾਇਆ ਗਿਆ ਹੈ।

ਭਾਵੇਂ ਇਹ ਸਾਰੇ ਸ਼ਬਦ ਸ਼ਕਤੀਸ਼ਾਲੀ ਅਤੇ ਅਰਥਪੂਰਨ ਹਨ, ਪਰ ਇਹ ਸਾਰੇ ਬਹੁਤ ਖਾਸ ਹਨ ਅਤੇ ਇਸ ਤਰ੍ਹਾਂ ਹਾਲ ਹੀ ਦੇ ਸਾਲਾਂ ਵਿੱਚ ਫਲਿਸਤੀਨੀ ਅਨੁਭਵ ਦੀ ਸੰਪੂਰਨਤਾ ਨੂੰ ਪੂਰੀ ਤਰ੍ਹਾਂ ਹਾਸਲ ਕਰਨ ਵਿੱਚ ਅਸਮਰੱਥ ਹਨ। ਮਿਸਾਲ ਵਜੋਂ ਗਾਜ਼ਾਸਾਈਡ, ਕਬਜ਼ੇ ਵਾਲੇ ਪੱਛਮੀ ਕੰਢੇ ਅਤੇ ਪੂਰਬੀ ਯਰੂਸ਼ਲਮ ਵਿੱਚ ਫਲਿਸਤੀਨੀਆਂ, ਜਾਂ ਪੂਰੇ ਖੇਤਰ ਦੇ ਸ਼ਰਨਾਰਥੀ ਕੈਂਪਾਂ ਵਿੱਚ ਰਹਿਣ ਵਾਲਿਆਂ ਦੀਆਂ ਜਿਉਂਦੀਆਂ ਹਕੀਕਤਾਂ ਨੂੰ ਸ਼ਾਮਲ ਨਹੀਂ ਕਰਦਾ। ਇਸ ਦੌਰਾਨ ਸਕਾਲਸਟੀਸਾਈਡ, ਫਲਿਸਤੀਨੀ ਜ਼ਮੀਨਾਂ ਨੂੰ ਉਨ੍ਹਾਂ ਦੀ ਆਦਿਵਾਸੀ ਆਬਾਦੀ ਲਈ ਰਹਿਣ ਯੋਗ ਬਣਾਉਣ ਦੇ ਸਪੱਸ਼ਟ ਇਜ਼ਰਾਈਲੀ ਦ੍ਰਿੜ ਇਰਾਦੇ ਨੂੰ ਸੰਬੋਧਿਤ ਨਹੀਂ ਕਰਦਾ ਅਤੇ ਉਪਰੋਕਤ ਸ਼ਬਦਾਂ ਵਿੱਚੋਂ 'ਪੂਰੀ ਤਬਾਹੀ' ਸ਼ਬਦ ਵੀ ਗਾਜ਼ਾ ਲਈ ਇਜ਼ਰਾਈਲ ਦੇ ਐਲਾਨੇ ਇਰਾਦਿਆਂ ਨੂੰ ਸੰਬੋਧਿਤ ਨਹੀਂ ਕਰਦਾ। 6 ਮਈ ਨੂੰ ਇਜ਼ਰਾਈਲੀ ਵਿੱਤ ਮੰਤਰੀ ਬੇਜ਼ਲੇਲ ਸਮੋਟਰਿਚ ਨੇ ਠੰਡੇ ਅੰਦਾਜ਼ ਵਿੱਚ ਕਿਹਾ, "ਗਾਜ਼ਾ ਪੂਰੀ ਤਰ੍ਹਾਂ ਤਬਾਹ ਹੋ ਜਾਵੇਗਾ... ਅਤੇ ਉੱਥੋਂ ਨਾਗਰਿਕ ਵੱਡੀ ਗਿਣਤੀ ਵਿੱਚ ਤੀਜੇ ਦੇਸ਼ਾਂ ਨੂੰ ਜਾਣਾ ਸ਼ੁਰੂ ਕਰ ਦੇਣਗੇ।"

ਇਸ ਤਰ੍ਹਾਂ ਮੈਂ ਨਕਬਾ ਦੇ ਇਸ ਨਵੀਨਤਮ ਪੜਾਅ ਨੂੰ ਪਰਿਭਾਸ਼ਿਤ ਕਰਨ ਲਈ ਇੱਕ ਨਵਾਂ ਸ਼ਬਦ 'ਅਲ-ਇਬਾਦਾਹ' ਜਾਂ ਵਿਨਾਸ਼ ਪ੍ਰਸਤਾਵਿਤ ਕਰਦੀ ਹਾਂ। ਇਹ ਸ਼ਬਦ ਸਮੋਟਰਿਚ ਅਤੇ ਕਈ ਹੋਰ ਜ਼ਾਇਓਨਿਸਟ ਫਾਸ਼ੀਵਾਦੀ ਨੇਤਾਵਾਂ ਦੁਆਰਾ ਵਰਤੀ ਗਈ ਭਿਆਨਕ ਬਿਆਨਬਾਜ਼ੀ ਨੂੰ ਦਰਸਾਉਂਦਾ ਹੈ ਅਤੇ ਨਾ ਸਿਰਫ਼ ਗਾਜ਼ਾ ਵਿੱਚ, ਸਗੋਂ ਇਤਿਹਾਸਕ ਫਲਿਸਤੀਨ ਵਿੱਚ ਚੱਲ ਰਹੇ ਵਿਆਪਕ ਅਤੇ ਯੋਜਨਾਬੱਧ ਮਿਟਾਏ ਜਾਣ ਨੂੰ ਦਰਸਾਉਂਦਾ ਹੈ। ਅਲ-ਇਬਾਦਾਹ ਵਿੱਚ ਨਿਸ਼ਾਨਾਬੱਧ ਵਿਨਾਸ਼ ਦੇ ਕਈ ਰੂਪ ਸ਼ਾਮਲ ਹਨ, ਜਿਨ੍ਹਾਂ ਵਿੱਚ ਡੋਮੋਸਾਈਡ, ਮੈਡੀਸਾਈਡ, ਈਕੋਸਾਈਡ, ਸਕਾਲਸਟਿਸਾਈਡ, ਸੱਭਿਆਚਾਰਕ ਹੱਤਿਆ ਅਤੇ ਹੋਰ ਬੜਾ ਕੁਝ।

ਅਰਬੀ ਵਿੱਚ ਨਸਲਕੁਸ਼ੀ ਲਈ ਵਰਤੇ ਗਏ ਵਾਕੰਸ਼ 'ਅਲ-ਇਬਾਦਾਹ ਜਮਾਇਯਹ' ਦਾ ਅਰਥ ਹੈ- "ਹਰ ਕਿਸੇ ਅਤੇ ਹਰ ਚੀਜ਼ ਦਾ ਵਿਨਾਸ਼", ਦਾ ਮੂਲ ਸ਼ਬਦ ਅਲ-ਇਬਾਦਾਹ ਹੈ। ਪ੍ਰਸਤਾਵਿਤ ਸ਼ਬਦ ਅਲ-ਇਬਾਦਾਹ ਜਾਣ-ਬੁੱਝ ਕੇ ਇਸ ਵਾਕੰਸ਼ ਨੂੰ ਛੋਟਾ ਕਰਦਾ ਹੈ, ਇਸਨੂੰ ਇੱਕ ਅਜਿਹੇ ਸੰਕਲਪ ਵਿੱਚ ਬਦਲਦਾ ਹੈ, ਜੋ ਵਿਨਾਸ਼ ਦੀ ਇੱਕ ਸਥਾਈ ਅਤੇ ਨਿਸ਼ਚਿਤ ਸਥਿਤੀ ਨੂੰ ਦਰਸਾਉਂਦਾ ਹੈ। ਭਾਵੇਂ ਇਹ ਕਿਸੇ ਖਾਸ ਭੂਗੋਲਿਕ ਸਥਾਨ ਨੂੰ ਨਿਰਧਾਰਤ ਨਹੀਂ ਕਰਦਾ, ਪਰ ਇਹ ਪੰਕਜ ਮਿਸ਼ਰਾ (ਗਾਜ਼ਾ ਤੋਂ ਬਾਅਦ ਦੀ ਦੁਨੀਆ) ਦੇ ਕੰਮ ਤੋਂ ਸੰਕਲਪਿਕ ਤਾਕਤ ਪ੍ਰਾਪਤ ਕਰਦਾ ਹੈ, ਜੋ ਦਲੀਲ ਦਿੰਦਾ ਹੈ ਕਿ ਗਾਜ਼ਾ ਵਿੱਚ ਫਲਿਸਤੀਨੀਆਂ ਨਾਲ ਕੀਤਾ ਗਿਆ ਵਿਹਾਰ ਨਸਲਕੁਸ਼ੀ ਹਿੰਸਾ ਦੇ ਗੁਣਾਤਮਕ ਤੌਰ 'ਤੇ ਵੱਖਰੇ ਰੂਪ ਨੂੰ ਦਰਸਾਉਂਦਾ ਹੈ। ਮਿਸ਼ਰਾ ਅਨੁਸਾਰ, ਗਾਜ਼ਾ ਪੱਛਮੀ ਨਵ-ਬਸਤੀਵਾਦੀ ਅਤੇ ਨਵ-ਉਦਾਰਵਾਦੀ ਪ੍ਰੋਜੈਕਟਾਂ ਦੀ ਪਹਿਲੀ ਕਤਾਰ ਹੈ, ਜੋ ਗੋਰੇ ਸਰਵਉੱਚਤਾ ਦੀ ਵਿਚਾਰਧਾਰਾ ਦੇ ਆਲੇ-ਦੁਆਲੇ ਵਿਸ਼ਵ ਵਿਵਸਥਾ ਨੂੰ ਇਕਜੁੱਟ ਕਰਨ ਦੀ ਕੋਸ਼ਿਸ਼ ਕਰਦੇ ਹਨ। ਨਿਸ਼ਚਿਤ ਲੇਖ ਨੂੰ ਨਾਂਵ ਨਾਲ ਜੋੜ ਕੇ, ਅਲ-ਇਬਾਦਾਹ ਇਸ ਸਥਿਤੀ ਨੂੰ ਇੱਕ ਇਤਿਹਾਸਕ ਟੁੱਟਣ ਵਜੋਂ ਦਰਸਾਉਂਦਾ ਹੈ- ਇੱਕ ਅਜਿਹਾ ਪਲ, ਜੋ ਫਲਿਸਤੀਨੀ ਅਨੁਭਵ ਅਤੇ ਵਿਸ਼ਵਵਿਆਪੀ ਜ਼ਮੀਰ ਦੋਵਾਂ ਵਿੱਚ ਇੱਕ ਮੋੜ ਵਜੋਂ ਮਾਨਤਾ ਦੀ ਮੰਗ ਕਰਦਾ ਹੈ।

ਅੱਜ ਜਦੋਂ ਫਲਿਸਤੀਨ ਦੀ ਗੱਲ ਆਉਂਦੀ ਹੈ, ਤਾਂ 'ਵਿਨਾਸ਼' ਸ਼ਬਦ ਹੁਣ ਕੋਈ ਨਹੀਂ ਬੋਲਦਾ। ਫੌਜੀ ਕਮਾਂਡਰਾਂ ਤੋਂ ਲੈ ਕੇ ਸਿਆਸਤਦਾਨਾਂ ਤੱਕ, ਪੱਤਰਕਾਰਾਂ ਤੋਂ ਲੈ ਕੇ ਅਕਾਦਮਿਕ ਵਿਦਵਾਨਾਂ ਤੱਕ, ਇਜ਼ਰਾਈਲੀ ਜਨਤਾ ਦਾ ਇੱਕ ਵੱਡਾ ਹਿੱਸਾ ਹੁਣ ਖੁੱਲ੍ਹੇਆਮ ਫਲਿਸਤੀਨੀ ਲੋਕਾਂ ਦੇ ਸੰਪੂਰਨ ਵਿਨਾਸ਼ ਨੂੰ ਆਪਣੇ ਅੰਤਿਮ ਟੀਚੇ ਵਜੋਂ ਸਵੀਕਾਰ ਕਰਦਾ ਹੈ। ਪੂਰੇ-ਪੂਰੇ ਪਰਿਵਾਰ ਤਬਾਹ ਹੋ ਰਹੇ ਹਨ। ਪੱਤਰਕਾਰਾਂ, ਡਾਕਟਰਾਂ, ਬੁੱਧੀਜੀਵੀਆਂ ਅਤੇ ਸਿਵਲ ਸੁਸਾਇਟੀ ਦੇ ਆਗੂਆਂ ਨੂੰ ਜਾਣ-ਬੁੱਝ ਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਜ਼ਬਰਦਸਤੀ ਭੁੱਖਮਰੀ ਨੂੰ ਇੱਕ ਹਥਿਆਰ ਵਜੋਂ ਵਰਤਿਆ ਜਾਂਦਾ ਹੈ। ਮਾਪੇ ਆਪਣੇ ਬੱਚਿਆਂ ਦੀਆਂ ਲਾਸ਼ਾਂ ਨੂੰ ਕੈਮਰੇ ਸਾਹਮਣੇ ਲੈ ਜਾਂਦੇ ਹਨ, ਤਾਂ ਜੋ ਕਤਲੇਆਮ ਨੂੰ ਰਿਕਾਰਡ ਕੀਤਾ ਜਾ ਸਕੇ। ਪੱਤਰਕਾਰਾਂ ਨੂੰ ਪ੍ਰਸਾਰਣ ਦੇ ਵਿਚਕਾਰ ਮਾਰ ਦਿੱਤਾ ਜਾਂਦਾ ਹੈ। ਅਸੀਂ ਸ਼ਹੀਦ, ਜ਼ਖਮੀ, ਗਵਾਹ, ਆਪਣੀ ਤਬਾਹੀ ਦੇ ਇਤਿਹਾਸਕਾਰ ਬਣ ਰਹੇ ਹਾਂ।

ਮੇਰੀ ਦਾਦੀ 1948 ਦੇ ਨਕਬਾ ਤੋਂ ਬਚ ਗਈ ਸੀ। ਅੱਜ ਉਸਦੇ ਬੱਚੇ ਅਤੇ ਗਾਜ਼ਾ ਵਿੱਚ 20 ਲੱਖ ਤੋਂ ਵੱਧ ਫਲਿਸਤੀਨੀ ਹੋਰ ਵੀ ਕਾਲੇ ਯਾਨਿ ਤਬਾਹੀ ਦੇ ਦਿਨਾਂ ਵਿੱਚੋਂ ਗੁਜ਼ਰ ਰਹੇ ਹਨ। ਮੇਰੀ ਗਰਭਵਤੀ ਚਚੇਰੀ ਭੈਣ ਹੇਬਾ ਅਤੇ ਉਸਦਾ ਪਰਿਵਾਰ, ਉਨ੍ਹਾਂ ਦੇ ਨੌਂ ਗੁਆਂਢੀਆਂ ਸਮੇਤ, 13 ਅਕਤੂਬਰ 2023 ਨੂੰ ਮਾਰ ਦਿੱਤਾ ਗਿਆ ਸੀ। ਉਦੋਂ ਤੱਕ, 7 ਅਕਤੂਬਰ ਤੋਂ ਕੁਝ ਦਿਨ ਬਾਅਦ, ਦਰਜਨਾਂ ਪਰਿਵਾਰ ਪਹਿਲਾਂ ਹੀ ਪੂਰੀ ਤਰ੍ਹਾਂ ਮਿਟਾ ਦਿੱਤੇ ਗਏ ਸਨ। 26 ਅਕਤੂਬਰ 2023 ਨੂੰ ਮੇਰੇ ਆਪਣੇ ਪਰਿਵਾਰ ਦੇ 46 ਮੈਂਬਰ ਇੱਕ ਹਮਲੇ ਵਿੱਚ ਮਾਰੇ ਗਏ ਸਨ। ਪਿਛਲੀਆਂ ਗਰਮੀਆਂ ਤੱਕ, ਇਹ ਗਿਣਤੀ 400 ਹੋ ਗਈ ਸੀ। ਫਿਰ ਮੈਂ ਗਿਣਤੀ ਕਰਨੀ ਬੰਦ ਕਰ ਦਿੱਤੀ।

ਮੇਰਾ ਚਚੇਰਾ ਭਰਾ ਮੁਹੰਮਦ ਮੈਨੂੰ ਦੱਸਦਾ ਹੈ ਕਿ ਉਹ ਸੌਣ ਤੋਂ ਬਚਦੇ ਹਨ, ਇਸ ਡਰ ਤੋਂ ਕਿ ਉਹ ਬੱਚਿਆਂ ਨੂੰ ਮਲਬੇ ਤੋਂ ਕੱਢਣ ਲਈ ਸਮੇਂ ਸਿਰ ਨਹੀਂ ਜਾਗਣਗੇ: "ਅਸੀਂ ਜਾਗਦੇ ਰਹਿੰਦੇ ਹਾਂ, ਇਸ ਲਈ ਨਹੀਂ ਕਿ ਅਸੀਂ ਚਾਹੁੰਦੇ ਹਾਂ, ਸਗੋਂ ਇਸ ਲਈ, ਕਿਉਂਕਿ ਸਾਨੂੰ ਖੁਦਾਈ ਕਰਨ ਲਈ ਤਿਆਰ ਰਹਿਣਾ ਪੈਂਦਾ ਹੈ।" ਪਿਛਲੇ ਮਹੀਨੇ, ਮੁਹੰਮਦ ਇੱਕ ਹਵਾਈ ਹਮਲੇ ਵਿੱਚ ਜ਼ਖਮੀ ਹੋ ਗਿਆ ਸੀ ਜਿਸ ਵਿੱਚ ਸਾਡਾ ਚਚੇਰਾ ਭਰਾ ਜ਼ਿਆਦ, ਇੱਕ ਸਮਾਜ ਸੇਵਕ ਅਤੇ ਜ਼ਿਆਦ ਦੀ ਭਰਜਾਈ ਮਾਰੀ ਗਈ ਸੀ। ਇਸੇ ਹਮਲੇ ਵਿੱਚ 15 ਸਾਲ ਤੋਂ ਘੱਟ ਉਮਰ ਦੇ ਪੰਦਰਾਂ ਬੱਚੇ ਜ਼ਖਮੀ ਹੋਏ ਸਨ। ਉਸ ਰਾਤ, ਜਿਵੇਂ ਕਿ ਉਸਨੇ ਪਿਛਲੇ 18 ਮਹੀਨਿਆਂ ਵਿੱਚ ਅਣਗਿਣਤ ਵਾਰ ਕੀਤਾ ਸੀ, ਮੁਹੰਮਦ ਨੇ ਉਨ੍ਹਾਂ ਦੀਆਂ ਲਾਸ਼ਾਂ ਨੂੰ ਕੱਢਣ ਲਈ ਮਲਬੇ ਵਿੱਚੋਂ ਖੁਦਾਈ ਕੀਤੀ। ਉਹ ਮੈਨੂੰ ਦੱਸਦਾ ਹੈ ਕਿ ਹਰ ਰਾਤ ਮੁਰਦਿਆਂ- ਪਰਿਵਾਰ, ਦੋਸਤਾਂ, ਗੁਆਂਢੀਆਂ ਦੇ ਚਿਹਰੇ ਉਸਨੂੰ ਮਿਲਣ ਆਉਂਦੇ ਹਨ।

ਲੰਘੀ 7 ਮਈ ਨੂੰ ਗਾਜ਼ਾ ਸ਼ਹਿਰ ਵਿੱਚ ਉਸੇ ਗਲੀ 'ਤੇ ਇੱਕ ਭੀੜ-ਭੜੱਕੇ ਵਾਲੇ ਰੈਸਟੋਰੈਂਟ ਅਤੇ ਬਾਜ਼ਾਰ 'ਤੇ ਇਜ਼ਰਾਈਲੀ ਹਮਲਿਆਂ ਵਿੱਚ ਕੁਝ ਮਿੰਟਾਂ ਵਿੱਚ ਦਰਜਨਾਂ ਲੋਕ ਮਾਰੇ ਗਏ। ਉਨ੍ਹਾਂ ਵਿੱਚੋਂ ਇੱਕ ਪੱਤਰਕਾਰ ਯਾਹੀਆ ਸੁਬੇਹ ਵੀ ਸੀ, ਜਿਸਦਾ ਪਹਿਲਾ ਬੱਚਾ, ਇੱਕ ਧੀ, ਉਸੇ ਸਵੇਰੇ ਪੈਦਾ ਹੋਈ ਸੀ। ਉਹ ਆਪਣੀ ਪਤਨੀ ਲਈ ਸਮਾਨ ਲੈਣ ਲਈ ਬਾਜ਼ਾਰ ਗਿਆ ਸੀ ਅਤੇ ਕਦੇ ਵਾਪਸ ਨਹੀਂ ਆਇਆ। ਉਸਦੀ ਧੀ ਉਸੇ ਦਿਨ ਆਪਣਾ ਜਨਮਦਿਨ ਮਨਾ ਕੇ ਵੱਡੀ ਹੋਵੇਗੀ, ਜਿਸ ਦਿਨ ਉਸਦੇ ਪਿਤਾ ਦਾ ਕਤਲ ਕੀਤਾ ਗਿਆ ਸੀ। ਇਹ ਇੱਕ ਭਿਆਨਕ ਯਾਦ ਵਾਂਗ ਹੈ, ਜੋ ਹੁਣੇ ਸ਼ੁਰੂ ਹੋਈ ਜ਼ਿੰਦਗੀ ਵਿੱਚ ਉੱਕਰ ਗਈ ਹੈ। ਇੱਕ ਹੋਰ ਪੱਤਰਕਾਰ ਨੂਰ ਅਬਦੋ ਨੇ ਇਸ ਯੁੱਧ ਵਿੱਚ ਮਾਰੇ ਗਏ ਰਿਸ਼ਤੇਦਾਰਾਂ ਦੀ ਇੱਕ ਸੂਚੀ ਤਿਆਰ ਕੀਤੀ। ਉਸਨੇ 6 ਮਈ ਨੂੰ ਇੱਕ ਮਨੁੱਖੀ ਅਧਿਕਾਰ ਸੰਗਠਨ ਨੂੰ ਸੂਚੀ ਭੇਜੀ। 7 ਮਈ ਨੂੰ ਉਸਨੂੰ ਖੁਦ ਇਸ ਵਿੱਚ ਸ਼ਾਮਲ ਕਰ ਦਿੱਤਾ ਗਿਆ। ਇਹ ਸਭ, ਅਲ-ਇਬਾਦਾਹ ਹੈ। ਇਹੀ ਤਬਾਹੀ ਹੈ।

ਵਿਸ਼ਵਵਿਆਪੀ ਨਾਕਾਮੀ ਦੇ ਸਾਹਮਣੇ, ਅਸੀਂ ਸਾਰੇ ਲਗਭਗ ਸ਼ਕਤੀਹੀਣ ਹਾਂ। ਸਾਡੇ ਵਿਰੋਧ ਪ੍ਰਦਰਸ਼ਨ, ਸਾਡੇ ਹੰਝੂ, ਸਾਡੀਆਂ ਚੀਕਾਂ ਸਭ ਕੁਝ ਬੋਲੇ ਕੰਨਾਂ 'ਤੇ ਨਹੀਂ ਪਿਆ। ਪਰ ਸਾਡੇ ਕੋਲ ਅਜੇ ਵੀ ਆਪਣੇ ਸ਼ਬਦ ਬਾਕੀ ਹਨ ਅਤੇ ਬੋਲੀ ਵਿੱਚ ਸੱਚਮੁੱਚ ਸ਼ਕਤੀ ਹੁੰਦੀ ਹੈ। ਆਇਰਿਸ਼ ਨਾਟਕ ਟ੍ਰਾਂਸਲੇਸ਼ਨਜ਼ ਵਿੱਚ, ਜੋ 1800 ਦੇ ਦਹਾਕੇ ਦੇ ਸ਼ੁਰੂ ਵਿੱਚ ਬ੍ਰਿਟਿਸ਼ ਫੌਜ ਦੁਆਰਾ ਆਇਰਿਸ਼ ਭਾਸ਼ਾ ਦੇ ਭਾਸ਼ਾਈ ਵਿਨਾਸ਼ ਨੂੰ ਦਰਸਾਉਂਦਾ ਹੈ, ਨਾਟਕਕਾਰ ਬ੍ਰਾਇਨ ਫ੍ਰੀਲ ਦੱਸਦੇ ਹਨ ਕਿ ਕਿਵੇਂ ਕਿਸੇ ਚੀਜ਼ ਦਾ ਨਾਮ ਦੇ ਕੇ ਅਸੀਂ ਉਸਨੂੰ ਸ਼ਕਤੀ ਦਿੰਦੇ ਹਾਂ, ਅਸੀਂ 'ਉਸਨੂੰ ਅਸਲੀ ਬਣਾਉਂਦੇ ਹਾਂ।' ਇਸ ਲਈ ਨਿਰਾਸ਼ਾ ਦੇ ਆਖਰੀ ਕਾਰਜ ਵਿੱਚ, ਇਸ ਸਾਲ ਦੇ ਨਕਬਾ ਦੀ ਯਾਦ ਨੂੰ ਉਹ ਸਮਾਂ ਦਿਓ, ਜਦੋਂ ਅਸੀਂ ਇਸ ਚੀਜ਼ ਦਾ ਨਾਮ ਦੇਈਏ ਅਤੇ ਇਸਨੂੰ ਸਾਕਾਰ ਕਰੀਏ: ਅਲ-ਇਬਾਦਾਹ, ਤਬਾਹੀ।

## 'ਅਣਕਿਆਸੀ ਭੁੱਖ'

ਸੰਯੁਕਤ ਰਾਸ਼ਟਰ ਦੀ ਇੱਕ ਵਿਸ਼ੇਸ਼ ਕਮੇਟੀ ਨੇ ਪਿਛਲੇ ਦਿਨੀਂ ਚੇਤਾਵਨੀ ਦਿੱਤੀ ਹੈ ਕਿ ਦੁਨੀਆ ਫਲਿਸਤੀਨ ਵਿੱਚ 'ਇੱਕ ਹੋਰ ਨਕਬਾ' ਦੇਖ ਸਕਦੀ ਹੈ। ਕਮੇਟੀ ਨੇ ਇਜ਼ਰਾਇਲ 'ਤੇ 'ਨਸਲੀ ਸਫਾਈ' ਦਾ ਦੋਸ਼ ਲਗਾਉਂਦੇ ਹੋਏ ਇਹ ਚੇਤਾਵਨੀ ਦਿੱਤੀ ਅਤੇ ਕਿਹਾ ਕਿ ਉਹ ਫਲਿਸਤੀਨੀਆਂ ਉੱਤੇ ਤਰੱਦਦ ਕਰ ਰਿਹਾ ਹੈ। ਇਹ ਟਿੱਪਣੀਆਂ ਇਜ਼ਰਾਇਲ ਵੱਲੋਂ ਗਾਜ਼ਾ ਦੇ ਉੱਤਰ ਤੋਂ ਲੱਖਾਂ ਭੁੱਖੇ ਫਲਿਸਤੀਨੀਆਂ ਨੂੰ ਬਾਹਰ ਕੱਢਣ ਅਤੇ ਉਨ੍ਹਾਂ ਨੂੰ ਛੋ ਕੈਂਪਾਂ ਵਿੱਚ ਕੈਦ ਕਰਨ ਦੀ ਯੋਜਨਾ ਦਾ ਐਲਾਨ ਕਰਨ ਤੋਂ ਬਾਅਦ ਆਈਆਂ ਹਨ। 1948 ਵਿੱਚ ਇਜ਼ਰਾਇਲ ਦੀ ਸਿਰਜਣਾ ਦੇ ਨਾਲ ਹੋਇਆ ਵਿਸ਼ਾਲ ਉਜਾੜਾ ਫਲਿਸਤੀਨੀਆਂ ਲਈ ਕੋਈ ਵੀ ਜ਼ਬਰਦਸਤੀ ਉਜਾੜੇ 'ਨਕਬਾ' ਜਾਂ ਤਬਾਹੀ ਦੀਆਂ ਯਾਦਾਂ ਨੂੰ ਤਾਜ਼ਾ ਕਰਦਾ ਹੈ। ਇਜ਼ਰਾਇਲ ਆਪਣੀਆਂ ਵਿਸ਼ਾਲ ਬਸਤੀਵਾਦੀ ਇੱਛਾਵਾਂ ਦੇ ਹਿੱਸੇ ਵਜੋਂ ਜ਼ਮੀਨ ਦੀ ਜ਼ਬਤ ਨੂੰ ਤੇਜ਼ੀ ਨਾਲ ਵਧਾ ਰਿਹਾ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਵਿਆਪਕ ਬਸਤੀਵਾਦੀ ਵਿਸਥਾਰ ਦਾ ਟੀਚਾ ਸਪੱਸ਼ਟ ਤੌਰ 'ਤੇ ਇਜ਼ਰਾਇਲ ਸਰਕਾਰ ਦੀ ਤਰਜੀਹ ਹੈ।

ਕਮੇਟੀ ਨੇ ਕਿਹਾ, "ਇਹ ਕਲਪਨਾ ਕਰਨਾ ਔਖਾ ਹੈ ਕਿ ਇੱਕ ਅਜਿਹੀ ਦੁਨੀਆਂ ਵਿੱਚ ਇੱਕ ਸਰਕਾਰ ਆਬਾਦੀ ਨੂੰ ਭੁੱਖੇ ਮਾਰਨ ਲਈ ਅਜਿਹੀਆਂ ਘਟੀਆ ਨੀਤੀਆਂ ਲਾਗੂ ਕਰੇਗੀ, ਜਦੋਂ ਕਿ ਭੋਜਨ ਦੇ ਟਰੱਕ ਕੁਝ ਕਿਲੋਮੀਟਰ ਦੂਰ ਹੋਣ।" ਕਮੇਟੀ ਇਸ ਸਮੇਂ ਨਿਊ ਯਾਰਕ ਵਿੱਚ ਸੰਯੁਕਤ ਰਾਸ਼ਟਰ ਵਿੱਚ ਸ੍ਰੀਲੰਕਾ, ਮਲੇਸ਼ੀਆ ਅਤੇ ਸੇਨੇਗਲ ਦੇ ਰਾਜਦੂਤਾਂ ਤੋਂ ਬਣੀ ਹੈ। ਅਮਰੀਕਾ-ਸਮਰਥਿਤ ਗਾਜ਼ਾ ਫਾਊਂਡੇਸ਼ਨ ਹਮਾਸ ਤੋਂ ਸਹਾਇਤਾ ਰੋਕਣ ਦਾ ਪ੍ਰਸਤਾਵ ਰੱਖਦੀ ਹੈ, ਪਰ ਆਲੋਚਕ ਸੰਯੁਕਤ ਰਾਸ਼ਟਰ, ਇਜ਼ਰਾਇਲੀਆਂ ਵੱਲੋਂ ਘੇਰੇ ਹੋਏ ਫਲਿਸਤੀਨੀ ਨਾਗਰਿਕਾਂ ਲਈ ਖਤਰੇ ਨੂੰ ਬਾਈਪਾਸ ਕਰਨ ਦੀ ਨਿੰਦਾ ਕਰਦੇ ਹਨ। ਇਜ਼ਰਾਇਲ ਵਿੱਚ ਅਮਰੀਕੀ ਰਾਜਦੂਤ ਮਾਈਕ ਹਕਾਬੀ ਅਨੁਸਾਰ ਇਜ਼ਰਾਇਲ ਐਨਕਲੇਵ ਵਿੱਚ ਸਹਾਇਤਾ ਵੰਡਣ ਵਿੱਚ ਸ਼ਾਮਲ ਨਹੀਂ ਹੋਵੇਗਾ, ਪਰ ਗਾਜ਼ਾ ਹਿਊਮੈਨੇਟੇਰੀਅਨ ਫਾਊਂਡੇਸ਼ਨ ਦੇ ਕਾਰਜਾਂ ਲਈ ਸੁਰੱਖਿਆ ਪ੍ਰਦਾਨ ਕਰੇਗਾ। 'ਚੈਰੀਟੇਬਲ' ਅਤੇ 'ਗੈਰ-ਸਰਕਾਰੀ' ਪਹਿਲਕਦਮੀ ਦੀ ਯੋਜਨਾ ਦਾ ਐਲਾਨ ਵਿਦੇਸ਼ ਵਿਭਾਗ ਦੇ ਬੁਲਾਰੇ ਟੈਮੀ ਬਰੂਸ ਦੁਆਰਾ ਕੀਤਾ ਗਿਆ ਸੀ।

ਏ.ਪੀ. ਨਿਊਜ਼ ਏਜੰਸੀ ਨੇ ਰਿਪੋਰਟ ਦਿੱਤੀ ਹੈ ਕਿ ਨਵੀਂ ਬਣਾਈ ਗਈ ਗਾਜ਼ਾ ਹਿਊਮੈਨੇਟੇਰੀਅਨ ਫਾਊਂਡੇਸ਼ਨ ਨੇ ਸੰਯੁਕਤ ਰਾਸ਼ਟਰ ਅਤੇ ਹੋਰ ਅੰਤਰਰਾਸ਼ਟਰੀ ਸਹਾਇਤਾ ਏਜੰਸੀਆਂ ਦੁਆਰਾ ਚਲਾਏ ਜਾ ਰਹੇ ਮੌਜੂਦਾ ਸਿਸਟਮ ਦੀ ਥਾਂ ਲੈ ਕੇ ਇੱਕ ਨਵੀਂ ਸਹਾਇਤਾ ਵੰਡ ਪ੍ਰਣਾਲੀ ਨੂੰ

⇒ ਬਾਕੀ ਅਗਲੇ ਸਫੇ ਉੱਤੇ ਪੜ੍ਹੋ

# ਜੈਵਿਕ ਯੁੱਧ: ਮਨੁੱਖਤਾ ਲਈ ਅਦਿੱਖ ਖ਼ਤਰਾ

ਤਰਜੀਹਾਂ



ਡਾ. ਪੀ. ਐੱਸ. ਤਿਆਗੀ*
ਫੋਨ: +91-9855446519

ਗੁਰਬਾਣੀ ਵਿੱਚ ਇੱਕ ਸ਼ਬਦ ਹੈ, "ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥ ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥" ਇਸਦਾ ਅਰਥ ਇਹ ਹੈ ਕਿ ਪਹਿਲਾਂ, ਪਰਮਾਤਮਾ ਨੇ ਪ੍ਰਕਾਸ਼ ਨੂੰ ਬਣਾਇਆ; ਫਿਰ ਆਪਣੀ ਸਿਰਜਣਾਤਮਕ ਸ਼ਕਤੀ ਦੁਆਰਾ ਉਸਨੇ ਸਾਰੇ ਪ੍ਰਾਣੀ ਬਣਾਏ। ਇੱਕੋ ਪ੍ਰਕਾਸ਼ ਤੋਂ ਸਾਰਾ ਬ੍ਰਹਿਮੰਡ ਉਤਪੰਨ ਹੋਇਆ। ਰੱਬ ਨੇ ਕਿਸੇ ਨੂੰ ਵੱਡਾ ਜਾਂ ਛੋਟਾ, ਚੰਗਾ ਜਾਂ ਮਾੜਾ ਨਹੀਂ ਬਣਾਇਆ। ਪਰਮਾਤਮਾ ਲਈ ਸਾਰੇ ਬਰਾਬਰ ਹਨ। ਇਹ ਮਨੁੱਖ ਹੀ ਹੈ, ਜਿਸਨੇ ਇਸ ਧਰਤੀ ਅਤੇ ਕੁਦਰਤ ਨੂੰ ਹੱਦਾਂ ਵਿੱਚ ਵੰਡਿਆ ਹੈ। ਅੱਜ ਪੂਰੀ ਦੁਨੀਆ ਧਾਰਮਿਕ, ਭਾਸ਼ਾਈ, ਰਾਜਨੀਤਿਕ ਹੱਦਬੰਦੀਆਂ; ਮਹਾਂਸ਼ਕਤੀਆਂ, ਵਿਕਸਤ ਦੇਸ਼ਾਂ, ਵਿਕਾਸਸ਼ੀਲ ਦੇਸ਼ਾਂ ਆਦਿ ਦੁਆਰਾ ਵੰਡੀ ਹੋਈ ਹੈ। ਇੱਕ ਦੂਜੇ ਉੱਤੇ ਸੁਪਰਮੇਸੀ ਦਿਖਾਉਣ ਲਈ, ਦੇਸ਼ ਇੱਕ ਦੂਜੇ ਦੇ ਦੁਸ਼ਮਣ ਬਣ ਗਏ ਹਨ। ਰੂਸ ਅਤੇ ਯੂਕਰੇਨ ਵਿਚਕਾਰ ਪਿਛਲੇ ਕੁਝ ਸਾਲਾਂ ਤੋਂ ਤਣਾਅ ਬਣਿਆ ਹੋਇਆ ਹੈ। ਹਾਲ ਹੀ ਵਿੱਚ ਭਾਰਤ ਅਤੇ ਪਾਕਿਸਤਾਨ ਵਿੱਚ ਜੰਗ ਵਰਗੀ ਸਥਿਤੀ ਪੈਦਾ ਹੋਈ ਹੈ, ਪਰ ਸੁਪਰ ਪਾਵਰ ਅਮਰੀਕਾ ਦੇ ਦਖਲ ਨਾਲ ਦੋਵੇਂ ਦੇਸ਼ ਜੰਗਬੰਦੀ ਲਈ ਸਹਿਮਤ ਹੋ ਗਏ ਹਨ।

ਦੇਸ਼ਾਂ ਵਿਚਕਾਰ ਲੜਾਈਆਂ ਕੋਈ ਨਵੀਂ ਗੱਲ ਨਹੀਂ ਹੈ। ਵੱਖ-ਵੱਖ ਦੇਸ਼ਾਂ ਦੇ ਰਾਜੇ ਛੋਟੇ ਦੇਸ਼ਾਂ 'ਤੇ ਕਬਜ਼ਾ ਕਰਨ ਅਤੇ ਉਨ੍ਹਾਂ ਦੇ ਖੇਤਰ ਦਾ ਵਿਸਥਾਰ ਕਰਨ ਲਈ ਉਨ੍ਹਾਂ 'ਤੇ ਹਮਲਾ ਕਰਦੇ ਸਨ। ਪਰ ਲੜਾਈਆਂ ਸਿਰਫ਼ ਤਲਵਾਰਾਂ, ਬਰਛੇ, ਧਨੁਸ਼ ਅਤੇ ਤੀਰ ਵਰਗੇ ਸਾਦੇ ਹਥਿਆਰਾਂ ਨਾਲ ਹੀ ਲੜਾਈ ਦੇ ਮੈਦਾਨਾਂ ਵਿੱਚ ਲੜੀਆਂ ਜਾਂਦੀਆਂ ਸਨ; ਪਰ ਸਮੇਂ ਦੇ ਨਾਲ ਜੰਗਾਂ ਵਿੱਚ ਵਰਤੇ ਜਾਣ ਵਾਲੇ ਹਥਿਆਰ ਹੋਰ ਵੀ ਜ਼ਿਆਦਾ ਲੀਥਲ, ਡਰਾਉਣੇ ਅਤੇ ਖ਼ਤਰਨਾਕ ਹੁੰਦੇ ਗਏ। ਅੱਜ ਜੰਗਾਂ ਵਿੱਚ ਕਈ ਤਰ੍ਹਾਂ ਦੇ ਖ਼ਤਰਨਾਕ ਹਥਿਆਰ ਵਰਤੇ ਜਾ ਰਹੇ ਹਨ ਜਿਵੇਂ ਕਿ ਤੋਪਾਂ, ਟੈਂਕ, ਮਿਜ਼ਾਈਲਾਂ, ਡਰੋਨ, ਲੜਾਕੂ ਜਹਾਜ਼ ਆਦਿ। ਪਹਿਲਾਂ ਜੰਗਾਂ ਆਮ ਲੋਕਾਂ ਦੀ ਜਾਨ-ਮਾਲ ਨੂੰ ਪ੍ਰਭਾਵਿਤ ਨਹੀਂ ਕਰਦੀਆਂ ਸਨ, ਪਰ ਹੁਣ ਜੰਗਾਂ ਵਿੱਚ ਕੋਈ ਵੀ ਸੁਰੱਖਿਅਤ ਨਹੀਂ ਹੈ। ਮਿਜ਼ਾਈਲਾਂ, ਡਰੋਨ, ਬੰਬ ਅਕਸਰ ਆਮ ਜਨਤਕ ਥਾਵਾਂ 'ਤੇ ਡਿੱਗਦੇ ਹਨ ਅਤੇ ਆਮ ਲੋਕਾਂ ਦੀ ਜਾਇਦਾਦ ਅਤੇ ਜੀਵਨ ਨੂੰ ਤਬਾਹ ਕਰ ਦਿੰਦੇ ਹਨ।

ਦੂਜੇ ਵਿਸ਼ਵ ਯੁੱਧ ਵਿੱਚ ਵਿਕਸਤ ਅਤੇ ਵਰਤਿਆ ਗਿਆ ਸਭ ਤੋਂ ਘਾਤਕ ਹਥਿਆਰ ਪਰਮਾਣੂ ਬੰਬ ਹੈ। ਇਹ ਇੱਕ ਅਜਿਹਾ ਹਥਿਆਰ ਹੈ, ਜਿਸ ਵਿੱਚ ਬਹੁਤ ਜ਼ਿਆਦਾ ਵਿਸਫੋਟਕ ਸ਼ਕਤੀ ਹੈ। ਪਰਮਾਣੂ ਹਥਿਆਰਾਂ ਦੀ ਵਰਤੋਂ ਯੁੱਧ ਵਿੱਚ ਸਿਰਫ ਦੋ ਵਾਰ ਕੀਤੀ ਗਈ ਹੈ। ਦੋਵਾਂ ਮੌਕਿਆਂ 'ਤੇ ਸੰਯੁਕਤ ਰਾਜ ਅਮਰੀਕਾ ਨੇ ਦੂਜੇ ਵਿਸ਼ਵ ਯੁੱਧ ਦੇ ਅੰਤ ਵਿੱਚ ਜਾਪਾਨ ਦੇ ਵਿਰੁੱਧ ਪਰਮਾਣੂ ਬੰਬ ਦੀ ਵਰਤੋਂ ਕੀਤੀ। 'ਲਿਟਲ ਬੁਆਏ' ਨਾਮ ਦਾ ਪਹਿਲਾ ਬੰਬ 6 ਅਗਸਤ 1945 ਨੂੰ ਜਾਪਾਨੀ ਸ਼ਹਿਰ ਹੀਰੋਸ਼ੀਮਾ ਉੱਤੇ ਸੁੱਟਿਆ ਗਿਆ ਸੀ ਅਤੇ 'ਫੈਟ ਮੈਨ' ਨਾਮ ਦਾ ਦੂਜਾ ਬੰਬ ਤਿੰਨ ਦਿਨ ਬਾਅਦ ਜਾਪਾਨੀ ਸ਼ਹਿਰ ਨਾਗਾਸਾਕੀ ਉੱਤੇ ਸੁੱਟਿਆ ਗਿਆ ਸੀ। ਇਹ ਬਹੁਤ ਖੁਸ਼ੀ ਦੀ ਗੱਲ ਸੀ ਕਿ ਮਨੁੱਖ ਨੂੰ ਜਲਦੀ ਹੀ ਆਪਣੀ ਮੂਰਖਤਾ ਦਾ ਅਹਿਸਾਸ ਹੋ ਗਿਆ ਅਤੇ ਦੂਜੇ ਵਿਸ਼ਵ ਯੁੱਧ ਦੌਰਾਨ ਪਰਮਾਣੂ ਹਥਿਆਰਾਂ ਦੀ ਵਰਤੋਂ ਕਾਰਨ ਹੋਈ ਭਿਆਨਕ ਤਬਾਹੀ ਤੋਂ ਬਾਅਦ, ਉਨ੍ਹਾਂ ਦੇ ਖ਼ਤਰੇ ਦੀ ਵਿਸ਼ਵਵਿਆਪੀ ਮਾਨਤਾ ਨੇ ਅੰਤਰਰਾਸ਼ਟਰੀ ਸੰਧੀਆਂ ਅਤੇ ਸਮਝੌਤਿਆਂ ਨੂੰ ਜਨਮ ਦਿੱਤਾ, ਜਿਸਦਾ ਉਦੇਸ਼ ਉਨ੍ਹਾਂ ਦੀ ਵਰਤੋਂ ਨੂੰ ਸੀਮਤ ਕਰਨਾ ਅਤੇ ਉਨ੍ਹਾਂ ਦੇ ਪ੍ਰਸਾਰ ਨੂੰ ਰੋਕਣਾ ਸੀ। ਸੀਮਤ ਪ੍ਰਮਾਣੂ ਟੈਸਟ ਪਾਬੰਦੀ ਸੰਧੀ (1963), ਪ੍ਰਮਾਣੂ ਹਥਿਆਰਾਂ ਦੇ ਗੈਰ-ਪ੍ਰਸਾਰ 'ਤੇ ਸੰਧੀ (1968), ਅਤੇ ਪ੍ਰਮਾਣੂ ਹਥਿਆਰਾਂ ਦੀ ਮਨਾਹੀ 'ਤੇ ਸੰਧੀ (2017) ਮੁੱਖ ਉਦਾਹਰਣਾਂ ਹਨ। ਹਾਲਾਂਕਿ ਇਹ ਅੰਤ ਨਹੀਂ ਹੈ, ਮਨੁੱਖ ਲਗਾਤਾਰ ਵੱਖ-ਵੱਖ ਕਿਸਮਾਂ ਦੇ ਵਿਨਾਸ਼ਕਾਰੀ ਹਥਿਆਰਾਂ 'ਤੇ ਕੰਮ ਕਰ ਰਿਹਾ ਹੈ। ਇਸ ਲੇਖ ਵਿੱਚ ਮੈਂ ਅਦਿੱਖ, ਘੱਟ ਜਾਣੇ-ਪਛਾਣੇ ਅਤੇ ਘੱਟ ਚਰਚਿਤ ਏਜੰਟਾਂ 'ਤੇ ਧਿਆਨ ਕੇਂਦਰਿਤ ਕਰ ਰਿਹਾ ਹਾਂ, ਜਿਨ੍ਹਾਂ ਨੂੰ ਜੇਕਰ ਯੁੱਧ ਵਜੋਂ ਵਰਤਿਆ ਜਾਵੇ ਤਾਂ ਉਹ ਮਨੁੱਖਤਾ ਲਈ ਪ੍ਰਮਾਣੂ ਤਬਾਹੀ ਨਾਲੋਂ ਵੀ ਜ਼ਿਆਦਾ ਤਬਾਹੀ ਲਿਆ ਸਕਦੇ ਹਨ। ਮੈਂ ਇੱਥੇ ਰਸਾਇਣਕ ਹਥਿਆਰਾਂ ਅਤੇ ਜੈਵਿਕ ਹਥਿਆਰਾਂ ਬਾਰੇ ਗੱਲ ਕਰਨ ਜਾ ਰਿਹਾ ਹਾਂ।

ਆਓ, ਪਹਿਲਾਂ ਸਮਝੀਏ ਕਿ ਰਸਾਇਣਕ ਯੁੱਧ ਕੀ ਹਨ? ਰਸਾਇਣਕ ਯੁੱਧ ਦਾ ਅਰਥ ਹੈ, ਲੜਾਈ ਦੌਰਾਨ ਦੁਸ਼ਮਣਾਂ ਨੂੰ ਅਸਮਰੱਥ ਬਣਾਉਣ, ਨੁਕਸਾਨ ਪਹੁੰਚਾਉਣ ਜਾਂ ਮਾਰਨ ਲਈ ਰਸਾਇਣਕ ਪਦਾਰਥਾਂ ਦੀ ਵਰਤੋਂ ਕਰਨੀ। ਇਹ ਪਦਾਰਥ ਗੈਸ, ਤਰਲ ਜਾਂ ਠੋਸ ਰੂਪ ਵਿੱਚ ਹੋ ਸਕਦੇ ਹਨ ਅਤੇ ਮਨੁੱਖੀ ਸਿਹਤ ਅਤੇ ਵਾਤਾਵਰਣ 'ਤੇ ਨੁਕਸਾਨਦੇਹ ਪ੍ਰਭਾਵ ਪਾਉਣ ਲਈ ਹੁੰਦੇ ਹਨ। ਰਸਾਇਣਕ ਏਜੰਟਾਂ ਨੂੰ ਉਨ੍ਹਾਂ ਦੇ ਪ੍ਰਭਾਵਾਂ, ਕਿਰਿਆ ਦੇ ਢੰਗ ਅਤੇ ਰਸਾਇਣਕ ਬਣਤਰ ਦੇ ਆਧਾਰ ਤੇ ਵੱਖ-ਵੱਖ ਸ਼੍ਰੇਣੀਆਂ ਵਿੱਚ ਸ਼੍ਰੇਣੀਬੱਧ ਕੀਤਾ ਜਾ ਸਕਦਾ ਹੈ। ਉਦਾਹਰਨ ਲਈ: 1. ਬਹੁਤ ਜ਼ਿਆਦਾ ਜ਼ਹਿਰੀਲੇ ਪਦਾਰਥ ਜੋ ਦਿਮਾਗੀ ਪ੍ਰਣਾਲੀ ਨੂੰ ਵਿਗਾੜਦੇ ਹਨ, 2. ਛਾਲੇ ਵਾਲੇ ਏਜੰਟ ਜੋ ਚਮੜੀ ਅਤੇ ਸਾਹ ਨੂੰ ਗੰਭੀਰ ਨੁਕਸਾਨ ਪਹੁੰਚਾਉਂਦੇ ਹਨ, 3. ਸਾਹ ਘੁੱਟਣ ਵਾਲੇ ਏਜੰਟ ਜੋ ਫੇਫੜਿਆਂ ਦੇ ਟਿਸ਼ੂ ਨੂੰ ਨੁਕਸਾਨ ਪਹੁੰਚਾਉਂਦੇ ਹਨ ਤੇ ਦਮ ਘੁੱਟਣ ਦਾ ਕਾਰਨ ਬਣ ਸਕਦੇ ਹਨ, ਅਤੇ 4. ਖੂਨ ਦੇ ਏਜੰਟ ਜੋ ਸਰੀਰ ਦੀ ਆਕਸੀਜਨ ਦੀ ਵਰਤੋਂ ਕਰਨ ਦੀ ਯੋਗਤਾ ਨੂੰ ਪ੍ਰਭਾਵਤ ਕਰਦੇ ਹਨ। ਜ਼ਹਿਰੀਲੇ ਰਸਾਇਣਾਂ ਨੂੰ ਹਥਿਆਰਾਂ ਵਜੋਂ ਵਰਤਣ ਦਾ ਇਤਿਹਾਸ ਬਹੁਤ ਲੰਮਾ ਹੈ। ਰਸਾਇਣਕ ਹਥਿਆਰਾਂ ਦੀ ਪਹਿਲੀ ਵੱਡੇ ਪੱਧਰ 'ਤੇ ਵਰਤੋਂ ਪਹਿਲੇ ਵਿਸ਼ਵ ਯੁੱਧ ਵਿੱਚ ਹੋਈ, ਜਿਸ ਵਿੱਚ ਕਲੋਰੀਨ ਅਤੇ ਮਸਟਰਡ ਗੈਸ ਦੀ ਵਿਆਪਕ ਵਰਤੋਂ ਕੀਤੀ ਗਈ। 1915 ਵਿੱਚ ਜਰਮਨੀ ਨੇ ਯਪ੍ਰੇਸ ਦੀ ਦੂਜੀ ਲੜਾਈ ਵਿੱਚ ਫਰਾਂਸੀਸੀ ਅਤੇ ਕੈਨੇਡੀਅਨ ਫੌਜਾਂ ਵਿਰੁੱਧ ਕਲੋਰੀਨ ਗੈਸ ਛੱਡੀ, ਜਿਸ ਕਾਰਨ ਬਹੁਤ ਸਾਰੇ ਲੋਕ ਮਾਰੇ ਗਏ। ਯੁੱਧ ਵਿੱਚ ਦੋਵਾਂ ਧਿਰਾਂ ਨੇ ਰਸਾਇਣਕ ਹਥਿਆਰਾਂ ਵਜੋਂ ਫਾਸਜੀਨ ਅਤੇ ਸਲਫਰ-ਮਸਟਰਡ ਗੈਸ ਦੀ ਵਰਤੋਂ ਕੀਤੀ, ਜਿਸ ਨਾਲ ਸਾਹ ਲੈਣ ਵਿੱਚ ਵਿਆਪਕ ਪ੍ਰਭਾਵ ਪਏ ਅਤੇ ਛਾਲੇ ਪੈ ਗਏ।



ਪਹਿਲੇ ਵਿਸ਼ਵ ਯੁੱਧ ਦੇ ਮੁਕਾਬਲੇ ਦੂਜੇ ਵਿਸ਼ਵ ਯੁੱਧ ਵਿੱਚ ਇਨ੍ਹਾਂ ਦੀ ਵਰਤੋਂ ਸੀਮਤ ਸੀ। 1961 ਤੋਂ 1971 ਦੇ ਵਿਚਕਾਰ ਵੀਅਤਨਾਮ ਯੁੱਧ ਦੌਰਾਨ ਅਮਰੀਕੀ ਫੌਜ ਨੇ ਏਜੰਟ ਔਰੇਂਜ ਦੀ ਵਰਤੋਂ ਕੀਤੀ, ਜੋ ਕਿ ਇੱਕ ਰਸਾਇਣਕ ਜੜੀ-ਬੂਟੀਆਂ ਨਾਸ਼ਕ ਅਤੇ ਡੀਫੋਲੀਐਂਟ ਹੈ, ਇਸ ਰਸਾਇਣ ਨੂੰ ਵੀਅਤਨਾਮ ਦੇ ਵਿਰੁੱਧ ਯੁੱਧ ਵਜੋਂ ਵਰਤਿਆ ਗਿਆ ਸੀ। ਰਸਾਇਣਕ ਹਥਿਆਰਾਂ ਦੀ ਵਰਤੋਂ ਆਧੁਨਿਕ ਸੰਘਰਸ਼ਾਂ ਵਿੱਚ ਵੀ ਕੀਤੀ ਗਈ ਹੈ, ਖਾਸ ਕਰਕੇ ਸੀਰੀਆ ਦੇ ਘਰੇਲੂ ਯੁੱਧ (2013) ਅਤੇ ਇਰਾਕ ਯੁੱਧ (1980) ਦੌਰਾਨ। ਰਸਾਇਣਕ ਹਥਿਆਰਾਂ ਦੀ ਵਰਤੋਂ ਦੀ ਅੰਤਰਰਾਸ਼ਟਰੀ ਕਾਨੂੰਨ ਅਧੀਨ ਵਿਆਪਕ ਤੌਰ 'ਤੇ ਨਿੰਦਾ ਕੀਤੀ ਜਾਂਦੀ ਹੈ, ਕਿਉਂਕਿ ਇਹ ਮਨੁੱਖੀ ਸਿਹਤ ਨੂੰ ਵਿਆਪਕ ਨੁਕਸਾਨ ਪਹੁੰਚਾ ਸਕਦੇ ਹਨ। ਰਸਾਇਣਕ ਹਥਿਆਰਾਂ ਦੀ ਵਰਤੋਂ ਨੂੰ ਰੋਕਣ ਅਤੇ ਨਿਸ਼ਸਤਰੀਕਰਨ ਅਤੇ ਸ਼ਾਂਤੀ ਨੂੰ ਉਤਸ਼ਾਹਿਤ ਕਰਨ ਲਈ ਅੰਤਰਰਾਸ਼ਟਰੀ ਪੱਧਰ 'ਤੇ ਲਗਾਤਾਰ ਯਤਨ ਕੀਤੇ ਜਾ ਰਹੇ ਹਨ।

ਬਾਇਓਵਾਰਫੇਅਰ, ਜਾਂ ਜੈਵਿਕ ਯੁੱਧ, ਮਨੁੱਖਾਂ, ਜਾਨਵਰਾਂ ਜਾਂ ਪੌਦਿਆਂ ਨੂੰ ਨੁਕਸਾਨ ਪਹੁੰਚਾਉਣ ਜਾਂ ਮੌਤ ਪਹੁੰਚਾਉਣ ਲਈ ਜਰਾਸੀਮ ਜਾਂ ਜੈਵਿਕ ਏਜੰਟਾਂ- ਜਿਵੇਂ ਕਿ ਬੈਕਟੀਰੀਆ, ਵਾਇਰਸ, ਫੰਜਾਈ, ਜਾਂ ਜ਼ਹਿਰੀਲੇ ਪਦਾਰਥਾਂ ਦੀ ਜਾਣ-ਬੁੱਝ ਕੇ ਵਰਤੋਂ ਨੂੰ ਯੁੱਧ ਦੇ ਇੱਕ ਢੰਗ ਵਜੋਂ ਦਰਸਾਉਂਦਾ ਹੈ। ਜੈਵਿਕ-ਹਥਿਆਰਾਂ ਲਈ ਵਰਤੇ ਜਾਣ ਵਾਲੇ ਆਮ ਸੂਖਮ-ਜੀਵਾਣੂਆਂ ਵਿੱਚ ਐਂਥ੍ਰੈਕਸ, ਚੇਚਕ, ਪਲੇਗ, ਤੁਲਾਰੇਮੀਆ ਅਤੇ ਬੋਟੂਲਿਨਮ ਟੌਕਸਿਨ ਸ਼ਾਮਲ ਹਨ। ਇਹ ਏਜੰਟ ਗੰਭੀਰ ਬਿਮਾਰੀ ਜਾਂ ਮੌਤ ਦਾ ਕਾਰਨ ਬਣ ਸਕਦੇ ਹਨ ਅਤੇ ਇਨ੍ਹਾਂ ਨੂੰ ਕੰਟਰੋਲ ਕਰਨਾ ਜਾਂ ਰੋਕਣਾ ਮੁਸ਼ਕਲ ਹੋ ਸਕਦਾ ਹੈ। ਇਨ੍ਹਾਂ ਕੀਟਾਣੂਆਂ ਜਾਂ ਜ਼ਹਿਰੀਲੇ ਪਦਾਰਥਾਂ ਨੂੰ ਬੰਬਾਂ ਜਾਂ ਮਿਜ਼ਾਈਲ ਵਾਰਹੈੱਡਾਂ ਵਰਗੇ ਵਿਸਫੋਟਕਾਂ ਰਾਹੀਂ ਹਥਿਆਰਾਂ ਵਜੋਂ ਵਰਤਿਆ ਜਾ ਸਕਦਾ ਹੈ, ਜਾਂ ਹੋਰ ਸਾਧਨਾਂ ਜਿਵੇਂ ਕਿ ਡਾਕ ਰਾਹੀਂ ਜਾਂ ਸੰਕਰਮਿਤ ਮਨੁੱਖਾਂ ਜਾਂ ਜਾਨਵਰਾਂ ਨੂੰ ਜਨਤਕ ਖੇਤਰਾਂ ਵਿੱਚ ਛੱਡਣ ਦੁਆਰਾ ਵਰਤਿਆ ਜਾ ਸਕਦਾ ਹੈ। ਪ੍ਰਾਚੀਨ ਸਮੇਂ ਤੋਂ ਲੈ ਕੇ ਆਧੁਨਿਕ ਯੁੱਗ ਤੱਕ, ਇਸਨੂੰ ਸਮੂਹਿਕ ਵਿਨਾਸ਼ ਦੇ ਹਥਿਆਰ ਵਜੋਂ ਵਰਤਿਆ ਜਾਂਦਾ ਰਿਹਾ ਹੈ, ਜਿਸ ਨਾਲ ਗੰਭੀਰ ਨੈਤਿਕ ਅਤੇ ਮਾਨਵਤਾਵਾਦੀ ਚਿੰਤਾਵਾਂ ਪੈਦਾ ਹੁੰਦੀਆਂ ਹਨ। ਜੈਵਿਕ ਯੁੱਧ ਦੀ ਧਾਰਨਾ ਕੋਈ ਨਵੀਂ ਨਹੀਂ ਹੈ। ਸਬੂਤ ਦਰਸਾਉਂਦੇ ਹਨ ਕਿ ਇਸਦੀ ਵਰਤੋਂ 14ਵੀਂ ਸਦੀ ਈਸਾ ਪੂਰਵ ਵਿੱਚ ਸ਼ੁਰੂ ਹੋਈ ਸੀ, ਜਿਸ ਵਿੱਚ ਬਿਮਾਰ ਜਾਨਵਰਾਂ ਨੂੰ ਉਨ੍ਹਾਂ ਦੇ ਦੁਸ਼ਮਣਾਂ ਕੋਲ ਭੇਜਿਆ ਜਾਂਦਾ ਸੀ। ਮੱਧਯੁਗੀ ਯੁੱਗ ਵਿੱਚ ਮਰੇ ਹੋਏ ਜਾਨਵਰਾਂ ਅਤੇ ਹੋਰ ਦੂਸ਼ਿਤ ਸਮੱਗਰੀਆਂ ਦੀ ਵਰਤੋਂ ਪਾਣੀ ਦੀ ਸਪਲਾਈ ਨੂੰ ਦੂਸ਼ਿਤ ਕਰਨ ਅਤੇ ਦੁਸ਼ਮਣ ਫੌਜਾਂ ਨੂੰ ਪ੍ਰਭਾਵਿਤ ਕਰਨ ਲਈ ਕੀਤੀ ਜਾਂਦੀ ਸੀ। ਪਹਿਲੇ ਵਿਸ਼ਵ ਯੁੱਧ ਦੌਰਾਨ ਜਰਮਨੀ ਨੇ ਸਹਿਯੋਗੀ ਫੌਜਾਂ ਨੂੰ ਭੇਜੇ ਜਾ ਰਹੇ ਜਾਨਵਰਾਂ ਨੂੰ ਗੁਪਤ ਰੂਪ ਵਿੱਚ ਐਂਥ੍ਰੈਕਸ ਅਤੇ ਗਲੈਂਡਰ ਨਾਲ ਸੰਕਰਮਿਤ ਕਰਕੇ ਜੈਵਿਕ ਯੁੱਧ ਸ਼ੁਰੂ ਕੀਤਾ। ਪਹਿਲੇ ਅਤੇ ਦੂਜੇ ਵਿਸ਼ਵ ਯੁੱਧ ਦੌਰਾਨ, ਸੰਯੁਕਤ ਰਾਜ ਅਤੇ ਜਾਪਾਨ ਸਮੇਤ ਕਈ ਦੇਸ਼ਾਂ ਦੁਆਰਾ ਜੈਵਿਕ ਯੁੱਧ ਪ੍ਰੋਗਰਾਮ ਵਿਕਸਤ ਕੀਤੇ ਗਏ ਸਨ। ਖਾਸ ਕਰ ਜਾਪਾਨੀਆਂ ਨੇ ਜੰਗੀ ਕੈਦੀਆਂ 'ਤੇ ਵਿਆਪਕ ਪ੍ਰਯੋਗ ਕੀਤੇ, ਫੌਜੀ ਅਤੇ ਨਾਗਰਿਕ ਆਬਾਦੀ- ਦੋਵਾਂ ਦੇ ਵਿਰੁੱਧ ਜੈਵਿਕ ਹਥਿਆਰਾਂ ਦੀ ਵਰਤੋਂ ਕੀਤੀ। ਆਧੁਨਿਕ ਬਾਇਓਟੈਕਨਾਲੋਜੀ ਦੇ ਆਗਮਨ ਨੇ ਜੈਵਿਕ ਯੁੱਧ ਦੀ ਸੰਭਾਵਨਾ ਨੂੰ ਕਾਫ਼ੀ ਵਧਾ ਦਿੱਤਾ ਹੈ। ਨਵੇਂ ਰੋਗਾਣੂਆਂ ਦੇ ਵਿਕਾਸ ਅਤੇ ਮੌਜੂਦਾ ਜੀਵਾਂ ਨੂੰ ਜੈਨੇਟਿਕ ਤੌਰ 'ਤੇ ਸੋਧਣ ਦੀ ਯੋਗਤਾ ਨੇ ਵਧੇਰੇ ਖ਼ਤਰਨਾਕ ਅਤੇ ਰੋਧਕ ਤਣਾਅ ਦੇ ਉਭਾਰ ਬਾਰੇ ਚਿੰਤਾਵਾਂ ਪੈਦਾ ਕੀਤੀਆਂ ਹਨ। ਜੈਵਿਕ ਅਤਿਵਾਦ ਦੀ ਸੰਭਾਵਨਾ, ਜਿੱਥੇ ਗੈਰ-ਰਾਜਕੀ ਕਾਰਕ ਨਾਗਰਿਕਾਂ 'ਤੇ ਹਮਲਾ ਕਰਨ ਲਈ ਜੈਵਿਕ ਏਜੰਟਾਂ ਦੀ ਵਰਤੋਂ ਕਰਦੇ ਹਨ, ਵੀ ਖ਼ਤਰੇ ਨੂੰ ਵਧਾਉਂਦੀ ਹੈ।

ਜੈਵਿਕ ਹਥਿਆਰ ਐਟਮ ਬੰਬ ਨਾਲੋਂ ਵੀ ਜ਼ਿਆਦਾ ਖ਼ਤਰਨਾਕ ਹਨ, ਕਿਉਂਕਿ ਇਨ੍ਹਾਂ ਦੀ ਵਰਤੋਂ ਵੱਡੇ ਪੱਧਰ 'ਤੇ ਜਾਨੀ ਨੁਕਸਾਨ, ਸਮਾਜਿਕ ਵਿਘਨ, ਆਰਥਿਕ ਨੁਕਸਾਨ ਅਤੇ ਵਾਤਾਵਰਣ ਸੰਬੰਧੀ ਸਮੱਸਿਆਵਾਂ ਨੂੰ ਯੁੱਧ ਜਾਂ ਅਤਿਵਾਦ ਦੇ ਸਾਧਨ ਵਜੋਂ ਕਰਨ ਲਈ ਕੀਤੀ ਜਾ ਸਕਦੀ ਹੈ। ਜੈਵਿਕ ਹਥਿਆਰਾਂ ਨੂੰ ਛੱਡਣ ਤੋਂ ਬਾਅਦ ਸੰਭਾਲਣਾ ਮੁਸ਼ਕਲ ਹੁੰਦਾ ਹੈ, ਕਿਉਂਕਿ ਇਹ ਛੂਤ ਵਾਲੇ ਏਜੰਟ ਹੁੰਦੇ ਹਨ, ਜੋ ਨਿਸ਼ਾਨਾ ਖੇਤਰ ਤੋਂ ਬਾਹਰ ਵੀ ਬੇਕਾਬੂ ਹੋ ਕੇ ਫੈਲਦੇ ਹਨ। ਕੋਵਿਡ-19 ਮਹਾਂਮਾਰੀ ਤੋਂ ਬਾਅਦ ਜੈਵਿਕ ਯੁੱਧਾਂ ਦੇ ਵਿਸ਼ਵ ਭਰ ਵਿੱਚ ਸੰਭਾਵਿਤ ਖ਼ਤਰੇ ਹੋਰ ਵੀ ਸਾਹਮਣੇ ਆਏ ਅਤੇ ਵਿਗਿਆਨੀਆਂ ਨੂੰ ਹੋਰ ਜਾਂਚ ਕਰਨ ਲਈ ਮਜਬੂਰ ਕੀਤਾ। ਇਹ ਮਹਾਂਮਾਰੀ ਹਰ ਜਗ੍ਹਾ ਫੈਲ ਗਈ ਸੀ, ਦੂਰ-ਦੁਰਾਡੇ ਅੰਟਾਰਕਟਿਕ ਖੋਜ ਸਟੇਸ਼ਨਾਂ ਤੋਂ ਲੈ ਕੇ ਅਲੱਗ-ਥਲੱਗ ਐਮਾਜ਼ੋਨੀਅਨ ਕਬੀਲਿਆਂ ਤੱਕ। ਕੋਵਿਡ-ਪ੍ਰੇਰਿਤ ਮਨੁੱਖੀ ਮੌਤਾਂ ਅਤੇ ਜਾਨੀ ਨੁਕਸਾਨਾਂ ਦੀ ਹੈਰਾਨ ਕਰਨ ਵਾਲੀ ਗਿਣਤੀ, ਇਸਦੀ ਵਧਦੀ ਅਤੇ ਨਿਰੰਤਰ ਵਿਨਾਸ਼ਕਾਰੀ ਸੰਭਾਵਨਾ ਅਤੇ ਵਿਸ਼ਵ ਅਰਥਵਿਵਸਥਾ ਤੇ ਜੀਵਨ ਢੰਗ 'ਤੇ ਨਤੀਜੇ ਸਪੱਸ਼ਟ ਤੌਰ 'ਤੇ ਦਰਸਾਉਂਦੇ ਹਨ ਕਿ ਜੈਵਿਕ ਖ਼ਤਰਾ ਪ੍ਰਮਾਣੂ ਨਾਲੋਂ ਵੀ ਜ਼ਿਆਦਾ ਵਿਨਾਸ਼ਕਾਰੀ ਹੋ ਸਕਦਾ ਹੈ; ਕਿਉਂਕਿ ਇਹ ਵਿਸ਼ਵ ਪੱਧਰ 'ਤੇ ਆਬਾਦੀ ਵਿੱਚ ਬਣਿਆ ਰਹਿ ਸਕਦਾ ਹੈ ਅਤੇ ਫੈਲ ਸਕਦਾ ਹੈ। ਇਹ ਇੱਕ ਰਹੱਸ ਬਣਿਆ ਹੋਇਆ ਹੈ ਕਿ ਕੀ ਕੋਰੋਨਾ ਮਹਾਂਮਾਰੀ ਇੱਕ ਜੈਵਿਕ ਹਮਲਾ ਸੀ? 2 ਜਨਵਰੀ 2021 ਵਿੱਚ ਵਾਸ਼ਿੰਗਟਨ ਟਾਈਮਜ਼ ਦੁਆਰਾ ਲੇਖ ਪ੍ਰਕਾਸ਼ਿਤ ਕੀਤੇ ਗਏ ਸਨ, ਜਿਨ੍ਹਾਂ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਵਾਇਰਸ ਵੂਹਾਨ ਇੰਸਟੀਚਿਊਟ ਆਫ਼ ਵਾਇਰੋਲੋਜੀ 'ਤੇ ਆਧਾਰਤ ਇੱਕ ਚੀਨੀ ਜੈਵਿਕ ਹਥਿਆਰ ਪ੍ਰੋਗਰਾਮ ਦਾ ਹਿੱਸਾ ਸੀ; ਪਰ ਇਸ ਦਾਅਵੇ ਨੂੰ ਬੀ.ਬੀ.ਸੀ. ਅਤੇ ਬਾਅਦ ਵਿੱਚ ਵਾਸ਼ਿੰਗਟਨ ਪੋਸਟ ਦੁਆਰਾ ਰੱਦ ਕਰ ਦਿੱਤਾ ਗਿਆ ਸੀ।

ਜੈਵਿਕ ਯੁੱਧ ਦੀ ਵਰਤੋਂ ਡੂੰਘੇ ਨੈਤਿਕ ਸਵਾਲ ਖੜ੍ਹੇ ਕਰਦੀ ਹੈ। ਜਾਣ-ਬੁੱਝ ਕੇ ਨਾਗਰਿਕ ਆਬਾਦੀ ਨੂੰ ਘਾਤਕ ਬਿਮਾਰੀਆਂ ਨਾਲ ਨਿਸ਼ਾਨਾ ਬਣਾਉਣਾ ਬੁਨਿਆਦੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ। ਵਿਆਪਕ ਬਿਮਾਰੀ ਅਤੇ ਲੰਬੇ ਸਮੇਂ ਦੇ ਜਨਤਕ ਸਿਹਤ ਨਤੀਜਿਆਂ ਦੀ ਸੰਭਾਵਨਾ ਜੈਵਿਕ ਯੁੱਧ ਨੂੰ ਯੁੱਧ ਦਾ ਇੱਕ ਖਾਸ ਤੌਰ 'ਤੇ ਖ਼ਤਰਨਾਕ ਅਤੇ ਅਣ-ਮਨੁੱਖੀ ਰੂਪ ਬਣਾਉਂਦੀ ਹੈ। ਇਸ ਲਈ ਜੈਵਿਕ ਯੁੱਧ ਦੇ ਖ਼ਤਰੇ ਨੂੰ ਹੱਲ ਕਰਨ ਲਈ ਅਤੇ ਇਸਦੇ ਪ੍ਰਸਾਰ ਨੂੰ ਕੰਟਰੋਲ ਕਰਨ ਲਈ ਅੰਤਰਰਾਸ਼ਟਰੀ ਯਤਨ ਕੀਤੇ ਗਏ ਹਨ। 1972 ਵਿੱਚ ਆਯੋਜਿਤ ਜੈਵਿਕ ਹਥਿਆਰ ਸੰਮੇਲਨ, ਜੈਵਿਕ ਹਥਿਆਰਾਂ ਦੇ ਵਿਕਾਸ, ਉਤਪਾਦਨ ਅਤੇ ਭੰਡਾਰਨ 'ਤੇ ਪਾਬੰਦੀ ਲਗਾਉਂਦਾ ਹੈ।

ਅੰਤ ਵਿੱਚ ਅਸੀਂ ਇਹ ਸਿੱਟਾ ਕੱਢ ਸਕਦੇ ਹਾਂ ਕਿ ਜੈਵਿਕ ਯੁੱਧ ਵਿਸ਼ਵ ਸੁਰੱਖਿਆ ਅਤੇ ਜਨਤਕ ਸਿਹਤ ਲਈ ਇੱਕ ਗੰਭੀਰ ਖ਼ਤਰਾ ਪੈਦਾ ਕਰਦਾ ਹੈ। ਜੈਵਿਕ ਏਜੰਟਾਂ ਦੀ ਇਤਿਹਾਸਕ ਵਰਤੋਂ, ਬਾਇਓਟੈਕਨਾਲੋਜੀ ਵਿੱਚ ਤਰੱਕੀ ਅਤੇ ਜੈਵਿਕ ਅਤਿਵਾਦ ਦੀ ਸੰਭਾਵਨਾ ਇਨ੍ਹਾਂ ਹਥਿਆਰਾਂ ਦੇ ਪ੍ਰਸਾਰ ਨੂੰ ਰੋਕਣ ਲਈ ਨਿਰੰਤਰ ਅੰਤਰਰਾਸ਼ਟਰੀ ਯਤਨਾਂ ਦੀ ਜ਼ਰੂਰਤ ਨੂੰ ਉਜਾਗਰ ਕਰਦੀ ਹੈ। ਨੈਤਿਕ ਪ੍ਰਭਾਵਾਂ ਨੂੰ ਸੰਬੋਧਿਤ ਕਰਨ ਅਤੇ ਇਹ ਯਕੀਨੀ ਬਣਾਉਣ ਲਈ ਕਿ ਭਵਿੱਖ ਵਿੱਚ ਜੈਵਿਕ ਯੁੱਧ ਦੀ ਵਰਤੋਂ ਨਾ ਕੀਤੀ ਜਾਵੇ, ਇੱਕ ਵਿਆਪਕ ਪਹੁੰਚ ਦੀ ਲੋੜ ਹੈ, ਜਿਸ ਵਿੱਚ ਅੰਤਰਰਾਸ਼ਟਰੀ ਸਹਿਯੋਗ, ਸਖ਼ਤ ਤਸਦੀਕ ਵਿਧੀਆਂ ਅਤੇ ਮਨੁੱਖੀ ਅਧਿਕਾਰਾਂ ਨੂੰ ਕਾਇਮ ਰੱਖਣ ਲਈ ਵਚਨਬੱਧਤਾ ਸ਼ਾਮਲ ਹੈ। ਵੱਖ-ਵੱਖ ਤਰ੍ਹਾਂ ਦੇ ਵਿਨਾਸ਼ਕਾਰੀ ਹਥਿਆਰਾਂ ਦਾ ਟਾਕਰਾ ਕਰਨ ਲਈ, ਆਓ ਆਪਾਂ ਸਾਰੇ ਮਤਭੇਦ ਭੁਲਾ ਕੇ ਇਕੱਠੇ ਹੋਈਏ ਅਤੇ ਗੁਰਬਾਣੀ ਉਪਦੇਸ਼ ਦੀ ਪਾਲਣਾ ਕਰੀਏ, ਜਿਸ ਅਨੁਸਾਰ 'ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥'

---

*(ਖੇਤੀਬਾੜੀ ਵਿਭਾਗ, ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ, ਜਲੰਧਰ)*

## 'ਅਣਕਿਆਸੀ ਭੁੱਖ'

ਪਿਛਲੇ ਸਫੇ ਦੀ ਬਾਕੀ⇒



ਲਾਗੂ ਕਰਨ ਦਾ ਪ੍ਰਸਤਾਵ ਜਾਰੀ ਕੀਤਾ ਹੈ। ਰਿਪੋਰਟਾਂ ਦਾ ਦਾਅਵਾ ਹੈ ਕਿ ਪ੍ਰਸਤਾਵ ਦੇ ਤਹਿਤ ਨਿੱਜੀ ਠੇਕੇਦਾਰਾਂ ਦੀ ਵਰਤੋਂ ਉਨ੍ਹਾਂ ਹੱਬਾਂ ਨੂੰ ਸੁਰੱਖਿਅਤ ਕਰਨ ਲਈ ਕੀਤੀ ਜਾਵੇਗੀ, ਜਿੱਥੇ ਫਲਿਸਤੀਨੀਆਂ ਨੂੰ ਸਪਲਾਈ ਇਕੱਠੀ ਕਰਨ ਲਈ ਇਕੱਠੇ ਹੋਣ ਦੀ ਲੋੜ ਹੋਵੇਗੀ। ਯੂ.ਐਨ. ਵਰਲਡ ਫੂਡ ਪ੍ਰੋਗਰਾਮ ਦੇ ਸਾਬਕਾ ਕਾਰਜਕਾਰੀ ਨਿਰਦੇਸ਼ਕ ਡੇਵਿਡ ਬੀਸਲੇ ਗਾਜ਼ਾ ਹਿਊਮੈਨੇਟੇਰੀਅਨ ਫਾਊਂਡੇਸ਼ਨ (ਜੀ.ਐਚ.ਐਫ.) ਦੀ ਅਗਵਾਈ ਕਰਨ ਲਈ ਅਮਰੀਕਾ, ਇਜ਼ਰਾਇਲ ਅਤੇ ਹੋਰ ਮੁੱਖ ਦੇਸ਼ਾਂ ਨਾਲ ਗੱਲਬਾਤ ਕਰ ਰਹੇ ਹਨ। ਇਜ਼ਰਾਇਲ ਦੀ ਨਾਕਾਬੰਦੀ, ਜੋ ਕਿ ਐਨਕਲੇਵ 'ਤੇ ਆਪਣੀ ਬੰਬਾਰੀ ਦੁਬਾਰਾ ਸ਼ੁਰੂ ਕਰਨ ਤੋਂ ਲਗਭਗ ਦੋ ਹਫ਼ਤੇ ਪਹਿਲਾਂ ਲਾਗੂ ਕੀਤੀ ਗਈ ਸੀ, ਨੇ ਗਾਜ਼ਾ ਦੇ 2.3 ਮਿਲੀਅਨ ਫਲਿਸਤੀਨੀ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਕਈ ਵਾਰ ਵਿਸਥਾਪਿਤ ਹੋਏ ਹਨ, ਨੂੰ ਭੋਜਨ, ਬਾਲਣ ਅਤੇ ਦਵਾਈ ਦੀ ਸਖ਼ਤ ਘਾਟ ਮਹਿਸੂਸ ਹੋ ਰਹੀ ਹੈ।

ਅਮਰੀਕੀ ਯੋਜਨਾ ਤਹਿਤ ਚਾਰ 'ਸੁਰੱਖਿਅਤ ਵੰਡ ਸਥਾਨ' ਬਣਾਏ ਜਾਣਗੇ, ਹਰੇਕ ਦਾ ਉਦੇਸ਼ 300,000 ਲੋਕਾਂ ਦੀ ਸੇਵਾ ਕਰਨਾ ਹੈ। ਉੱਤਰੀ ਗਾਜ਼ਾ ਤੋਂ ਕੱਢੇ ਗਏ ਫਲਿਸਤੀਨੀਆਂ ਨੂੰ ਕੇਂਦਰਾਂ ਤੱਕ ਪਹੁੰਚਣ ਲਈ ਮੁੜ ਵਸੇਬਾ ਕਰਨ ਲਈ ਮਜਬੂਰ ਕੀਤਾ ਜਾਵੇਗਾ। ਅੰਤਰਰਾਸ਼ਟਰੀ ਸਹਾਇਤਾ ਏਜੰਸੀਆਂ ਨੂੰ ਬਾਈਪਾਸ ਕਰਨ ਦਾ ਫੈਸਲਾ ਘੇਰੇ ਹੋਏ ਖੇਤਰ ਵਿੱਚ ਅਕਾਲ ਵਰਗੀਆਂ ਸਥਿਤੀਆਂ ਪ੍ਰਤੀ ਵਧਦੀ ਚਿੰਤਾ ਦੇ ਵਿਚਕਾਰ ਆਇਆ ਹੈ, ਜਿੱਥੇ ਇਜ਼ਰਾਇਲ ਦੀ ਲਗਭਗ ਪੂਰੀ ਤਰ੍ਹਾਂ ਨਾਕਾਬੰਦੀ ਨੇ ਲਗਭਗ ਤਿੰਨ ਮਹੀਨਿਆਂ ਤੋਂ ਸਾਰੀਆਂ ਜ਼ਰੂਰੀ ਸਪਲਾਈਆਂ ਨੂੰ ਕੱਟ ਦਿੱਤਾ ਹੈ। ਗਾਜ਼ਾ ਵਿੱਚ ਸੱਠ ਦੇ ਕਰੀਬ ਫਲਿਸਤੀਨੀ ਭੁੱਖ ਨਾਲ ਮਰ ਗਏ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਪੀੜਤ ਬੱਚੇ ਹਨ, ਨਾਲ ਹੀ ਬਿਮਾਰ ਅਤੇ ਬਜ਼ੁਰਗ ਵੀ ਹਨ।

# ਵੀਹਵੀਂ ਸਦੀ ਦੀ ਵਾਰਤਕ ਦੇ ਤਲਿਸਮੀ ਰੰਗ

**ਮਾਖਿਓਂ**

**ਪਰਮਜੀਤ ਢੀਂਗਰਾ**
**ਫੋਨ:+91-9417358120**



ਮਨੁੱਖ ਨੇ ਜਦੋਂ ਭਾਸ਼ਾ ਇਜਾਦ ਕੀਤੀ ਤਾਂ ਉਹਨੂੰ ਇਹਦੇ ਵਿੱਚੋਂ ਕਈ ਸੰਭਾਵਨਾਵਾਂ ਨਜ਼ਰ ਆਈਆਂ। ਭਾਸ਼ਾ ਉਹਦੇ ਸੋਹਜ ਸਵਾਦ ਦਾ ਸਬੱਬ ਬਣਨ ਲੱਗੀ। ਰੋਮਾਂਟਿਕਤਾ ਵਿੱਚੋਂ ਮਨੁੱਖ ਨੇ ਕਾਵਿ ਬੋਲ ਸਿਰਜਣੇ ਅਰੰਭੇ। ਕੁਦਰਤ ਦੇ ਹੁਸਨ ਵਿੱਚੋਂ ਉਹ ਵਿਸਮਾਦ ਭਾਲਦਾ ਕਵੀ ਬਣ ਗਿਆ। ਜਦੋਂ ਉਹਦੀ ਭਾਸ਼ਾ ਤੇ ਵਿਚਾਰ ਏਨੇ ਸਮਰੱਥ ਹੋ ਗਏ ਕਿ ਉਹਨੂੰ ਲੱਗਣ ਲੱਗਾ ਕਵਿਤਾ ਵਿੱਚ ਸਾਰੀ ਗੱਲ ਨਹੀਂ ਕਹੀ ਜਾ ਸਕਦੀ, ਤਦ ਉਹਨੇ ਪ੍ਰਗਟਾਵੇ ਨੂੰ ਵਧੇਰੇ ਸਪਸ਼ਟ ਤੇ ਸਮਰੱਥ ਬਣਾਉਣ ਲਈ ਵਾਰਤਕ ਦੀ ਕਾਢ ਕੱਢੀ। ਹਾਲਾਂਕਿ ਸਾਰੇ ਕਲਾਸੀਕਲ ਗ੍ਰੰਥ ਕਵਿਤਾ ਵਿੱਚ ਹੀ ਮਿਲਦੇ ਹਨ। ਵਾਰਤਕ ਵਿੱਚ ਕਵਿਤਾ ਦੇ ਸੰਜਮੀ ਸੁਭਾਅ ਦੇ ਉਲਟ ਵਧੇਰੇ ਸਪੇਸ ਮਿਲ ਜਾਂਦੀ ਹੈ। ਤੁਸੀਂ ਕਿਸੇ ਵਿਚਾਰ, ਖਿਆਲ ਜਾਂ ਸਥਿਤੀ ਬਾਰੇ ਭਰਪੂਰ ਮਾਤਰਾ ਵਿੱਚ ਕਲਮ ਚਲਾ ਸਕਦੇ ਹੋ।

ਜੇ ਵਾਰਤਕ ਸ਼ਬਦ ਦੀ ਵਿਓਤਪਤੀ ਦੇਖੀਏ ਤਾਂ ਇਹ ਸੰਸਕ੍ਰਿਤ ਦੇ ਸ਼ਬਦ 'ਵਰਤਕ' ਤੋਂ ਹੋਈ ਹੈ, ਜਿਸ ਦੇ ਮੂਲ ਵਿੱਚ /ਵਰਤ੍/ ਧਾਤੂ ਪਈ ਹੈ। ਵਰਤ੍ ਜਾਂ ਵਰਤਕ ਤੋਂ ਬਣੇ ਵਾਰਤਕ ਸ਼ਬਦ ਦਾ ਅਰਥ ਹੈ- ਗੱਦ, ਨਸਰ, ਪਰੋਜ਼। ਏਸੇ ਤਰ੍ਹਾਂ ਲੇਖ ਵੀ ਸੰਸਕ੍ਰਿਤ ਦਾ ਸ਼ਬਦ ਹੈ। ਮਹਾਨ ਕੋਸ਼ ਵਿੱਚ ਇਹਦੇ ਅਰਥ ਰੇਖਾ, ਲੀਕ, ਲਿਪਿ, ਲਿਖਤ, ਤਹਿਰੀਰ, ਮਜਮੂਨ, ਭਾਗ, ਨਸੀਬ, ਹਿਸਾਬ, ਗਿਣਤੀ ਕੀਤੇ ਹਨ।

ਪੰਜਾਬੀ ਵਿੱਚ ਵਾਰਤਕ ਦਾ ਅਰੰਭ ਕਾਫੀ ਪਹਿਲਾਂ ਹੋ ਗਿਆ ਸੀ, ਜਿਸਨੂੰ ਮੱਧਕਾਲ ਦੀ ਵਾਰਤਕ ਕਿਹਾ ਜਾਂਦਾ ਹੈ। ਇਸ ਮੱਧਕਾਲੀ ਵਾਰਤਕ ਵਿੱਚ ਜਨਮ ਸਾਖੀਆਂ, ਪਰਚੀਆਂ, ਗੋਸ਼ਟਾਂ, ਟੀਕੇ, ਮਸਲੇ, ਰਹਿਤਨਾਮੇ, ਹੁਕਮਨਾਮੇ, ਪਰਮਾਰਥ, ਜੀਵਨੀਆਂ, ਇਤਿਹਾਸ, ਗੁਰਬਿਲਾਸ ਆਦਿ ਰੂਪਾਂ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ। ਪਰ ਆਧੁਨਿਕ ਵਾਰਤਕ ਰੂਪਾਂ ਦਾ ਅਰੰਭ ਪੰਜਾਬ ਵਿੱਚ ਛਾਪੇਖਾਨੇ ਤੇ ਇਸਾਈ ਮਿਸ਼ਨਰੀਆਂ ਦੇ ਆਉਣ ਤੋਂ ਬਾਅਦ ਸ਼ੁਰੂ ਹੁੰਦਾ ਹੈ। ਬਾਅਦ ਵਿੱਚ ਸਿੰਘ ਸਭਾ ਲਹਿਰ ਦੀ ਆਮਦ ਨਾਲ ਇਸਨੂੰ ਹੋਰ ਬਲ ਮਿਲਿਆ।

ਵੀਹਵੀਂ ਸਦੀ ਦੀ ਪੰਜਾਬੀ ਵਾਰਤਕ ਇਸ ਪੱਖੋਂ ਵਿਸ਼ੇਸ਼ ਧਿਆਨ ਦੀ ਮੰਗ ਕਰਦੀ ਹੈ। ਇਹ ਸਦੀ ਵਿਸ਼ਵ ਦੇ ਇਤਿਹਾਸ ਵਿੱਚ ਅਨੇਕਾਂ ਉਤਰਾਵਾਂ, ਚੜ੍ਹਾਵਾਂ ਦੀ ਗਵਾਹ ਹੈ। ਦੋ ਸੰਸਾਰ ਯੁੱਧਾਂ ਤੋਂ ਲੈ ਕੇ, ਭਾਰਤ ਦੀ ਆਜ਼ਾਦੀ ਦੀ ਲੜਾਈ, ਦੁਨੀਆ 'ਤੇ ਹਿਟਲਰ ਦੇ ਫਾਸ਼ੀਵਾਦ ਦਾ ਉਦਯ, ਯਹੂਦੀਆਂ ਦਾ ਨਰ-ਸੰਘਾਰ, ਵਿਸ਼ਵਮੰਦੀ, ਮਹਾਮਾਰੀਆਂ ਦਾ ਫੈਲਾਅ ਤੇ ਆਜ਼ਾਦ ਹੋਏ ਮੁਲਕਾਂ ਦੀ ਸਥਾਪਤੀ ਦੇ ਮਸਲੇ ਇਸ ਸਦੀ ਦੇ ਇਤਿਹਾਸ ਦੇ ਵਰਕੇ ਹਨ। ਪੰਜਾਬ ਦੀ ਗੱਲ ਕੀਤੀ ਜਾਵੇ ਤਾਂ ਪੰਜਾਬੀ ਸੂਬੇ ਦਾ ਸੰਘਰਸ਼, ਪੰਜਾਬ ਨੂੰ ਰਾਜ ਦਾ ਦਰਜਾ ਮਿਲਣਾ, ਪੰਜਾਬੀ ਦਾ ਰਾਜ ਭਾਸ਼ਾ ਬਣਨਾ, ਹਰਾ ਇਨਕਲਾਬ, ਅਤਿਵਾਦ ਦਾ ਜਨਮ, ਸਾਕਾ ਨੀਲਾ ਤਾਰਾ, ਇੰਦਰਾ ਦਾ ਕਤਲ ਤੇ ਸਿੱਖ ਕਤਲੇਆਮ ਪੰਜਾਬ ਦੇ ਇਤਿਹਾਸ ਦੇ ਉਥਲ ਪੁੱਥਲ ਦੇ ਦੌਰ ਵਿੱਚੋਂ ਜਨਮੇ ਅਨੇਕਾਂ ਮਸਲੇ ਹਨ, ਜੋ ਇੱਕੀਵੀਂ ਸਦੀ ਵਿੱਚ ਵਿਕਰਾਲ ਰੂਪ ਧਾਰਦੇ ਨਜ਼ਰ ਆਉਂਦੇ ਹਨ।

ਪਿਛਲੀ ਸਦੀ ਦੇ ਪੰਜਾਬੀ ਲੇਖਕਾਂ ਨੇ ਵਾਰਤਕ ਦੇ ਵਿਸ਼ੇਸ਼ ਰੂਪ ਲੇਖ ਅਥਵਾ ਨਿਬੰਧ ਨੂੰ ਤਵੱਜੋ ਦਿੱਤੀ। ਹਥਲੀ ਕਿਤਾਬ ਵਿੱਚ ਇਨ੍ਹਾਂ ਦੀ ਨਿਸ਼ਾਨਦੇਹੀ ਕਰਨ ਦਾ ਸਾਰਥਕ ਉਪਰਾਲਾ ਕੀਤਾ ਗਿਆ ਹੈ। ਅਮਰਜੀਤ ਚੰਦਨ ਪੰਜਾਬੀ ਦੇ ਵੱਖਰੇ ਕਾਵਿ-ਮੁਹਾਂਦਰੇ ਤੇ ਵਾਰਤਕ ਵਾਲਾ ਰਚਨਾਕਾਰ ਹੈ। ਉਹਦੀ ਕਵਿਤਾ ਤੇ ਵਾਰਤਕ ਬੜੀ ਸੰਜਮੀ ਤੇ ਸ਼ੈਲੀਮੁਖ ਰੂਪ ਵਾਲੀ ਹੈ। ਏਸੇ ਕਰਕੇ ਜਦੋਂ ਉਹਨੇ 'ਸਿਰਲੇਖ' ਨਾਂ ਦੀ ਕਿਤਾਬ ਦੀ ਸੰਪਾਦਨਾ ਲਈ ਚੋਣ ਕੀਤੀ ਤਾਂ ਬੜੀ ਸੂਝ-ਬੂਝ ਨਾਲ ਹਰ ਵਾਰਤਕਕਾਰ ਦੀ ਵਧੀਆ ਤੇ ਪ੍ਰਭਾਵਸ਼ਾਲੀ ਕਿਰਤ ਨੂੰ ਚੁਣਿਆ। ਭਾਈ ਕਾਨ੍ਹ ਸਿੰਘ ਨਾਭਾ ਤੋਂ ਲੈ ਕੇ ਭਾਈ ਵੀਰ ਸਿੰਘ, ਭਾਈ ਰਣਧੀਰ ਸਿੰਘ, ਬਾਵਾ ਬੁੱਧ ਸਿੰਘ, ਪੂਰਨ ਸਿੰਘ, ਮਾਸਟਰ ਤਾਰਾ ਸਿੰਘ, ਸਰਦੂਲ ਸਿੰਘ ਕਵੀਸ਼ਰ, ਲਾਲ ਸਿੰਘ ਕਮਲਾ ਅਕਾਲੀ, ਸਾਹਿਬ ਸਿੰਘ, ਭਾਈ ਸੰਤੋਖ ਸਿੰਘ, ਨਿਰੰਜਨ ਸਿੰਘ, ਬਲਬੀਰ ਸਿੰਘ, ਤੇਜਾ ਸਿੰਘ, ਗੁਰਬਖਸ਼ ਸਿੰਘ, ਨਾਨਕ ਸਿੰਘ, ਸੋਹਣ ਸਿੰਘ ਜੋਸ਼, ਸੰਤ ਸਿੰਘ ਸੇਖੋਂ, ਸ.ਸ. ਅਮੋਲ, ਮਹਿੰਦਰ ਸਿੰਘ ਰੰਧਾਵਾ, ਕਪੂਰ ਸਿੰਘ, ਈਸ਼ਵਰ ਚਿੱਤਰਕਾਰ, ਬਲਰਾਜ ਸਾਹਨੀ, ਬਾਵਾ ਬਲਵੰਤ, ਬਲਵੰਤ ਗਾਰਗੀ, ਹਰਿਭਜਨ ਸਿੰਘ, ਗਿਆਨੀ ਗੁਰਦਿੱਤ ਸਿੰਘ, ਸ.ਸ. ਵਣਜਾਰਾ ਬੇਦੀ, ਅਤਰ ਸਿੰਘ, ਹਰਿੰਦਰ ਸਿੰਘ ਮਹਿਬੂਬ ਤੇ ਅਮਰਜੀਤ ਚੰਦਨ ਸਮੇਤ ਕੁਲ 36 ਲੇਖਕਾਂ ਦੇ ਲੇਖ ਸ਼ਾਮਲ ਹਨ।

ਇਹ ਸਾਰੇ ਲੇਖਕ ਵਾਰਤਕ ਰੂਪਾਂ ਦੀ ਸੁਚੇਤ/ਅਚੇਤ ਰੂਪ ਵਿੱਚ ਵਰਤੋਂ ਕਰਦੇ ਰਹੇ ਹਨ। ਇਨ੍ਹਾਂ ਵਿੱਚੋਂ ਕੁਝ ਤਾਂ ਵਾਰਤਕਕਾਰ ਵਜੋਂ ਪ੍ਰਸਿੱਧ ਹੋਏ, ਕੁਝ ਆਲੋਚਕਾਂ ਵਜੋਂ ਤੇ ਕੁਝ ਨਾਵਲਕਾਰ, ਚਿੱਤਰਕਾਰ ਤੇ ਭਾਸ਼ਾ ਵਿਓਤਪਤੀ ਪੱਖੋਂ ਕਾਰਜਸ਼ੀਲ ਰਹੇ। ਇਨ੍ਹਾਂ ਨੇ ਪੰਜਾਬੀ ਵਾਰਤਕ ਨੂੰ ਵਿਸ਼ੇ, ਸ਼ੈਲੀ, ਭਾਸ਼ਾ ਤੇ ਗਿਆਨ ਪੱਖੋਂ ਭਰਪੂਰ ਕੀਤਾ। ਇਹ ਸੰਪਾਦਕ ਦੀ ਚੋਣ ਹੈ, ਹਾਲਾਂਕਿ ਹੀਰਾ ਸਿੰਘ ਦਰਦ ਵਰਗੇ ਕੁਝ ਹੋਰ ਵਾਰਤਕ ਲੇਖਕ ਇਸ ਵਿੱਚ ਸ਼ਾਮਲ ਹੋਣੋਂ ਰਹਿ ਗਏ ਹਨ। ਇਸ ਵਾਰਤਕ ਨੇ ਨਵੇਂ ਵਾਰਤਕ ਰੂਪਾਂ ਦੀ ਸਿਰਜਣਾ ਲਈ ਨੀਂਹ ਦਾ ਕੰਮ ਕੀਤਾ।

ਇਤਿਹਾਸਕ ਤੌਰ 'ਤੇ ਇਸ ਵਾਰਤਕ ਦਾ ਸਮਕਾਲ ਵਧੇਰੇ ਕਰਕੇ ਬਸਤੀਵਾਦੀ ਦੌਰ ਅਤੇ ਸਮਾਜਕ ਤੇ ਧਾਰਮਿਕ ਤੌਰ 'ਤੇ ਪੁਨਰ ਜਾਗਰਤੀ ਦਾ ਕਾਲ ਹੈ। ਇਸ ਲਈ ਇਸ ਵਾਰਤਕ ਵਿੱਚ ਧਾਰਮਿਕ, ਸਮਾਜਕ ਤੇ ਸਾਹਿਤਕ ਵਿਸ਼ਿਆਂ ਨੂੰ ਵਿਸ਼ੇਸ਼ ਤਰਤੀਬ ਵਿੱਚ ਪੇਸ਼ ਕੀਤਾ ਹੈ। ਮਸਲਨ ਭਾਈ ਕਾਨ੍ਹ ਸਿੰਘ ਨਾਭਾ ਦੇ ਲੇਖ 'ਕੀਰਤਨ' ਨੂੰ ਲਿਆ ਜਾ ਸਕਦਾ ਹੈ। ਇਹ ਕੀਰਤਨ ਦੇ ਅਰਥਾਂ ਤੋਂ ਲੈ ਕੇ ਉਹਦੇ ਮਹੱਤਵ, ਪਰੰਪਰਾ, ਰਾਗ ਪ੍ਰਣਾਲੀ ਤੇ ਮਰਿਆਦਾ ਦੀ ਗੱਲ ਕਰਦਾ ਹੈ। ਭਾਈ ਸਾਹਿਬ ਨੇ ਗੁਰਮਤਿ ਦੇ ਆਸ਼ੇ ਨੂੰ ਸਾਹਮਣੇ ਰੱਖ ਕੇ ਇਸ ਗਿਆਨਮਈ ਲੇਖ ਦੀ ਰਚਨਾ ਕੀਤੀ ਹੈ। ਇਹਦੀ ਵੰਨਗੀ ਦੇਖੀ ਜਾ ਸਕਦੀ ਹੈ:



■ ਅਮਰਜੀਤ ਚੰਦਨ

> *ਪੰਜਾਬ ਦੀ ਗੱਲ ਕੀਤੀ ਜਾਵੇ ਤਾਂ ਪੰਜਾਬੀ ਸੂਬੇ ਦਾ ਸੰਘਰਸ਼, ਪੰਜਾਬ ਨੂੰ ਰਾਜ ਦਾ ਦਰਜਾ ਮਿਲਣਾ, ਪੰਜਾਬੀ ਦਾ ਰਾਜ ਭਾਸ਼ਾ ਬਣਨਾ, ਹਰਾ ਇਨਕਲਾਬ, ਅਤਿਵਾਦ ਦਾ ਜਨਮ, ਸਾਕਾ ਨੀਲਾ ਤਾਰਾ, ਇੰਦਰਾ ਦਾ ਕਤਲ ਤੇ ਸਿੱਖ ਕਤਲੇਆਮ ਪੰਜਾਬ ਦੇ ਇਤਿਹਾਸ ਦੇ ਉਥਲ ਪੁੱਥਲ ਦੇ ਦੌਰ ਵਿੱਚੋਂ ਜਨਮੇ ਅਨੇਕਾਂ ਮਸਲੇ ਹਨ, ਜੋ ਇੱਕੀਵੀਂ ਸਦੀ ਵਿੱਚ ਵਿਕਰਾਲ ਰੂਪ ਧਾਰਦੇ ਨਜ਼ਰ ਆਉਂਦੇ ਹਨ।*

"ਇਸ ਵੇਲੇ ਅਸੀਂ ਕੀਰਤਨ ਦੀ ਮਰਯਾਦਾ ਨੂੰ ਬਹੁਤ ਉਲੰਘਣ ਕਰ ਗਏ ਹਾਂ, ਚੰਚਲ ਧਾਰਨਾ ਨੇ ਅਸਾਡੇ ਮਨ ਅਜਿਹੇ ਚੰਚਲ ਕਰ ਦਿੱਤੇ ਹਨ ਕਿ ਗੰਭੀਰਤਾ ਅਤੇ ਸ਼ਾਂਤਿ ਭਾਵ ਘੱਟ ਹੀ ਨਜ਼ਰ ਪੈਂਦੇ ਹਨ, ਸਾਰੇ ਗੁਰ ਸਿੱਖਾਂ ਨੂੰ ਯਤਨ ਕਰਨਾ ਲੋੜੀਏ ਕਿ ਭਾਈ ਮਰਦਾਨੇ ਅਤੇ ਨਿਵਲੇ-ਨਿਹਾਲੂ ਦਾ ਇਲਾਹੀ ਕੀਰਤਨ ਮੁੜ ਜਾਰੀ ਹੋਵੇ, ਜਿਸ ਤੋਂ ਨਾਮ ਅਭਯਾਸੀਆਂ ਦੀ ਵ੍ਰਿਤਿ 'ਹਰਿ ਲਿਵ ਮੰਡਲ' ਦਾ ਅਨੰਦ ਮਾਣੇ।"

ਵਾਰਤਕ ਖੇਤਰ ਵਿੱਚ ਭਾਈ ਵੀਰ ਸਿੰਘ ਦਾ ਨਾਂ ਬੜਾ ਉੱਘਾ ਹੈ। ਉਹ ਪੰਜਾਬੀ ਸਾਹਿਤ ਦੀ ਉੱਚ-ਦਮਾਲੜੀ ਸ਼ਖਸੀਅਤ ਸਨ। ਨਿੱਕੀ ਕਵਿਤਾ ਤੇ ਨਾਵਲ ਦਾ ਉਨ੍ਹਾਂ ਨੂੰ ਮੋਢੀ ਮੰਨਿਆ ਜਾਂਦਾ ਹੈ। ਉਨ੍ਹਾਂ ਨੇ ਪੰਜਾਬੀ ਭਾਸ਼ਾ ਤੋਂ ਲੈ ਕੇ ਸਾਹਿਤ, ਧਰਮ ਤੇ ਸਮਕਾਲੀ ਸਰੋਕਾਰਾਂ ਬਾਰੇ ਵੱਡੀ ਗਿਣਤੀ ਵਿੱਚ ਲੇਖ ਲਿਖੇ ਹਨ। ਉਹ ਉੱਘੇ ਸੰਪਾਦਕ ਤੇ ਕੋਸ਼ਕਾਰ ਵੀ ਸਨ। ਉਨ੍ਹਾਂ ਦੀ ਵਾਰਤਕ ਬੜੀ ਸੰਜਮੀ ਤੇ ਨਪੇ-ਤੁਲੇ ਖਾਸੇ ਵਾਲੀ ਹੈ। ਇਸ ਕਿਤਾਬ ਵਿੱਚ ਸ਼ਾਮਲ ਉਨ੍ਹਾਂ ਦਾ ਲੇਖ 'ਹੱਕ ਤੇ ਫ਼ਰਜ਼' ਬੜਾ ਵਿਚਾਰ ਉਤੇਜਕ ਹੈ:

'ਹੱਕ' 'ਹੱਕ' ਕੂਕਣ ਵਾਲਾ ਤਾਂ ਹਰ ਕੋਈ ਹੈ, ਅਰ 'ਹੱਕ' ਦੀ ਧੁਨ ਤੇ 'ਹੱਕ' ਦੇ ਨਾਮ ਹੇਠਾਂ ਪਾਪ, ਧੱਕੇ ਤੇ ਜ਼ੁਲਮ ਕਰਨ ਵਾਲੇ ਅਨੇਕਾਂ ਹੀ ਪੈਦਾ ਹੋ ਜਾਂਦੇ ਹਨ; ਤਦ ਉਸ ਸੁਸਾਇਟੀ (ਭਾਈਚਾਰੇ) ਵਿੱਚ ਜ਼ੁਲਮ ਸ਼ੁਰੂ ਹੋ ਜਾਂਦਾ ਹੈ। ਉਸ ਜ਼ੁਲਮ ਦੇ ਰੋਕਣ ਲਈ ਹੱਕ ਪਛਾਣਨ ਵਾਲੇ ਜਥੇਬੰਦੀ ਕਾਇਮ ਕਰਦੇ ਹਨ ਤੇ ਰਾਜ ਦਾ ਸਿਲਸਿਲਾ ਤੋਰਦੇ ਹਨ, ਜਿਸ ਦੇ ਜ਼ਰੀਏ ਦੇਸ਼ ਵਿੱਚ ਨਹੱਕਾ ਧੱਕਾ ਕਰਨ ਵਾਲੇ ਡੰਡੇ ਦੇ ਜ਼ੋਰ ਨਾਲ ਅਰ ਸਜ਼ਾ ਦੇ ਭੈ ਦੇ ਕਾਰਣ ਆਪਣਾ 'ਫ਼ਰਜ਼' ਪਛਾਣਨ ਲਈ ਮਜਬੂਰ ਕੀਤੇ ਜਾਂਦੇ ਹਨ।

ਬਾਵਾ ਬੁੱਧ ਸਿੰਘ ਪੰਜਾਬੀ ਦੇ ਪਹਿਲੇ ਆਲੋਚਕ ਹਨ, ਜਿਨ੍ਹਾਂ ਨੇ ਪੰਜਾਬੀ ਸਾਹਿਤ ਦੀ ਸਾਂਭ-ਸੰਭਾਲ ਦੇ ਮੁਢਲੇ ਯਤਨ ਕੀਤੇ। ਉਨ੍ਹਾਂ ਕੋਲ ਸਾਹਿਤ ਨੂੰ ਦੇਖਣ/ਪਰਖਣ ਤੇ ਵਾਚਣ ਦੀ ਆਪਣੀ ਦ੍ਰਿਸ਼ਟੀ ਸੀ। ਕਾਵਿਕਤਾ ਉਨ੍ਹਾਂ ਦੀ ਵਾਰਤਕ ਦਾ ਮੁੱਖ ਲੱਛਣ ਹੈ:

"ਮੈਂ ਜਦ ਉਸ ਸੁੰਦਰਤਾ ਦੀ ਦੇਵੀ, ਨੂਰ ਦੇ ਸ਼ੋਹਲੇ ਵੱਲ ਤੱਕਿਆ ਤਾਂ ਮੇਰੇ ਅੰਦਰਲੇ ਕਪਾਟ ਖੁਲ੍ਹ ਗਏ। ਝੱਟ ਮੇਰੀ ਅੱਖ ਖੁਲ੍ਹੀ, ਪਰੀਆਂ ਤੇ ਗਈਆਂ, ਪਰ ਰੱਬੀ ਰਾਗ, ਛਣਕਾਰ ਤੇ ਨੂਰ ਦੀ ਝਾਕੀ ਮੇਰੀਆਂ ਅੱਖਾਂ ਅੱਗੇ ਹੀ ਰਹੀ। ਜਿਧਰ ਤੱਕਾਂ ਡਲ, ਪਹਾੜ, ਮੈਦਾਨ, ਤਾਰੇ, ਅਕਾਸ਼ ਸਭ ਮੇਰੇ ਮਿਤ੍ਰ ਜਾਪਣ। ਹੱਸਣ ਤੇ ਪਯਾਰ ਦੇ ਸੁਨੇਹੇ ਦੇਣ। ਡਲ ਸਾਫ ਦਿਲੀ ਦਾ ਸੁਨੇਹਾ ਦੇਵੇ। ਚਸ਼ਮੇ ਤੇ ਨਾਲੇ, ਆਪਣੀ ਸੁਰੀਲੀ ਧੁਨੀ ਨਾਲ ਉਸ ਰਚਨਹਾਰ ਦੇ ਗੁਣ ਗਾਨ।"

ਪੂਰਨ ਸਿੰਘ ਪੰਜਾਬੀ ਦਾ ਅਲਬੇਲਾ ਸ਼ਾਇਰ ਤੇ ਅਗੰਮੀ ਰਮਜ਼ਾਂ ਦਾ ਵਾਰਤਕ ਲੇਖਕ ਹੈ। ਪੰਜਾਬ ਸਮੁੱਚਤਾ ਵਿੱਚ ਉਹਦੇ ਅਚੇਤਨ ਵਿੱਚ ਵਸਿਆ ਹੋਇਆ ਹੈ। ਉਹਦੀ ਵਾਰਤਕ ਪੰਜਾਬ ਦੇ ਦਰਿਆਵਾਂ ਵਾਂਗ ਲੰਮੇ ਵਹਿਣਾਂ ਵਿੱਚ ਵਹਿੰਦੀ ਤੁਰੀ ਜਾਂਦੀ ਹੈ। ਉਹਦੇ ਕੋਲ ਸ਼ਬਦਾਂ ਦਾ ਹੜ੍ਹ ਹੈ ਤੇ ਇਸ ਵਿੱਚ ਉਹ ਸ਼ਬਦ ਧੁਨੀ ਵਾਂਗ ਖਿਆਲਾਂ ਦੀਆਂ ਲੜੀਆਂ ਸਿਰਜਦਾ ਜਾਂਦਾ ਹੈ। 'ਪਿਆਰ' ਉਹਦਾ ਬੜਾ ਚਰਚਿਤ ਲੇਖ ਹੈ, ਜਿਸ ਵਿੱਚ ਉਹ ਇਸਨੂੰ ਵੱਖਰੇ ਅੰਦਾਜ਼ ਵਿੱਚ ਪਰਿਭਾਸ਼ਿਤ ਕਰਨ ਦੇ ਨਾਲ ਨਾਲ ਉਹਦੀ ਪ੍ਰਕਿਰਤੀ ਤੇ ਗੁਣਾਂ ਦਾ ਵੀ ਵਰਨਣ ਕਰਦਾ ਹੈ:

"ਪਿਆਰ ਮੱਲੋ-ਮੱਲੀ ਰਾਹ ਜਾਂਦਿਆਂ ਪੈਂਦੇ ਹਨ, 'ਨਿੰਹੁ ਨਾ ਲੱਗਦੇ ਜੋਰੀਂ।' ਇਹ ਇੱਕ ਅੰਦਰੋਂ ਅੰਦਰ ਦੀ ਲਗਾਤਾਰ ਖਿੱਚ ਹੈ। ਜਿਹੜੀ ਪਹਿਲਾਂ ਤਾਂ ਕਦੀ-ਕਦੀ ਇਉਂ ਪੈਂਦੀ ਹੈ, ਜਿਵੇਂ ਉਡਾਣ ਵਾਲੇ ਦਾ ਹੱਥ ਚੜ੍ਹੀ ਗੁੱਡੀ ਦੀ ਡੋਰ ਨੂੰ ਖਿੱਚਦਾ ਹੈ। ਤੇ ਇਉਂ ਇਲਾਹੀ ਤਣੁਕੇ ਖਾ ਖਾ ਪਿਆਰ ਇੱਕ ਲਗਾਤਾਰ ਦਰਦ ਦੀ ਸ਼ਕਲ ਵਿੱਚ ਅੰਦਰ ਵੱਸਣ ਲੱਗ ਜਾਂਦਾ ਹੈ।"

ਤੇਜਾ ਸਿੰਘ ਪੰਜਾਬੀ ਦਾ ਉੱਘਾ ਵਾਰਤਕਕਾਰ ਹੈ। ਉਹਦੀ ਵਾਰਤਕ ਦਾ ਵੱਡਾ ਗੁਣ ਗਲਪੀ ਰਸ ਵਾਲੀ ਸ਼ੈਲੀ ਹੈ। ਉਹ ਨਿੱਕੀਆਂ ਨਿੱਕੀਆਂ ਗੱਲਾਂ 'ਤੇ ਲੇਖ ਲਿਖਣ ਵਿੱਚ ਮਾਹਿਰ ਹੈ। ਇਸ ਕਿਤਾਬ ਵਿੱਚ 'ਲੋਕ ਭਰਮ' ਨਾਂ ਦਾ ਉਹਦਾ ਲੇਖ ਇਸ ਗੱਲ ਦੀ ਗਵਾਹੀ ਹੈ:

"ਜਦ ਦੋ ਬਿੱਲੀਆਂ ਆਪੋ ਵਿੱਚ ਘੂਰ ਘੂਰ ਕੇ ਵੇਂਹਦੀਆਂ ਤੇ ਫਿਰ ਹੱਥੋਪਾਈ ਕਰਦਿਆਂ ਮਿਆਂਕਦੀਆਂ ਹਨ, ਤਾਂ ਹੂਬਹੂ ਸਾਡੇ ਗੁਆਂਢੀਆਂ ਵਾਕਰ ਕਰਦੀਆਂ ਹਨ। ਫੇਰ ਅਸੀਂ ਵੇਖਦੇ ਹਾਂ ਕਿ ਹੋਰ ਕੋਈ ਜਨੌਰ ਨਿੱਛ ਨਹੀਂ ਮਾਰਦਾ, ਪਰ ਬਿੱਲੀ ਦੀ ਨਿੱਛ ਆਦਮੀ ਵਰਗੀ ਹੁੰਦੀ ਹੈ। ਇਸ ਲਈ 'ਬਿੱਲੀ ਨਿੱਛ ਗਈ' ਦਾ ਉਹੀ ਅਸਰ ਮੰਨਿਆ ਜਾਂਦਾ ਹੈ, ਜੋ ਆਦਮੀ ਦੇ ਨਿੱਛਣ ਦਾ।"

ਗੁਰਬਖਸ਼ ਸਿੰਘ ਪ੍ਰੀਤਲੜੀ ਪੰਜਾਬੀ ਵਿੱਚ ਨਵੀਆਂ ਪੈੜਾਂ ਪਾਉਣ ਵਾਲਾ ਲੇਖਕ ਹੈ। ਉਹਨੇ ਪਹਿਲੀ ਵਾਰ ਪੰਜਾਬੀ ਵਿੱਚ ਵਹਿਮਾਂ ਭਰਮਾਂ ਤੋਂ ਉਲਟ ਵਿਗਿਆਨਕ ਤੇ ਪਿਆਰ ਦੇ ਖੁਲ੍ਹੇ ਡੁਲ੍ਹੇ ਪ੍ਰਗਟਾ ਵਾਲੀ ਨਿਬੰਧਕਾਰੀ ਕੀਤੀ। ਉਹਨੂੰ ਸ਼ਬਦਾਂ ਦਾ ਜਾਦੂਗਰ ਕਿਹਾ ਜਾਂਦਾ ਹੈ। ਉਹਦੀ ਸ਼ੈਲੀ ਨਿਵੇਕਲੀ ਤੇ ਉਹਦੇ ਸੁਭਾਅ ਅਨੁਸਾਰ ਸਪਸ਼ਟ ਖਿਆਲਾਂ ਦੀ ਧਾਰਨੀ ਹੈ। ਉਹ ਮਜ਼੍ਹਬੀ ਵਲਗਣਾਂ ਨੂੰ ਉਚਿਤ ਨਹੀਂ ਸੀ ਮੰਨਦਾ। ਉਹਦੇ ਅਨੁਸਾਰ ਮਨੁੱਖ ਦਾ ਸਭ ਤੋਂ ਉੱਚਾ ਸੁੱਚਾ ਧਰਮ ਉਹਦਾ ਆਚਰਣ ਹੈ। ਇਸ ਕਿਤਾਬ ਵਿੱਚ ਸ਼ਾਮਲ ਉਹਦਾ ਲੇਖ 'ਕੁਦਰਤੀ ਮਜ਼੍ਹਬ' ਉਹਦੇ ਖਿਆਲਾਂ ਦੀ ਪੁਸ਼ਟੀ ਕਰਦਾ ਹੈ:

"ਮਜ਼੍ਹਬੀ ਗੋਰਖ ਧੰਦਾ ਏਡਾ ਪੇਚਦਾਰ ਬਣਾ ਦਿੱਤਾ ਗਿਆ ਹੈ ਕਿ ਇਸ ਦੀਆਂ ਮੰਗਾਂ ਨੇ ਆਤਮਾ ਨੂੰ ਬਿਲਕੁਲ ਚਕਨਾਚੂਰ ਕਰ ਦਿੱਤਾ ਹੈ। ਸਾਧੂ, ਪੀਰ, ਫਕੀਰ, ਪਾਠ, ਯੋਗ, ਜਗਰਾਤੇ, ਫੁੱਲ, ਪਤਾਸ਼ੇ, ਪ੍ਰਸ਼ਾਦ, ਪ੍ਰਕਰਮਾ, ਸੁੱਖਣਾ, ਭੋਰੇ, ਜਪ, ਤਪ, ਇਸ਼ਨਾਨ-ਇਨ੍ਹਾਂ ਸਭਨਾਂ ਨੇ ਮਨੁੱਖੀ ਆਤਮਾ ਨੂੰ ਇੱਕ ਤਰਸ-ਯੋਗ ਜਿਹੀ ਹਸਤੀ ਬਣਾ ਦਿੱਤਾ ਹੈ-ਗਲ ਵਿੱਚ ਪੱਲਾ, ਅੱਖਾਂ ਨੀਵੀਆਂ, ਪ੍ਰਾਧੀਨ ਜਿਹੀ ਬੋਲੀ, ਸਰਾਪਾਂ ਦਾ ਸਹਿਮ, ਮਿਹਰਾਂ ਦੀ ਆਸ, ਸਵੈ-ਭਰੋਸੇ ਦੀ ਅਣਹੋਂਦ, ਦਲੇਰੀ ਤੇ ਖੇੜੇ ਨੂੰ ਜੁਰਮ ਸਮਝਣਾ, ਫੂਕ ਫੂਕ ਕੇ ਹਰੇਕ ਕਦਮ ਚੁੱਕਣਾ, ਅੱਗੇ ਦਾ ਸਹਿਮ, ਪਿਛੇ ਦਾ ਭੁਗਤਾਨ।"

ਚਿੱਤਰ ਕਲਾ ਬਾਰੇ ਪੰਜਾਬੀ ਵਿੱਚ ਬੜਾ ਘੱਟ ਲਿਖਿਆ ਗਿਆ ਹੈ। ਹਰਿੰਦਰ ਸਿੰਘ ਰੂਪ ਮੂਲ ਰੂਪ ਵਿੱਚ ਕਵੀ ਹੈ। ਏਸੇ ਕਰਕੇ ਉਹਨੇ ਜਿਹੜੇ ਲੇਖ ਲਿਖੇ ਹਨ, ਉਨ੍ਹਾਂ ਵਿੱਚ ਕਾਵਿਕਤਾ ਝਲਕਦੀ ਨਜ਼ਰ ਆਉਂਦੀ ਹੈ। 'ਚਿੱਤਰ ਕਲਾ ਦੀ ਸਮਰੱਥਾ' ਨਾਂ ਦਾ ਉਹਦਾ ਲੇਖ ਇਸ ਕਿਤਾਬ ਵਿੱਚ ਸ਼ਾਮਲ ਹੈ, ਜਿਸ ਰਾਹੀਂ ਉਹ ਕਲਾ ਦੀ ਕੋਮਲਤਾ ਨੂੰ ਕਾਵਿ ਸ਼ਬਦਾਂ ਦੀਆਂ ਛੋਹਾਂ ਦੇਂਦਾ ਹੈ:

"ਆਰਟ ਦਾ ਪਸਾਰਾ ਬੜਾ ਹੈ, ਮਾਮੂਲੀ ਪੱਤੀ ਲਵੋ, ਉਸ ਵਿੱਚ ਢਬ ਨਾਲ ਖ਼ਤ ਲੱਗੇ ਹੋਏ ਹਨ। ਇਹ ਖ਼ਤ ਕੀ ਹਨ-ਆਰਟ। ਏਸ ਆਰਟ ਨੇ ਸੁੰਦਰਤਾ ਪੈਦਾ ਕੀਤੀ ਹੈ, ਪੱਤੀ ਵਿੱਚ ਲੀਕਾਂ ਨਾਲ ਜਾਨ ਪਾ ਦਿੱਤੀ ਹੈ, ਨਹੀਂ ਤਾਂ ਪੱਤੀ ਇੱਕ ਬੇਜਾਨ ਜਿਹੀ ਡੋਲੀ ਲੱਗਣੀ ਸੀ, ਸੋਹਣੀ ਨਹੀਂ ਸੀ ਹੋਣੀ। ਦਰਿਆ ਦੀ ਲਹਿਰ ਵੇਖੋ ਲਗ ਤੇ ਚੜ੍ਹਾ ਵਿੱਚ ਸੁੰਦਰਤਾ ਹੈ, ਸੋ ਏਥੇ ਆਰਟ ਹੈ। ਆਰਟ ਸੁੰਦਰਤਾ ਦਾ ਨਾਂ ਹੈ।"

ਮਹਿੰਦਰ ਸਿੰਘ ਰੰਧਾਵਾ ਵਿਗਿਆਨੀ ਹੋਣ ਦੇ ਨਾਲ ਨਾਲ ਪੰਜਾਬੀ ਸਭਿਆਚਾਰ ਦਾ ਅਲੰਬਰਦਾਰ ਸੀ। ਉਹਨੂੰ ਪੇਂਡੂ ਰਹਿਤਲ ਦਾ ਬੜਾ ਬਾਰੀਕ ਗਿਆਨ ਸੀ। ਉਹਨੇ ਪੰਜਾਬ ਵਿੱਚ ਸਭਿਆਚਾਰ ਨੂੰ ਸਾਂਭਣ ਲਈ ਵੱਡੀ ਮਾਤਰਾ ਵਿੱਚ ਲੇਖ ਲਿਖੇ ਤੇ ਕਿਤਾਬਾਂ ਸੰਪਾਦਿਤ ਕੀਤੀਆਂ। ਹਥਲੀ ਕਿਤਾਬ ਵਿੱਚ ਉਹਦਾ ਲੇਖ ਦੁਆਬੇ ਦੇ ਸਭਿਆਚਾਰ ਨਾਲ ਸੰਬੰਧਿਤ ਹੈ, ਜਿਸ ਵਿੱਚੋਂ ਸਮੁੱਚੇ ਪੰਜਾਬ ਦੇ ਦਰਸ਼ਨ ਕੀਤੇ ਜਾ ਸਕਦੇ ਹਨ:

"ਪੰਦਰਾਂ ਵੀਹ ਬੂਟਿਆਂ ਦੇ ਅੰਬ ਚੂਪ ਲੈਂਦੇ ਤਾਂ ਪਤਾ ਲੱਗ ਜਾਂਦਾ ਕਿ ਸਭ ਤੋਂ ਸੁਆਦੀ ਅੰਬ ਕਿਹੜੇ ਬੂਟੇ ਦੇ ਹਨ। ਫੇਰ ਉਸੇ ਬੂਟੇ ਦੇ ਅੰਬਾਂ ਦਾ ਟੋਕਰਾ ਮੰਗਵਾ ਲੈਂਦੇ ਤੇ ਠੰਡੇ ਪਾਣੀ ਵਿੱਚ ਧੋ ਕੇ ਬਾਲਟੀ ਭਰ ਲੈਂਦੇ। ਇਨ੍ਹਾਂ ਹੁਸ਼ਿਆਰਪੁਰੀ ਪਿੰਡਾਂ ਦਾ ਠੰਢਾ ਪਾਣੀ ਵੀ ਨਿਆਮਤ ਹੈ। ਗਰਮੀਆਂ ਵਿੱਚ ਵੀ ਐਨਾ ਠੰਢਾ, ਜੇ ਨਹਾਓ ਤਾਂ ਕਾਂਬਾ ਲੱਗ ਜਾਵੇ। ਅੰਬਾਂ ਨੂੰ ਠੰਢਾ ਕਰਕੇ ਰੱਜ ਕੇ ਚੂਪਣਾ। ਕੋਈ ਖੱਟ ਮਿੱਠਾ, ਕੋਈ ਖੱਟਾ, ਕੋਈ ਸੌਂਫੀਆ।"

ਪੰਜਾਬੀ ਵਿੱਚ ਗਿਆਨ ਮੂਲਕ ਵਾਰਤਕ ਜੋ ਫਲਸਫੇ ਦੀਆਂ ਪਰਤਾਂ ਖੋਲ੍ਹਣ ਵਾਲੀ ਹੈ, ਲਿਖਣ ਦਾ ਸੇਹਰਾ ਕਪੂਰ ਸਿੰਘ ਨੂੰ ਜਾਂਦਾ ਹੈ। ਇਸ ਕਿਤਾਬ ਵਿੱਚ ਉਨ੍ਹਾਂ ਦਾ ਲੇਖ 'ਗੁਰੂ ਨਾਨਕ ਦੇ ਸਮੇਂ ਦੀ ਸਮੱਸਿਆ' ਇਹੋ ਜਿਹੇ ਵਿਸ਼ੇ ਨਾਲ ਸੰਬੰਧਿਤ ਹੈ। ਉਹ ਸਾਹਿਤ, ਦਰਸ਼ਨ ਤੇ ਇਤਿਹਾਸ ਦੀ ਫੋਲਾਫਾਲੀ ਕਰਕੇ ਆਪਣੇ ਤਰਕ ਨੂੰ ਪੇਸ਼ ਕਰਦਾ ਹੈ। ਉਹਦੀ ਸ਼ੈਲੀ ਬੌਧਿਕ ਖਾਸੇ ਵਾਲੀ ਹੈ:

ਮੈਨੂੰ ਖਿਆਲ ਆਇਆ ਕਿ ਅੱਜ ਤੋਂ 5000 ਸਾਲ ਪਹਿਲਾਂ ਵੀ ਇਹੋ ਜਿਹੀ ਹਾਲਤ ਹੀ ਹੋਵੇਗੀ ਜਾਂ ਫਿਰ ਇਹ ਐਵੇਂ ਗੱਲ ਕਰਨ ਦਾ ਇੱਕ ਢੰਗ ਹੈ। ਮੈਂ ਵਾਰ ਵਾਰ ਸੋਚਦਾ ਸੀ ਕਿ ਗੁਰੂ ਨਾਨਕ ਸਾਹਿਬ ਦੇ ਬਚਨਾਂ ਨੂੰ ਕਿੱਥੋਂ ਤੱਕ ਯਥਾਰਥਕ ਸਮਝਿਆ ਜਾਵੇ। ਇਸ ਖਾਤਰ ਮੈਂ ਭਾਰਤ ਦਾ ਇਤਿਹਾਸ ਪੜ੍ਹਨਾ ਸ਼ੁਰੂ ਕੀਤਾ। ਤਦ ਮੈਨੂੰ ਨਿਸਚਾ ਹੋ ਗਿਆ ਕਿ ਗੁਰੂ ਨਾਨਕ ਸਾਹਿਬ ਦੇ ਇਹ ਬਚਨ ਕੇਵਲ ਕਾਵਿ-ਸ਼ੈਲੀ ਜਾਂ ਅੱਤਕਥਨੀ ਨਹੀਂ ਹਨ ਜਾਂ ਕੇਵਲ ਲਿਖਣ ਦਾ ਢੰਗ ਹੀ ਨਹੀਂ, ਸਗੋਂ ਬਿਲਕੁਲ ਸੱਚੀਆਂ ਗੱਲਾਂ ਹਨ।"

ਹਲਕੀ-ਫੁਲਕੀ ਵਾਰਤਕ ਲਿਖਣੀ ਬੜੀ ਔਖੀ ਹੁੰਦੀ ਹੈ। ਇਹਦੇ ਲਈ ਜ਼ਿੰਦਗੀ ਦਾ ਤਜ਼ਰਬਾ ਤੇ ਬਾਰੀਕਬੀਨੀ ਸੂਝ ਦੀ ਲੋੜ ਹੁੰਦੀ ਹੈ। ਬਾਵਾ ਬਲਵੰਤ ਪੰਜਾਬੀ ਦਾ ਉੱਘਾ ਕਾਵਿ ਹਸਤਾਖਰ ਹੈ। ਪ੍ਰਗਤੀਵਾਦੀ ਕਵਿਤਾ ਵਿੱਚ ਉਹਦਾ ਨਾਂ ਮੂਹਰਲੀਆਂ ਸਫਾਂ ਵਿੱਚ ਆਉਂਦਾ ਹੈ। ਕਵਿਤਾ ਵਾਂਗ ਹੀ ਉਹਨੇ ਨਿੱਕੇ ਨਿੱਕੇ ਵਿਸ਼ਿਆਂ 'ਤੇ ਲੇਖ ਵੀ ਲਿਖੇ ਹਨ। ਉਹ ਬੜੀ ਦੂਰਦਰਸ਼ੀ ਸੋਚ ਵਾਲਾ ਲੇਖਕ ਸੀ। ਹਥਲੀ ਕਿਤਾਬ ਵਿੱਚ ਸ਼ਾਮਲ 'ਸ਼ਾਮ ਦੀ ਚਾਹ' ਉਹਦਾ ਬੜਾ ਦਿਲਚਸਪ ਲੇਖ ਹੈ:

"ਦੂਸਰੀ ਚੀਜ਼ ਜਿਸ ਲਈ ਸ਼ਾਮ ਦੀ ਚਾਹ ਬਹੁਤ ਹੀ ਪਿਆਰੀ ਲੱਗਦੀ ਹੈ ਉਹ ਹੈ, ਕੋਸ਼ਿਸ਼ ਕਰਕੇ ਚਾਹ ਨੂੰ ਹਾਸਲ ਕਰਨਾ। ਸੌ ਰੁਪਏ ਸੇਰ ਤੇ ਹੋਰ ਵਧੀਆ ਚਾਹ ਜੋ ਅਸਾਨੀ ਨਾਲ ਹਾਸਲ ਹੋ ਜਾਵੇ, ਉਸਦਾ ਮਜ਼ਾ ਤਾਂ ਬਹੁਤ ਹੀ ਫਿੱਕਾ ਹੈ। ਜ਼ਰਾ ਸ਼ਾਮ ਦੀ ਚਾਹ ਲਈ 'ਕੋਸ਼ਿਸ਼' ਦੇ ਨਜ਼ਾਰੇ ਦੇਖੋ! ਕੰਮ ਦਾ ਜ਼ਰਾ ਮੰਦਾ ਆਇਆ ਤਾਂ ਪਹਿਲੀ ਕੋਸ਼ਿਸ਼ ਇਸ ਤਰ੍ਹਾਂ ਕਰਨੀ ਪਈ। ਚਾਹ ਦਾ ਸਮਾਨ ਥੋੜ੍ਹਾ ਬਹੁਤ ਮੌਜੂਦ ਸੀ, ਪਰ ਅਗਨੀ ਦੇਵਤੇ ਦਾ ਘਾਟਾ ਸੀ।"

ਪੰਜਾਬੀ ਵਿੱਚ ਪਾਪੜਾਂ ਵਰਗੀ ਕਰਾਰੀ ਵਾਰਤਕ ਬਲਵੰਤ ਗਾਰਗੀ ਨੇ ਲਿਖੀ ਹੈ। ਉਹ ਸ਼ਬਦਾਂ ਵਿੱਚ ਇਸ ਤਰ੍ਹਾਂ ਜਾਨ ਪਾ ਦਿੰਦਾ ਹੈ ਕਿ ਪੜ੍ਹਨ ਵਾਲਾ ਦੇਖਦਾ ਰਹਿ ਜਾਂਦਾ ਹੈ। ਇਸ ਕਿਤਾਬ ਵਿੱਚ ਉਹਦਾ 'ਬੰਬਈ' ਨਾਮੀ ਲੇਖ ਸ਼ਾਮਲ ਹੈ। ਬੰਬਈ ਭਾਰਤ ਦੀ ਆਰਥਕ ਰਾਜਧਾਨੀ ਦੇ ਨਾਲ ਨਾਲ ਹੁਸਨ ਤੇ ਖੂਬਸੂਰਤੀ ਦੀ ਮਲਿਕਾ ਮੰਨੀ ਜਾਂਦੀ ਹੈ। ਇਸਦੀ ਖਾਸੀਅਤ ਬਾਰੇ ਗਾਰਗੀ ਲਿਖਦਾ ਹੈ:

"ਬੰਬਈ ਕਾਰਖਾਨਿਆਂ ਦਾ ਘਰ ਹੈ। ਏਥੇ ਕਪੜਾ ਬੁਣਨ ਦੇ ਕਾਰਖਾਨੇ, ਪਲਾਸਟਿਕ, ਜੁੱਤੇ, ਦਵਾਈਆਂ, ਕਰੀਮਾਂ, ਸਾਬਣ ਤੇ ਫਿਲਮਾਂ ਬਣਾਉਣ ਦੇ ਕਾਰਖਾਨੇ ਹਨ। ਫਿਲਮ ਦੇ ਕਾਰਖਾਨੇ ਨੂੰ ਸਟੂਡੀਓ ਆਖਦੇ ਹਨ। ਉਹ ਲੋਕ ਜਿਨ੍ਹਾਂ ਜੰਗ ਦੇ ਦਿਨੀਂ ਅੰਨ੍ਹੇਵਾਹ ਰੁਪਿਆ ਕਮਾਇਆ, ਹੁਣ ਫਿਲਮ ਪ੍ਰੋਡਿਊਸਰ ਹਨ। ਫਿਲਮ ਪ੍ਰੋਡਿਊਸਰ ਬਣਨ ਲਈ ਫਿਲਮ ਦੀ ਟੈਕਨੀਕ ਦੀ ਸਿਖਲਾਈ, ਕੈਮਰੇ ਦੀ ਸਮਝ, ਸਾਹਿਤਕ ਸਿਕਸ਼ਾ, ਕਿਸੇ ਚੀਜ਼ ਦੀ ਵੀ ਲੋੜ ਨਹੀਂ, ਬਸ ਰੁਪਿਆਂ ਦੀ ਇੱਕ ਥੈਲੀ ਲੋੜੀਂਦੀ ਹੈ।"

ਇਸ ਕਿਤਾਬ ਦਾ ਹਰ ਲੇਖ ਤਵੱਜੋ ਦੀ ਮੰਗ ਕਰਦਾ ਹੈ, ਪਰ ਸਪੇਸ ਦੀ ਆਪਣੀ ਸੀਮਾ ਹੁੰਦੀ ਹੈ। ਉਹਨੂੰ ਉਲੰਘਣ ਨਾਲ ਕਈ ਵਾਰੀ ਖਿਲਾਰਾ ਪੈ ਜਾਂਦਾ ਹੈ। ਇਸ ਲਈ ਅੰਤ 'ਤੇ ਸੰਪਾਦਕ ਦੇ ਲੇਖ 'ਕੁਨਨ ਕੁਨਨ ਦਅ ਦਅ' ਦੀ ਗੱਲ ਕਰਨੀ ਬਣਦੀ ਹੈ। ਚੰਦਨ ਦੀ ਵਾਰਤਕ ਸ਼ੈਲੀ ਵੱਖਰੀ ਕਿਸਮ ਦੀ ਹੈ। ਉਹ ਪਾਠਕ ਨੂੰ ਉਂਗਲ ਫੜ

⇒ **ਬਾਕੀ ਅਗਲੇ ਸਫੇ ਉਤੇ ਪੜ੍ਹੋ**

# ਭਾਰਤ ਦੀ ਕੀਮਤੀ ਵਿਰਾਸਤ ਦੀ ਨਿਲਾਮੀ

**ਸ਼ਿਵਕਾਂਤ ਸ਼ਰਮਾ***

ਹਾਂਗਕਾਂਗ ਵਿੱਚ ਭਗਵਾਨ ਬੁੱਧ ਦੇ ਅਨਮੋਲ ਸਤਿਕਾਰਯੋਗ ਰਤਨਾਂ ਦੀ ਨਿਲਾਮੀ ਨੇ ਇੱਕ ਵਾਰ ਫਿਰ ਇਸ ਗੱਲ 'ਤੇ ਬਹਿਸ ਛੇੜ ਦਿੱਤੀ ਹੈ ਕਿ ਕੀ ਦੁਨੀਆ ਦੀ ਅਨਮੋਲ ਸੱਭਿਆਚਾਰਕ ਅਤੇ ਧਾਰਮਿਕ ਵਿਰਾਸਤ ਨੂੰ ਨਿਲਾਮ ਹੋਣ ਦੇਣਾ ਸਹੀ ਹੈ? ਕੁਝ ਦਿਨ ਪਹਿਲਾਂ ਨਿਲਾਮ ਹੋਣ ਵਾਲੇ 371 ਰਤਨ ਅਤੇ ਸੋਨੇ ਤੇ ਚਾਂਦੀ ਦੀਆਂ ਪਲੇਟਾਂ ਲਗਭਗ 125 ਸਾਲ ਪਹਿਲਾਂ 1898 ਵਿੱਚ ਉੱਤਰ ਪ੍ਰਦੇਸ਼ ਦੇ ਸਿਧਾਰਥ ਨਗਰ ਜ਼ਿਲ੍ਹੇ ਦੇ ਪਿਪ੍ਰਹਵਾ ਪਿੰਡ ਵਿੱਚ ਇੱਕ ਬੋਧੀ ਸਟੂਪ ਦੀ ਖੁਦਾਈ ਦੌਰਾਨ ਮਿਲੀਆਂ ਸਨ। ਪਿਪ੍ਰਹਵਾ ਨੇਪਾਲ ਦੀ ਸਰਹੱਦ 'ਤੇ ਸਥਿਤ ਹੈ ਅਤੇ ਇਹ ਮੰਨਿਆ ਜਾਂਦਾ ਹੈ ਕਿ ਸ਼ਾਕਯ ਗਣਰਾਜ ਦੀ ਰਾਜਧਾਨੀ ਕਪਿਲਵਸਤੂ ਇੱਥੇ ਸਥਿਤ ਸੀ। ਇਹ ਖੁਦਾਈ ਉਸ ਇਲਾਕੇ ਦੇ ਇੱਕ ਬ੍ਰਿਟਿਸ਼ ਜ਼ਿਮੀਂਦਾਰ ਵਿਲੀਅਮ ਕਰੌਕਸਟਨ ਪੇਪੇ ਦੁਆਰਾ ਕੀਤੀ ਗਈ ਸੀ, ਜੋ ਕਿ ਪੇਸ਼ੇ ਤੋਂ ਇੱਕ ਇੰਜੀਨੀਅਰ ਸੀ। ਖੁਦਾਈ ਦੌਰਾਨ 130 ਫੁੱਟ ਵਿਆਸ ਵਾਲੇ ਇੱਟਾਂ ਦੇ ਸਟੂਪੇ ਦੇ ਅੰਦਰ ਪੰਜ ਪੱਥਰ ਦੇ ਕਲਸ਼ਾਂ ਵਾਲਾ ਇੱਕ ਪੱਥਰ ਦਾ ਡੱਬਾ ਮਿਲਿਆ। ਇਨ੍ਹਾਂ ਵਿੱਚ ਭਗਵਾਨ ਬੁੱਧ ਦੀਆਂ ਹੱਡੀਆਂ ਅਤੇ ਰਾਖ ਦੇ ਨਾਲ-ਨਾਲ 1800 ਤੋਂ ਵੱਧ ਮੋਤੀ, ਰੂਬੀ, ਪੁਖਰਾਜ ਅਤੇ ਨੀਲਮ ਵਰਗੇ ਰਤਨ ਅਤੇ ਬੋਧੀ ਮੂਰਤੀਆਂ ਵਾਲੇ ਸੋਨੇ ਤੇ ਚਾਂਦੀ ਦੇ ਪੱਤਰੇ ਸਨ। ਇਨ੍ਹਾਂ ਵਿੱਚੋਂ ਇੱਕ ਕਲਸ਼ ਉੱਤੇ ਪ੍ਰਾਚੀਨ ਪਾਲੀ ਵਿੱਚ ਬ੍ਰਹਮੀ ਲਿਪੀ ਵਿੱਚ ਲਿਖਿਆ ਹੋਇਆ ਸੀ ਕਿ 'ਇਸ ਯਾਦਗਾਰੀ ਸਤੂਪ ਵਿੱਚ ਭਗਵਾਨ ਬੁੱਧ ਦੀਆਂ ਹੱਡੀਆਂ ਹਨ, ਜੋ ਉਨ੍ਹਾਂ ਦੇ ਸ਼ਾਕਯ ਕਬੀਲੇ ਦੇ ਰਿਸ਼ਤੇਦਾਰਾਂ ਦੁਆਰਾ ਮਿਲੀਆਂ ਸਨ।'

ਕੁਸ਼ੀਨਗਰ ਵਿੱਚ ਭਗਵਾਨ ਬੁੱਧ ਦੇ ਮਹਾਪਰਿਨਿਰਵਾਣ ਤੋਂ ਬਾਅਦ ਉਨ੍ਹਾਂ ਦੀਆਂ ਅਸਥੀਆਂ ਨੂੰ ਸ਼ਾਕਯ ਰਾਜਵੰਸ਼ ਦੁਆਰਾ ਚਾਰੇ ਦਿਸ਼ਾਵਾਂ ਤੋਂ ਆਏ ਅੱਠ ਗਣਰਾਜਾਂ ਦੇ ਪ੍ਰਤੀਨਿਧੀਆਂ ਵਿੱਚ ਵੰਡਿਆ ਗਿਆ ਸੀ ਤਾਂ ਜੋ ਉਹ ਸਤੂਪ ਬਣਾ ਸਕਣ ਅਤੇ ਉਨ੍ਹਾਂ ਨੂੰ ਆਪਣੇ-ਆਪਣੇ ਸਥਾਨਾਂ 'ਤੇ ਸਥਾਪਿਤ ਕਰ ਸਕਣ, ਤਾਂ ਜੋ ਵੱਧ ਤੋਂ ਵੱਧ ਲੋਕ ਉਨ੍ਹਾਂ ਦੇ ਦਰਸ਼ਨ ਕਰਨ ਜਾ ਸਕਣ। ਇਸ ਤਰ੍ਹਾਂ ਅਸਥੀਆਂ ਨੂੰ ਅੱਠ ਗਣਰਾਜਾਂ ਦੇ ਸਤੂਪਾਂ ਵਿੱਚ ਰੱਖਿਆ ਗਿਆ। ਇਹ ਮੰਨਿਆ ਜਾਂਦਾ ਹੈ ਕਿ ਪਿਪ੍ਰਹਵਾ ਦਾ ਸਤੂਪ ਉਨ੍ਹਾਂ ਵਿੱਚੋਂ ਇੱਕ ਹੈ, ਜੋ ਇੱਕ ਬ੍ਰਾਹਮਣ ਦੁਆਰਾ ਮਹਾਤਮਾ ਬੁੱਧ ਦੇ ਸ਼ਾਕਯ ਵੰਸ਼ਜਾਂ ਲਈ ਬਣਾਇਆ ਗਿਆ ਸੀ। ਇਸ ਲਈ ਇਸਨੂੰ ਪੁਰਾਤੱਤਵ ਵਿਗਿਆਨ ਦੀਆਂ ਸਭ ਤੋਂ ਵੱਡੀਆਂ ਖੋਜਾਂ ਵਿੱਚੋਂ ਇੱਕ ਗਿਣਿਆ ਜਾਂਦਾ ਸੀ। ਸਤੂਪਾਂ ਵਿੱਚ ਬੁੱਧ ਦੀਆਂ ਅਸਥੀਆਂ ਦੇ ਨਾਲ ਕੀਮਤੀ ਰਤਨ, ਸੋਨੇ ਤੇ ਚਾਂਦੀ ਦੇ ਸਿੱਕੇ ਅਤੇ ਸਿੱਕੇ ਰੱਖਣ ਦੀ ਪਰੰਪਰਾ ਵੀ ਸੀ, ਜਿਸ ਲਈ ਲੋਕ ਖੁੱਲ੍ਹੇ ਦਿਲ ਨਾਲ ਦਾਨ ਕਰਦੇ ਸਨ। ਵਿਲੀਅਮ ਪੇਪੇ ਨੇ ਆਪਣੇ ਰਿਕਾਰਡਾਂ ਵਿੱਚ ਲਿਖਿਆ ਹੈ ਕਿ ਜਿਵੇਂ ਹੀ ਉਸਨੇ ਖੋਜ ਦੇ ਪੁਰਾਤੱਤਵ ਅਤੇ ਧਾਰਮਿਕ ਮਹੱਤਵ ਨੂੰ ਸਮਝਿਆ, ਉਸਨੇ ਇਸ ਵਿਰਾਸਤ ਨੂੰ ਬ੍ਰਿਟਿਸ਼ ਸਰਕਾਰ ਨੂੰ ਸੌਂਪ ਦਿੱਤਾ। ਸਰਕਾਰ ਨੇ ਹੀਰੇ ਅਤੇ ਹੱਡੀਆਂ ਨੂੰ ਵੱਖ ਕਰ ਦਿੱਤਾ ਅਤੇ ਹੀਰਿਆਂ ਦਾ ਛੇਵਾਂ ਹਿੱਸਾ ਪੇਪੇ ਨੂੰ ਦੇ ਦਿੱਤਾ। ਬਾਕੀ ਬਚੇ ਰਤਨਾਂ ਤੇ ਹੱਡੀਆਂ ਵਿੱਚੋਂ, ਇੱਕ ਹਿੱਸਾ ਬੋਧੀ ਦੇਸ਼ ਥਾਈਲੈਂਡ ਦੇ ਰਾਜਾ ਚੁਡਾਲੰਕਰਨ ਦੁਆਰਾ ਭੇਜੇ ਗਏ ਭਿਕਸ਼ੂ ਦੂਤ ਨੂੰ ਦਿੱਤਾ ਗਿਆ ਸੀ ਅਤੇ ਬਾਕੀ ਹਿੱਸਾ ਕੋਲਕਾਤਾ ਤੇ ਕੋਲੰਬੋ ਦੇ ਅਜਾਇਬ ਘਰਾਂ ਵਿੱਚ ਭੇਜਿਆ ਗਿਆ ਸੀ। ਹਾਂਗ ਕਾਂਗ ਵਿੱਚ ਜਿਨ੍ਹਾਂ ਰਤਨਾਂ ਅਤੇ ਸੋਨੇ ਤੇ ਚਾਂਦੀ ਦੇ ਕਾਗਜ਼ਾਂ ਦੀ ਨਿਲਾਮੀ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਉਹੀ ਹਨ ਜੋ ਬ੍ਰਿਟਿਸ਼ ਸਰਕਾਰ ਨੇ ਵਿਲੀਅਮ ਪੇਪੇ ਨੂੰ ਦਿੱਤੇ ਸਨ।

ਨਿਲਾਮੀ ਕੰਪਨੀ ਸੋਥਬੀਜ਼ ਇੱਕ ਬ੍ਰਿਟਿਸ਼ ਬਹੁ-ਰਾਸ਼ਟਰੀ ਕੰਪਨੀ ਹੈ, ਜੋ ਸੱਭਿਆਚਾਰਕ ਮਹੱਤਵ ਵਾਲੀਆਂ ਵਿਰਾਸਤੀ ਵਸਤੂਆਂ ਦੀ ਨਿਲਾਮੀ ਕਰਕੇ ਅਕਸਰ ਵਿਵਾਦਾਂ ਵਿੱਚ ਰਹਿੰਦੀ ਹੈ। ਛੇ ਸਾਲ ਪਹਿਲਾਂ, ਨਿਊਜ਼ੀਲੈਂਡ ਦੇ ਮਾਓਰੀ ਕਬੀਲੇ ਦੀ ਲੱਕੜ ਦੀ ਕਲਾਕ੍ਰਿਤੀ ਦੀ ਲਗਭਗ 1000 ਰੁਪਏ ਵਿੱਚ ਨਿਲਾਮੀ 'ਤੇ ਵਿਵਾਦ ਹੋਇਆ ਸੀ। 6 ਕਰੋੜ ਰੁਪਏ ਦੀ ਰਾਸ਼ੀ ਅਤੇ ਸਰਕਾਰ ਤੋਂ ਕਲਾਕਾਰੀ ਵਾਪਸ ਲਿਆਉਣ ਦੀ ਮੰਗ ਕੀਤੀ ਗਈ। ਭਗਵਾਨ ਬੁੱਧ ਦੇ ਸਤਿਕਾਰਯੋਗ ਰਤਨਾਂ ਦੀ ਨਿਲਾਮੀ ਹੋਰ ਵੀ ਵਿਵਾਦਪੂਰਨ ਹੈ। ਇਨ੍ਹਾਂ ਹੀਰਿਆਂ ਦੀ ਨਿਲਾਮੀ ਵਿਲੀਅਮ ਪੇਪੇ ਦੇ ਪੜਪੋਤੇ ਕ੍ਰਿਸ ਪੇਪੇ ਦੁਆਰਾ ਕੀਤੀ ਜਾਣੀ ਚਾਹੀਦੀ ਹੈ, ਜੋ ਇੱਕ ਫਿਲਮ ਨਿਰਮਾਤਾ ਹੈ ਅਤੇ ਹਾਲੀਵੁੱਡ ਵਿੱਚ ਕੰਮ ਕਰਦਾ ਹੈ। ਉਹ ਕਹਿੰਦਾ ਹੈ ਕਿ ਇਹ ਰਤਨ ਭਗਵਾਨ ਬੁੱਧ ਦੀਆਂ ਹੱਡੀਆਂ ਜਾਂ ਅਵਸ਼ੇਸ਼ਾਂ ਦਾ ਹਿੱਸਾ ਨਹੀਂ ਹਨ। ਲੋਕਾਂ ਨੇ ਇਨ੍ਹਾਂ ਨੂੰ ਸਤਿਕਾਰ ਵਜੋਂ ਹੱਡੀਆਂ ਦੇ ਨਾਲ ਰੱਖਿਆ। ਇਨ੍ਹਾਂ ਦਾ ਕੋਈ ਧਾਰਮਿਕ ਜਾਂ ਸੱਭਿਆਚਾਰਕ ਮਹੱਤਵ ਨਹੀਂ ਹੈ। ਉਸਨੇ ਕਈ ਬੋਧੀ ਭਿਕਸ਼ੂਆਂ, ਮੱਠਾਂ ਅਤੇ ਵਿਦਵਾਨਾਂ ਨਾਲ ਸਲਾਹ ਕਰਨ ਤੋਂ ਬਾਅਦ ਉਨ੍ਹਾਂ ਨੂੰ ਨਿਲਾਮ ਕਰਨ ਦਾ ਫੈਸਲਾ ਕੀਤਾ ਤਾਂ ਜੋ ਉਹ ਕਿਸੇ ਅਜਿਹੇ ਵਿਅਕਤੀ ਜਾਂ ਸੰਗਠਨ ਕੋਲ ਜਾ ਸਕਣ, ਜੋ ਉਨ੍ਹਾਂ ਦੀ ਸਹੀ ਦੇਖਭਾਲ ਕਰ ਸਕੇ ਅਤੇ ਉਨ੍ਹਾਂ ਨੂੰ ਜਨਤਕ ਤੌਰ 'ਤੇ ਪ੍ਰਦਰਸ਼ਿਤ ਕਰ ਸਕੇ। ਉਹ ਕਹਿੰਦਾ ਹੈ ਕਿ ਉਸਦੇ ਪੜਦਾਦਾ ਜੀ ਨੂੰ ਉਹੀ ਰਤਨ ਅਤੇ ਚਾਦਰਾਂ ਦਿੱਤੀਆਂ ਗਈਆਂ ਸਨ, ਜੋ ਸੰਗ੍ਰਹਿ ਵਿੱਚ ਇੱਕ ਤੋਂ ਵੱਧ ਸੰਖਿਆ ਵਿੱਚ ਮੌਜੂਦ ਸਨ। ਇਸ ਲਈ ਨਿਲਾਮੀ ਕੀਤੇ ਜਾ ਰਹੇ ਰਤਨ ਅਤੇ ਪੱਥਰਾਂ ਵਰਗੇ ਹੋਰ ਰਤਨ ਕੋਲਕਾਤਾ, ਬੈਂਕਾਕ ਅਤੇ ਕੋਲੰਬੋ ਦੇ ਅਜਾਇਬ ਘਰਾਂ ਵਿੱਚ ਮੌਜੂਦ ਹਨ। ਉਹ ਇਹ ਵੀ ਕਹਿੰਦਾ ਹੈ ਕਿ ਉਸਨੇ ਇਨ੍ਹਾਂ ਦਾਨ ਕਰਨ ਲਈ ਬੋਧੀ ਦੇਸ਼ਾਂ ਦੇ ਕਈ ਬੋਧੀ ਮੱਠਾਂ ਅਤੇ ਅਜਾਇਬ ਘਰਾਂ ਨਾਲ ਸੰਪਰਕ ਕੀਤਾ ਸੀ, ਪਰ ਕਿਤੇ ਵੀ ਤਸੱਲੀਬਖਸ਼ ਜਵਾਬ ਨਹੀਂ ਮਿਲਿਆ।


ਦੂਜੇ ਪਾਸੇ, ਦੁਨੀਆ ਭਰ ਦੇ ਬਹੁਤ ਸਾਰੇ ਬੋਧੀ ਕ੍ਰਿਸ ਪੇਪ ਦੇ ਸਪੱਸ਼ਟੀਕਰਨ ਤੋਂ ਸੰਤੁਸ਼ਟ ਨਹੀਂ ਹਨ। ਨਾ ਹੀ ਉਹ ਨਿਲਾਮੀ ਕੰਪਨੀ ਸੋਥਬੀਜ਼ ਦੇ ਇਸ ਦਾਅਵੇ ਤੋਂ ਸੰਤੁਸ਼ਟ ਹਨ ਕਿ ਉਨ੍ਹਾਂ ਨੇ ਨਿਲਾਮੀ ਦੇ ਸਾਰੇ ਨੈਤਿਕ ਅਤੇ ਕਾਨੂੰਨੀ ਪਹਿਲੂਆਂ ਨੂੰ ਤੋਲਣ ਤੋਂ ਬਾਅਦ ਹੀ ਨਿਲਾਮ ਕਰਨ ਦਾ ਫੈਸਲਾ ਕੀਤਾ ਸੀ। ਲੰਡਨ ਦੇ ਇੰਸਟੀਚਿਊਟ ਆਫ਼ ਓਰੀਐਂਟਲ ਐਂਡ ਅਫਰੀਕਨ ਸਟੱਡੀਜ਼ ਵਿਖੇ ਦੱਖਣੀ ਏਸ਼ੀਆਈ ਕਲਾ ਦੇ ਮਾਹਰ ਪ੍ਰੋ. ਐਸ਼ਲੇ ਥੌਮਸਨ ਅਤੇ ਕਿਊਰੇਟਰ ਕੋਨਨ ਚੋਂਗ ਪੁੱਛਦੇ ਹਨ, ਭਗਵਾਨ ਬੁੱਧ ਦੇ ਅਵਸ਼ੇਸ਼ਾਂ ਵਿੱਚ ਰਾਖ ਅਤੇ ਹੱਡੀਆਂ ਦੇ ਨਾਲ ਰੱਖੇ ਗਏ ਸ਼ਰਧਾ ਰਤਨ, ਬੋਧੀਆਂ ਦੁਆਰਾ ਭਗਵਾਨ ਬੁੱਧ ਦੇ ਅਵਸ਼ੇਸ਼ਾਂ ਵਿੱਚ ਰੱਖੇ ਗਏ ਸ਼ਰਧਾ ਰਤਨ ਤੋਂ ਵੱਖਰੇ ਕਿਵੇਂ ਮੰਨੇ ਜਾ ਸਕਦੇ ਹਨ? ਉਹ ਹੱਡੀਆਂ ਨੂੰ ਛੂਹਣ ਨਾਲ ਹੀ ਉਨ੍ਹਾਂ ਦਾ ਅਨਿੱਖੜਵਾਂ ਅੰਗ ਬਣ ਗਏ ਹਨ। ਉਨ੍ਹਾਂ ਦਾ ਉਸਦੀਆਂ ਹੱਡੀਆਂ ਦੇ ਬਰਾਬਰ ਮਹੱਤਵ ਅਤੇ ਸਥਾਨ ਹੋਵੇਗਾ। ਬ੍ਰਿਟਿਸ਼ ਮਹਾਬੋਧੀ ਕਮੇਟੀ ਦੇ ਵਿਦਵਾਨ ਅਮਲ ਅਬੇਵਰਧਨੇ ਕਹਿੰਦੇ ਹਨ ਕਿ ਭਗਵਾਨ ਬੁੱਧ ਨੇ ਸਿਖਾਇਆ ਸੀ ਕਿ ਕਿਸੇ ਨੂੰ ਦੂਜਿਆਂ ਦੀ ਜਾਇਦਾਦ ਉਨ੍ਹਾਂ ਦੀ ਆਗਿਆ ਤੋਂ ਬਿਨਾਂ ਨਹੀਂ ਲੈਣੀ ਚਾਹੀਦੀ। ਇਹ ਵਿਰਾਸਤ ਸ਼ਾਕਯ ਰਾਜਵੰਸ਼ ਨੂੰ ਸੌਂਪੀ ਗਈ ਸੀ ਤਾਂ ਜੋ ਉਹ ਸਮਾਰਕ ਬਣਾ ਸਕਣ ਅਤੇ ਉਨ੍ਹਾਂ ਨੂੰ ਸ਼ਰਧਾਲੂਆਂ ਦੇ ਦਰਸ਼ਨ ਤੇ ਪੂਜਾ ਲਈ ਪਹੁੰਚਯੋਗ ਬਣਾ ਸਕਣ। ਉਸਨੇ ਇੱਕ ਸਤੂਪ ਬਣਾ ਕੇ ਵੀ ਅਜਿਹਾ ਹੀ ਕੀਤਾ। ਪਿਪ੍ਰਹਵਾ ਵਿਖੇ ਖੁਦਾਈ ਦੌਰਾਨ ਮਿਲੇ ਸ਼ਾਕਿਆ ਰਾਜਵੰਸ਼ ਦੀ ਸੱਭਿਆਚਾਰਕ ਵਿਰਾਸਤ 'ਤੇ ਬਸਤੀਵਾਦੀ ਸ਼ਾਸਕਾਂ ਨੇ ਮਾਲਕੀ ਕਿਵੇਂ ਹਾਸਲ ਕੀਤੀ? ਵਿਵਾਦ ਤੋਂ ਘਬਰਾ ਕੇ, ਭਾਰਤ ਸਰਕਾਰ ਨੇ ਕਾਨੂੰਨੀ ਕਾਰਵਾਈ ਦੀ ਧਮਕੀ ਦਿੱਤੀ, ਜਿਸ ਤੋਂ ਬਾਅਦ ਸੋਥਬੀਜ਼ ਨੇ ਸਾਰੀਆਂ ਧਿਰਾਂ ਵਿਚਕਾਰ ਗੱਲਬਾਤ ਰਾਹੀਂ ਹੱਲ ਕੱਢਣ ਲਈ ਨਿਲਾਮੀ ਨੂੰ ਮੁਲਤਵੀ ਕਰ ਦਿੱਤਾ।

ਪਿਪ੍ਰਹਵਾ ਵਿਖੇ ਖੁਦਾਈ ਤੋਂ ਮਿਲੇ ਰਤਨ ਭਾਰਤ ਤੋਂ ਮਿਲੀਆਂ ਸਭ ਤੋਂ ਪੁਰਾਣੀਆਂ ਸੱਭਿਆਚਾਰਕ ਵਿਰਾਸਤਾਂ ਵਿੱਚੋਂ ਇੱਕ ਮੰਨੇ ਜਾਂਦੇ ਹਨ ਕਿਉਂਕਿ ਇਹ ਈਸਾ ਮਸੀਹ ਤੋਂ ਘੱਟੋ-ਘੱਟ ਦੋ ਤੋਂ ਢਾਈ ਸੌ ਸਾਲ ਪੁਰਾਣੇ ਹਨ। ਕਿਉਂਕਿ ਭਗਵਾਨ ਬੁੱਧ ਦੀਆਂ ਅਸਥੀਆਂ ਨੂੰ ਕਲਸ਼ਾਂ ਵਿੱਚ ਰੱਖਿਆ ਜਾਂਦਾ ਹੈ, ਇਸ ਲਈ ਉਨ੍ਹਾਂ ਦੀ ਧਾਰਮਿਕ ਅਤੇ ਸੱਭਿਆਚਾਰਕ ਮਹੱਤਤਾ ਉਨ੍ਹਾਂ ਨੂੰ ਅਨਮੋਲ ਬਣਾਉਂਦੀ ਹੈ। ਬੁੱਧ, ਰਾਮਾਇਣ ਅਤੇ ਗਾਂਧੀ ਭਾਰਤ ਦੇ ਸਭ ਤੋਂ ਵੱਡੇ ਵਿਚਾਰਧਾਰਕ ਅਤੇ ਸੱਭਿਆਚਾਰਕ ਨਿਰਯਾਤ ਹਨ। ਉਨ੍ਹਾਂ ਦਾ ਵਿਸ਼ਵਵਿਆਪੀ ਪ੍ਰਭਾਵ ਤੁਤਨਖਾਮੁਨ ਦੇ ਸਮਾਰਕ ਤੋਂ ਬਰਾਮਦ ਹੋਏ ਪੁਰਾਤੱਤਵ ਅਵਸ਼ੇਸ਼ਾਂ, ਐਥਨਜ਼ ਦੇ ਇੱਕ ਮੰਦਰ ਤੋਂ ਸੰਗਮਰਮਰ ਦੀਆਂ ਕਲਾਕ੍ਰਿਤੀਆਂ ਜਾਂ ਨਾਈਜੀਰੀਆ ਦੇ ਬੇਨਿਨ ਸ਼ਹਿਰ ਵਿੱਚ ਮਿਲੀਆਂ ਕਾਂਸੀ ਦੀਆਂ ਮੂਰਤੀਆਂ ਦੁਆਰਾ ਛੋਟਾ ਹੋ ਜਾਂਦਾ ਹੈ, ਜਿਨ੍ਹਾਂ ਦੀ ਹਵਾਲਗੀ ਦਹਾਕਿਆਂ ਤੋਂ ਬਹਿਸ ਦਾ ਵਿਸ਼ਾ ਰਹੀ ਹੈ। ਸੋਥਬੀਜ਼ ਨੂੰ ਉਮੀਦ ਹੈ ਕਿ ਬੁੱਧ ਦੇ ਸਤਿਕਾਰਯੋਗ ਰਤਨਾਂ ਦੀ ਬੋਲੀ 100 ਕਰੋੜ ਰੁਪਏ ਤੱਕ ਜਾਵੇਗੀ; ਪਰ ਭਗਵਾਨ ਬੁੱਧ ਵਰਗੇ ਮਹਾਂਪੁਰਖ ਦੀਆਂ ਹੱਡੀਆਂ ਨਾਲ ਜੁੜੇ ਰਤਨਾਂ ਦੀ ਨਿਲਾਮੀ ਨੈਤਿਕ ਆਧਾਰ 'ਤੇ ਸਹੀ ਨਹੀਂ ਜਾਪਦੀ। ਕੀ ਤੁਸੀਂ ਕਲਪਨਾ ਕਰ ਸਕਦੇ ਹੋ ਕਿ ਇਟਲੀ ਦੇ ਟਿਊਰਿਨ ਸ਼ਹਿਰ ਦੇ ਇੱਕ ਚਰਚ ਵਿੱਚ ਰੱਖੇ ਯਿਸੂ ਦੇ ਕਫ਼ਨ ਦੀ ਨਿਲਾਮੀ ਹੋਵੇਗੀ? ਯਿਸੂ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਸਿੱਧੇ ਤੌਰ 'ਤੇ ਸਬੰਧਤ ਅਵਸ਼ੇਸ਼ਾਂ ਦੀ ਨਿਲਾਮੀ ਨਹੀਂ ਕੀਤੀ ਜਾ ਸਕਦੀ। ਇਸੇ ਤਰ੍ਹਾਂ, ਇਹ ਬਿਹਤਰ ਹੁੰਦਾ ਜੇਕਰ ਯੂਨੈਸਕੋ ਪਿਪ੍ਰਹਵਾ ਸਟੂਪਾ ਅਤੇ ਇਸਦੀ ਖੁਦਾਈ ਤੋਂ ਮਿਲੀ ਪੁਰਾਤੱਤਵ ਸਮੱਗਰੀ ਨੂੰ ਵਿਸ਼ਵ ਵਿਰਾਸਤ ਵਜੋਂ ਘੋਸ਼ਿਤ ਕਰਦਾ ਅਤੇ ਇਸ ਨਿਲਾਮੀ ਨੂੰ ਰੋਕ ਦਿੱਤਾ ਜਾਂਦਾ। ਜਾਂ ਦਲਾਈ ਲਾਮਾ ਨੇ ਖੁਦ ਇਸ ਨੂੰ ਰੋਕਣ ਅਤੇ ਰਤਨ ਵਾਪਸ ਕਰਨ ਅਤੇ ਲੋਕਾਂ ਦੇ ਦੇਖਣ ਅਤੇ ਪੂਜਾ ਕਰਨ ਲਈ ਪਿਪ੍ਰਹਵਾ ਵਿੱਚ ਰੱਖਣ ਦਾ ਪ੍ਰਬੰਧ ਕੀਤਾ ਹੁੰਦਾ। 2009 ਵਿੱਚ ਭਾਰਤ ਸਰਕਾਰ ਨੇ ਮਹਾਤਮਾ ਗਾਂਧੀ ਦੀਆਂ ਐਨਕਾਂ, ਘੜੀਆਂ ਅਤੇ ਚੱਪਲਾਂ ਦੀ ਨਿਲਾਮੀ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਅੰਤ ਵਿੱਚ ਵਿਜੇ ਮਾਲਿਆ ਨੇ ਬੋਲੀ ਲਗਾਈ ਅਤੇ ਉਸਨੂੰ ਭਾਰਤ ਵਾਪਸ ਆਉਣ ਵਿੱਚ ਮਦਦ ਕੀਤੀ। ਮੈਂ ਸੁਣਿਆ ਹੈ ਕਿ ਹੁਣ ਭਾਰਤ ਸਰਕਾਰ ਭਗਵਾਨ ਬੁੱਧ ਦੀ ਇਸ ਅਨਮੋਲ ਵਿਰਾਸਤ ਨੂੰ ਵਾਪਸ ਭੇਜਣ ਦੀ ਕੋਸ਼ਿਸ਼ ਕਰ ਰਹੀ ਹੈ, ਜੋ ਕਿ ਇੱਕ ਸ਼ਲਾਘਾਯੋਗ ਕਦਮ ਹੈ।


---

*(*ਲੇਖਕ ਲੰਡਨ 'ਚ ਪੱਤਰਕਾਰੀ, ਸੱਭਿਆਚਾਰਕ ਕੰਮ ਅਤੇ ਅਧਿਆਪਨ ਵਿੱਚ ਸਰਗਰਮ ਹੈ)*





ਵਿਲੀਅਮ ਕਰੌਕਸਟਨ ਪੇਪੇ



*ਪਿਪ੍ਰਹਵਾ ਵਿਖੇ ਖੁਦਾਈ ਤੋਂ ਮਿਲੇ ਰਤਨ ਭਾਰਤ ਤੋਂ ਮਿਲੀਆਂ ਸਭ ਤੋਂ ਪੁਰਾਣੀਆਂ ਸੱਭਿਆਚਾਰਕ ਵਿਰਾਸਤਾਂ ਵਿੱਚੋਂ ਇੱਕ ਮੰਨੇ ਜਾਂਦੇ ਹਨ, ਕਿਉਂਕਿ ਇਹ ਈਸਾ ਮਸੀਹ ਤੋਂ ਘੱਟੋ-ਘੱਟ ਦੋ ਤੋਂ ਢਾਈ ਸੌ ਸਾਲ ਪੁਰਾਣੇ ਹਨ। ਕਿਉਂਕਿ ਭਗਵਾਨ ਬੁੱਧ ਦੀਆਂ ਅਸਥੀਆਂ ਨੂੰ ਕਲਸ਼ਾਂ ਵਿੱਚ ਰੱਖਿਆ ਜਾਂਦਾ ਹੈ, ਇਸ ਲਈ ਉਨ੍ਹਾਂ ਦੀ ਧਾਰਮਿਕ ਅਤੇ ਸੱਭਿਆਚਾਰਕ ਮਹੱਤਤਾ ਉਨ੍ਹਾਂ ਨੂੰ ਅਨਮੋਲ ਬਣਾਉਂਦੀ ਹੈ। ਅਜਿਹੀ ਸਥਿਤੀ ਵਿੱਚ ਉਨ੍ਹਾਂ ਦੀ ਨਿਲਾਮੀ ਨੂੰ ਹਰ ਕੀਮਤ 'ਤੇ ਰੋਕਿਆ ਜਾਣਾ ਚਾਹੀਦਾ ਹੈ।*

**ਪਿਪ੍ਰਹਵਾ ਪਿੰਡ ਵਿੱਚ ਬੋਧੀ ਸਟੂਪ। ਮੰਨਿਆ ਜਾਂਦਾ ਹੈ ਕਿ ਸ਼ਾਕਯ ਗਣਰਾਜ ਦੀ ਰਾਜਧਾਨੀ ਕਪਿਲਵਸਤੂ ਇੱਥੇ ਸਥਿਤ ਸੀ।**



---

# ਵੀਹਵੀਂ ਸਦੀ ਦੀ ਵਾਰਤਕ ਦੇ ਤਲਿਸਮੀ ਰੰਗ

ਕੇ ਉਨ੍ਹਾਂ ਘਾਟੀਆਂ ਵਿੱਚ ਲੈ ਜਾਂਦਾ ਹੈ, ਜਿੱਥੋਂ ਅੱਗੇ ਸਫਰ ਉਹਨੇ ਖੁਦ ਕਰਨਾ ਹੈ। ਬਹੁਤ ਕੁਝ ਪਾਠਕ ਲਈ ਛੱਡ ਦੇਣਾ, ਸੁਆਲ ਖੜ੍ਹੇ ਕਰ ਦੇਣੇ ਵਧੀਆ ਵਾਰਤਕ ਦੀ ਨਿਸ਼ਾਨੀ ਹੈ। ਉਹ ਲਿਖਦਾ ਹੈ:

"ਕੁਨਨ ਕੁਨਨ ਆਵਾਜ਼ ਦਰਅਸਲ ਧਰੁਪਤ ਦੇ ਅਲਾਪ ਵਿੱਚ ਅਸਥਾਈ ਤੇ ਅੰਤਰੇ ਦੇ ਵਿਚਾਲੇ ਕੱਢੀ ਜਾਂਦੀ ਹੈ-ਕੁ ਨ ਨ...। ਰਾਗੀ ਇਸ ਆਵਾਜ਼ ਨੂੰ ਹੱਥਾਂ ਨਾਲ ਖਿੱਚ-ਖਿੱਚ ਕੇ ਲੰਬੀ ਕਰਦਾ ਹੈ। ਆਲਾਪ ਧਵਨੀ ਦਾ ਵਿਰਲਾਪ ਹੈ, ਜੋ ਆਪਣੇ ਮੂਲ ਤੋਂ ਵਿਛੜ ਕੇ ਉਹਨੂੰ ਲੱਭਦੀ ਤੜਪ ਰਹੀ ਹੈ: ਜਾਂ ਇਹ ਮੂਲ ਵੱਲ ਯਾਤਰਾ ਏਨੀ ਬਿਖੜੀ ਹੈ ਕਿ ਉਸ ਪੰਧ ਦੀ ਵੇਦਨਾ ਦੱਸੀ ਨਹੀਂ ਜਾਂਦੀ। ਅਮੀਰ ਖੁਸਰੋ ਨੇ ਊਲ-ਜਲੂਲ ਧਵਨੀਆਂ ਨੂੰ ਤਰਾਨੇ ਵਿੱਚ ਬੰਨ੍ਹਿਆ ਸੀ-ਨਾਦਰ ਦੀਮ ਤਾ ਨਾ ਦੀ ਰੇ ਨਾ।

ਇਸ ਸੰਖੇਪ ਜਿਹੀ ਚਰਚਾ ਰਾਹੀਂ ਅਸੀਂ ਵੀਹਵੀਂ ਸਦੀ ਦੀ ਵਾਰਤਕ ਦੇ ਗੁਣਾਂ, ਲੱਛਣਾਂ ਤੇ ਰਚਨਾਕਾਰਾਂ ਦੀਆਂ ਕੁਝ ਪਰਤਾਂ ਫਰੋਲਣ ਦਾ ਜਤਨ ਕੀਤਾ ਹੈ। ਇਹ ਕਿਤਾਬ ਇੱਕ ਪੂਰੀ ਸਦੀ ਨੂੰ ਕਲਾਵੇ ਵਿੱਚ ਲੈ ਕੇ ਭਾਸ਼ਾ, ਵਿਸ਼ੇ, ਸ਼ੈਲੀ, ਤਕਨੀਕ, ਜੁਗਤਾਂ ਤੇ ਪੇਸ਼ਕਾਰੀ ਪੱਖੋਂ ਕੈਲਾਡੀਓ ਸਕੋਪ ਬਣ ਜਾਂਦੀ ਹੈ। ਇਸ ਵਿੱਚ ਵੰਨ ਵੰਨ ਦੇ ਰੰਗ ਪਾਠਕ ਵਿੱਚ ਜਿਥੇ ਉਤਸੁਕਤਾ ਪੈਦਾ ਕਰਦੇ ਹਨ, ਓਥੇ ਉਹਨੂੰ ਗਿਆਨ ਦੇ ਰਾਹ ਦਾ ਪਾਂਧੀ ਵੀ ਬਣਾਉਂਦੇ ਹਨ। ਸੰਪਾਦਕ ਨੇ ਬੜੀ ਮਿਹਨਤ ਨਾਲ ਇਨ੍ਹਾਂ ਲੇਖਾਂ ਨੂੰ ਭਾਲ ਕੇ ਤਰਤੀਬ ਦਿੱਤੀ ਹੈ, ਜਿਸਦੀ ਜਿੰਨੀ ਸ਼ਲਾਘਾ ਕੀਤੀ ਜਾਵੇ, ਥੋੜ੍ਹੀ ਹੈ। ਅੰਤ 'ਤੇ 'ਸਿਰਲੇਖਕਾਂ ਦੀ ਸਿਆਣ', ਉਨ੍ਹਾਂ ਬਾਰੇ ਸੰਖੇਪ ਜਾਣਕਾਰੀ ਤੇ ਸਰੋਤ ਦੇ ਕੇ ਸੰਪਾਦਕ ਨੇ ਕਿਤਾਬ ਨੂੰ ਸਿੱਕੇਬੰਦ ਕਰ ਦਿੱਤਾ ਹੈ।

*ਨਾਵਲ ਵਿਚਲੀਆਂ ਘਟਨਾਵਾਂ ਲੀਹ ‘ਤੇ ਹੋਰ ਅੱਗੇ ਤੋਂ ਅੱਗੇ ਤੁਰ ਰਹੀਆਂ ਹਨ। ਇਸ ਵਿਚ ਪੇਸ਼ ਦ੍ਰਿਸ਼, ਤਲਖ ਹਕੀਕਤਾਂ ਹੀ ਹਨ- ਬਸ ਫਰਕ ਸਿਰਫ ਇੰਨਾ ਹੋ ਸਕਦਾ ਹੈ ਕਿ ਰੂਪ ਵੱਖ ਵੱਖ ਹੋਣ। ਖ਼ੈਰ! ਮਸਲਾ ਉਦੋਂ ਬਣਦਾ ਹੈ, ਜਦੋਂ ਅਸੀਂ ਇਨ੍ਹਾਂ ਵਰਤਾਰਿਆਂ ਪਿੱਛੇ ਉਘੜੀਆਂ ਕਹਾਣੀਆਂ ਨੂੰ ਨਜ਼ਰਅੰਦਾਜ਼ ਕਰ ਕੇ ਸਿਰਫ ਇਕ ਪੱਖ ਨੂੰ ਵੇਖਦਿਆਂ ਫੈਸਲਾ ਲੈ ਲੈਂਦੇ ਹਾਂ। ਨਾਵਲ ਦਾ ਧਰਾਤਲ ਸਮਝ ਕੇ ਹੀ ਇਸ ਵਿਚਲੇ ਭਾਵਾਂ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ! ਸੋ, ਸਪਸ਼ਟ ਕਰ ਦਈਏ ਕਿ ‘ਇਸ ਨਾਵਲ ਵਿਚ ਬਹੁਤ ਕੁਝ ਕਾਲਪਨਿਕ ਹੋ ਸਕਦਾ ਹੈ ਤੇ ਹੈ ਵੀ। ਇਹ ਕਿਸੇ ਵੀ ਜੀਉਂਦੇ-ਜਾਗਦੇ ਵਿਅਕਤੀ ਦਾ ਇਤਿਹਾਸ ਨਹੀਂ ਹੈ।’ ਪੇਸ਼ ਹੈ, ਅਗਲੀ ਕਿਸ਼ਤ...*



## ‘ਵਿਗੜੀ ਹੋਈ ਕੁੜੀ’ (ਝੂਠ ਜਿਹਾ ਸੱਚ)

### ਕਿਸ਼ਤ (11)



**ਬਖ਼ਸ਼ਿੰਦਰ**
ਵੱਟਸਐਪ:+1-778-793-8979

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

# ਜ਼ਬਾਨਾਂ ਨੂੰ ਜੰਦਰੇ

ਉਸ ਤੋਂ ਅਗਲੇ ਦਿਨ ਹਾਂਡਿਆਂ ਦਾ ਘਰ ‘ਪੰਚਾਇਤ ਘਰ’ ਬਣਿਆ ਹੋਇਆ ਸੀ।

“ਗੁੱਗੂ ਬੇਟਾ ਇਹ ਕੀ ਹੋ ਰਿਹਾ ਏ?” ਬੜੇ ਦਿਨਾਂ ਮਗਰੋਂ ਸੰਨੀ ਹੌਂਡਾ ਦੇ ਬਾਪ ਹਰਪਾਲ ਸਿੰਘ ਨੇ ‘ਦੋਹਾਂ ਸੰਨੀਆਂ’ ਦੀ ਹਾਜ਼ਰੀ ਵਿਚ, ‘ਮੂੰਹ ਖਾਵੇ ਤੇ ਅੱਖ ਸ਼ਰਮਾਵੇ’ ਦੀ ਤਰਜ਼ ਉੱਤੇ ਆਪਣੀ ਧੀ ਨਾਲ਼ ਗੱਲ ਛੇੜੀ।

“ਕੁਛ ਨਹੀਂ ਡੈਡ, ਤੁਹਾਡੀ ਉਹ ਦਵਾਈ ਦੇ ਗਿਆ ਸੀ ਨਾ ਮੇਰਾ ਆਫਿਸ ਬੁਆਏ? ਰਹੀ ਗੱਲ ‘ਇਹ ਕੀ ਹੋ ਰਿਹਾ ਏ?’ ਦੀ, ਤਾਂ ਉਸ ਬਾਰੇ ਜੁਆਬਤਲਬੀ ਕਰਨ ਦੀ ਥਾਂ, ਤੁਸੀਂ ਮੇਰੇ ਇਕ ਸੁਆਲ ਦਾ ਜੁਆਬ ਦਿਓ।” ਸੰਨੀ ਦੀ ਇਹ ਗੱਲ ਸੁਣ ਕੇ ਹਰਪਾਲ ਸਿੰਘ ਅਤੇ ਉਸ ਦੀ ਘਰ ਵਾਲ਼ੀ ਨੇ ਥੁੱਕ ਦਾ ਇਕ-ਇਕ ਭਰਵਾਂ ਘੁੱਟ, ਆਪਣੇ ਸੰਘ ਵਿਚੀਂ ਲੰਘਾਇਆ ਤੇ ਹਰਪਾਲ ਸਿੰਘ ਨੇ ਕਿਹਾ, “ਪੁੱਛੋ, ਜੋ ਪੁੱਛਣਾ ਏ ਪੁੱਤਰ ਜੀ।”

“ਡੈਡ, ਪੁੱਤਰ ਕਹਿੰਦੇ ਹੋ ਤਾਂ ਪੁੱਤਰ ਨੂੰ ਆਪਣੇ ਪੇਰੈਂਟਸ ਲਈ ਆਪਣੇ ਫ਼ਰਜ਼ ਵੀ ਪੂਰੇ ਕਰ ਲੈਣ ਦਿਓ। ਅੱਛਾ, ਜੇ ਮੈਂ ਸੱਚੀਂ ਹੀ ਤੁਹਾਡੀ ਧੀ ਦੀ ਥਾਂ, ਤੁਹਾਡਾ ਪੁੱਤਰ ਹੁੰਦੀ ਤਾਂ ਸੱਚ ਦੱਸਿਓ ਕਿ ਤੁਸੀਂ ਤਾਂ ਵੀ ਮੈਨੂੰ ‘ਵਿਟਨੈੱਸ ਬੌਕਸ’ ਵਿਚ ਖੜ੍ਹੀ ਕੀਤਾ ਹੋਣਾ ਸੀ?”

ਹਰਪਾਲ ਸਿੰਘ ਨੇ ਕਸੂਤਾ ਫਸ ਰਿਹਾ ਦਿਸਣ ‘ਤੇ, ਕੁਲਵੰਤ ਕੌਰ ਦੇ ਮੂੰਹ ਵੱਲ ਇਸ ਤਰ੍ਹਾਂ ਦੇਖਿਆ, ਜਿਵੇਂ ਮਨੋ-ਮਨੀ ਇਹ ਕਹਿ ਰਿਹਾ ਹੋਵੇ, “ਤੂੰ ਵੀ ਕੁਛ ਬੋਲ ਲੈ ਹੁਣ!” ਆਪਣੇ ਪਤੀ ਦੀ ਕਸੂਤੀ ਹਾਲਤ ਤਾੜ ਕੇ ਕੁਲਵੰਤ ਕੌਰ ਨੇ ਦਖ਼ਲ ਦਿੰਦਿਆਂ ਕਿਹਾ, “ਗੁੱਗੂ, ਤੂੰ ਹੀ ਦੱਸ ਕਿ ਅਸੀਂ ਤੇਰੇ ਤੇ ਸੰਨੀ ਵਿਚ ਕਦੇ ਕੋਈ ਫ਼ਰਕ ਸਮਝਿਆ ਏ?”

“ਜੇ ਤੁਸੀਂ ਫ਼ਰਕ ਨਹੀਂ ਸਮਝਿਆ ਤਾਂ ਮੈਂ ਵੀ ਤੁਹਾਡਾ ਪੁੱਤਰ ਹੋਣ ਦੇ ਫ਼ਰਜ਼ ਹੀ ਨਿਭਾ ਰਹੀ ਹਾਂ ਨਾ,” ਸੰਨੀ ਦੇ ਇਸ ਜੁਆਬ ਨੇ ਉਸ ਦੇ ਮਾਪਿਆਂ ਦੀਆਂ ਜ਼ਬਾਨਾਂ ਨੂੰ ਜੰਦਰੇ ਲਾ ਦਿੱਤੇ।

“ਮੌਮ, ਮੈਨੂੰ ਪਤੈ, ਤੁਹਾਡੇ ਮਨਾਂ ਵਿਚ ‘ਲੋਕ ਕੀ-ਕੀ ਕਹਿੰਦੇ ਆ?’ ਵਰਗੇ ਹੀ ਕਈ ਹੋਰ ਸੁਆਲ ਵੀ ਹੋਣਗੇ। ਇਸ ਤਰ੍ਹਾਂ ਦੇ ਸੁਆਲ ਪੁੱਛਣ ਦੇ ਹੱਕ, ਉਨ੍ਹਾਂ ਹੀ ਮਾਪਿਆਂ ਨੂੰ ਹੁੰਦੇ ਨੇ, ਜਿਨ੍ਹਾਂ ਨੇ ਆਪਣੀ ਆਲ-ਔਲਾਦ ਲਈ ਆਪਣੇ ਸਾਰੇ ਫ਼ਰਜ਼ ਪੂਰੇ ਕੀਤੇ ਹੋਣ। ਮੈਂ ਪੰਦਰਾਂ-ਸੋਲ਼ਾਂ ਸਾਲਾਂ ਦੀ ਉਮਰ ਦੀ ਸਾਂ, ਜਦੋਂ ਤੋਂ ਕਦੇ ਬੇਕਰੀ ਵਿਚ, ਕਦੇ ਕਿਸੇ ਫਰਮ ਵਿਚ, ਮਰਦਾਂ ਦੇ ਨਾਲ਼ ਬਹਿ-ਬਹਿ ਕੰਮ ਕਰ-ਕਰ ਕੇ, ਤੁਹਾਡੀਆਂ ਲੋੜਾਂ ਪੂਰੀਆਂ ਕਰਦੀ ਆ ਰਹੀ ਹਾਂ। ਉਦੋਂ ਤੁਸੀਂ ਮੈਨੂੰ ਮਰਦਾਂ ਵਾਂਗ ਹੀ ਮਰਦਾਂ ਦੇ ਬਰਾਬਰ ਕੰਮ ਕਰਨੋਂ ਕਿਉਂ ਨਾ ਵਰਜਿਆ?” ਹਰਪਾਲ ਸਿੰਘ ਅਤੇ ਕੁਲਵੰਤ ਕੌਰ ਦੇ ਨਾਲ਼ ਹੀ ਉਨ੍ਹਾਂ ਦੇ ‘ਸੋਨੇ ਪੁੱਤ’ ਸਬਰ ਸੰਤੋਖ ਸਿੰਘ ਹਾਂਡਾ ਨੇ ਵੀ ਨੀਵੀਂ ਪਾਈ ਹੋਈ ਸੀ।

“ਮੌਮ, ਹਰ ਮਹੀਨੇ ਘਰ ਵਿਚ, ਗੋਰਿਆਂ ਦੇ ਘਰੀਂ ਆਉਂਦੀ ਗਰੋਸਰੀ ਵਰਗੀ ਗਰੋਸਰੀ ਆਉਂਦੀ ਦੇਖ ਕੇ ਤਾਂ ਤੂੰ ਕਦੇ ਨਹੀਂ ਕਿਹਾ ਕਿ ਗੁੱਗੂ ਏਨਾ ਮਹਿੰਗਾ ਸਾਮਾਨ ਨਾ ਭੇਜਿਆ ਕਰ। ਜਿਸ ਵਿਸਕੀ ਦਾ ਪਊਆ-ਪਊਆ, ਤੂੰ ਲੁਕੋ-ਲੁਕੋ ਰੱਖਦੀ ਹੁੰਦੀ ਸੀ, ਹੁਣ ਚੜ੍ਹੇ ਮਹੀਨੇ, ਉਸ ਤੋਂ ਵੀ ਕਿਤੇ ਵਧੀਆ ਵਿਸਕੀ ਦਾ ਕੇਸ, ਤੈਨੂੰ ਘਰੇ ਪਹੁੰਚਦਾ ਏ ਕਿ ਨਹੀਂ?” ਆਪਣੀ ਧੀ ਦੇ ਇੰਨੇ ਤਿੱਖੇ ਸੁਆਲਾਂ ਅੱਗੇ ਨਾ ਠਹਿਰਦਿਆਂ, ਹਰਪਾਲ ਸਿੰਘ ਪਿਸ਼ਾਬ ਕਰਨ ਦੇ ਬਹਾਨੇ ਉੱਠ ਕੇ ਵਾਸ਼ਰੂਮ ‘ਚ ਜਾ ਵੜਿਆ ਤਾਂ ਕੁਲਵੰਤ ਕੌਰ ਨੇ ਸੰਨੀ ਦਾ ਚਿਹਰਾ ਆਪਣੇ ਹੱਥਾਂ ਵਿਚ ਲੈ ਕੇ, ਤਰਲਾ ਜਿਹਾ ਕਰ ਕੇ ਕਿਹਾ, “ਨੀ ਧੀਏ, ਮੈਂ ਮੰਨਦੀ ਹਾਂ ਕਿ ਮੈਨੂੰ ਇਹ ਬਿਮਾਰੀ ਚੁੰਬੜ ਗਈ ਏ, ਪਰ ਤੂੰ ਹੁਣ ਮੇਰੀ ਮਜਬੂਰੀ ਸਮਝਣ ਦੀ ਥਾਂ, ਮੈਨੂੰ ਇਸ ਤਰ੍ਹਾਂ ਛੱਜ ਵਿਚ ਪਾ ਕੇ ਤਾਂ ਨਾ ਛੱਟ! ਮੈਂ ਤੇਰੀ ਮਿੰਨਤ ਕਰਦੀ ਆਂ, ਤੂੰ ਮੇਰੀ ਇਸ ਬਿਮਾਰੀ ਦਾ ਇਲਾਜ ਕਰਾਉਣ ਖ਼ਾਤਰ ਮੈਨੂੰ ਕਿਸੇ ਹੌਸਪੀਟਲ ’ਚ ਐਡਮਿਟ ਕਰਾ ਦੇ।”

“ਤੇਰੇ ਇਲਾਜ ਉੱਤੇ ਵੀ ਮੈਨੂੰ ਉਹੀ ਡੌਲਰ ਖ਼ਰਚਣੇ ਪੈਣੇ ਨੇ ਮੌਮ, ਜੋ ਮੈਂ ਆਪਣੇ ਉਸ ‘ਕੰਮ’ ਤੋਂ ‘ਕਮਾਉਂਨੀ’ ਹਾਂ, ਜਿਸ ਦੇ ਖ਼ਿਲਾਫ਼ ਤੁਸੀਂ ਅੱਜ ਇਹ ‘ਹੀਅਰਿੰਗ’ ਕੀਤੀ ਹੋਈ ਏ। ਸੁਣ ਲੈ ਮੌਮ, ਤੁਹਾਨੂੰ ਇਸ ਉਮਰੇ ਰੁਲਣ ਲਈ ਛੱਡਣ ਦੀ ਥਾਂ, ਮੈਂ ‘ਨੰਗੇ ਧੜ’ ਲੜਦਿਆਂ, ਤੁਹਾਡੇ ਤੋਂ ਤੇ ਆਪਣੇ ਘਰ-ਪਰਿਵਾਰ ਤੋਂ ਬੇਮੁਖ ਨਹੀਂ ਹੋਈ। ਇਸੇ ਹੀ ‘ਕੰਮ’ ਦੀ ਵਜ੍ਹਾ ਨਾਲ਼ ਮੈਨੂੰ ‘ਪੈਂਟਹਾਊਸ ਪੈੱਟ ਆਫ ਦ ਯੀਅਰ’ ਚੁਣ ਕੇ ਅਗਲਿਆਂ ਨੇ ਇਕ ਲੱਖ ਡਾਲਰ ਮੇਰੀ ਝੋਲ਼ੀ ਪਾਇਆ ਸੀ। ਜਿਨ੍ਹਾਂ ਨੇ ਤੁਹਾਨੂੰ ਗੁਰੂ-ਘਰ ਦੀਆਂ ਪੌੜੀਆਂ ਵੀ ਚੜ੍ਹਨੋਂ ਰੋਕ ਦਿੱਤੈ ਤੇ ਜਿਨ੍ਹਾਂ ਦੀਆਂ ਗੱਲਾਂ ਤੁਹਾਨੂੰ ਛੁਰੀਆਂ ਵਾਂਗ ਚੁੱਭਦੀਆਂ ਨੇ, ਉਨ੍ਹਾਂ ਨੂੰ ਸਾਲ-ਸਾਲ ਭਰ ਭੱਸੜ ਭਨਾ ਕੇ ਵੀ, ਇੰਨੇ ਪੈਸੇ ਇਕੋ ਵਾਰ ਨਹੀਂ ਮਿਲਦੇ। ਜਿਹੜੀਆਂ ਅਣਖਾਂ-ਇੱਜ਼ਤਾਂ ਦਾ ਫ਼ਿਕਰ ਤੈਨੂੰ ਹੁਣ ਇਕ ਦਮ ਪੈ ਗਿਆ ਏ ਮੌਮ, ਉਨ੍ਹਾਂ ਬਦਲੇ ਇਕ ਕੱਪ ਕੌਫੀ ਵੀ ਨਹੀਂ ਆਉਂਦੀ ਇਨ੍ਹਾਂ ਕੰਟਰੀਜ਼ ਵਿਚ।”

ਸੰਨੀ ਹੌਂਡਾ ਦੀ ਜ਼ਿੰਦਗੀ ਦੇ ਇਸ ਹਕੀਕੀ ਦ੍ਰਿਸ਼ ਬਾਰੇ, ਉਸ ਸਬੰਧੀ ਬਣੀ ਹੋਈ ਦਸਤਾਵੇਜ਼ੀ ਫ਼ਿਲਮ ਵਿਚ, ਉਸ ਦੇ ਭਰਾ ਨੂੰ ਇਹ ਕਹਿੰਦਾ ਦਿਖਾਇਆ ਹੋਇਆ ਹੈ, “ਸੰਨੀ ਨੇ ਬੇਝਿਜਕ ਹੋ ਕੇ ਇਹ ਕਹਿ ਦਿੱਤਾ ਸੀ: ਹਾਂ ਮੈਂ ‘ਅਡੱਲਟ ਐਂਟਰਟੇਨਮੈਂਟ ਇੰਡਸਟਰੀ’ ਵਿਚ ‘ਕੰਮ’ ਕਰਦੀ ਹਾਂ। ਇਸ ਇੰਡਸਟਰੀ ਨੇ ਮੈਨੂੰ ਮੇਰਾ ਅੱਜ ਦਾ ਮੁਕਾਮ ਹੀ ਨਹੀਂ ਦਿੱਤਾ, ਸਗੋਂ ਸਾਰੀਆਂ ਸੁੱਖ-ਸਹੂਲਤਾਂ ਵੀ ਦਿੱਤੀਆਂ ਨੇ।”

ਇਸੇ ਹੀ ਦਸਤਾਵੇਜ਼ੀ ਫ਼ਿਲਮ ਵਿਚ ਜਦੋਂ ਇਕ ਪੱਤਰਕਾਰ ਨੇ ਸੰਨੀ ਨੂੰ ਇਹ ਪੁੱਛਿਆ ਕਿ ਕੀ ਉਸ ਨੇ ਇਨ੍ਹਾਂ ਫ਼ਿਲਮਾਂ ਵਿਚ ਕੰਮ ਕਰਨ ਖ਼ਾਤਰ, ਆਪਣਾ ਧੜ ਨੰਗਾ ਕਰਨ ਲਈ, ਆਪਣੇ ਮਾਪਿਆਂ ਤੋਂ ਇਜਾਜ਼ਤ ਲਈ ਸੀ ਤਾਂ ਸੰਨੀ ਨੇ ਇਹ ਜੁਆਬ ਦਿੱਤਾ ਸੀ, “ਜਦੋਂ ਤੁਹਾਡੀ ਕੰਪਨੀ ਨੇ ਤੁਹਾਨੂੰ ਮੇਰੇ ਵਰਗੀ ‘ਗੰਦੀ ਤੇ ਨਖਿੱਧ’ ਸਮਝੀ ਜਾਂਦੀ ਔਰਤ ਨਾਲ਼ ਗੱਲ-ਬਾਤ ਕਰਨ ਦਾ ਹੁਕਮ ਦਿੱਤਾ ਸੀ ਤਾਂ ਤੁਸੀਂ ਅੱਜ ਕੈਮਰੇ ਦੇ ਸਾਹਮਣੇ ਆਉਣ ਤੋਂ ਪਹਿਲਾਂ, ਆਪਣੇ ਪੇਰੈਂਟਸ ਤੋਂ ਇਸ ਬਾਰੇ ਇਜਾਜ਼ਤ ਲੈ ਕੇ ਆਏ ਹੋ?”



ਸੰਨੀ ਨੂੰ ਆਪਣੀ ਮਾਂ ਨਾਲ਼ ਇਸ ਤਰ੍ਹਾਂ ਮੁਖ਼ਾਤਿਬ ਹੁੰਦਿਆਂ, ਇਸ ਦਸਤਾਵੇਜ਼ੀ ਫ਼ਿਲਮ ਵਿਚ ਦਿਖਾਇਆ ਹੋਇਆ ਹੈ, “ਮੌਮ, ਜੇ ਤੂੰ ਚਾਹੁਨੀਂ ਏ ਤਾਂ ਮੈਂ ਇਹ ‘ਗੰਦਾ ਕੰਮ’ ਛੱਡ ਦਿੰਨੀ ਹਾਂ। ਮੈਂ ਆਪਣੀ ਕੰਪਨੀ ਨਾਲ਼ ਤਿੰਨ ਸਾਲ ਦਾ ਐਗਰੀਮੈਂਟ ਕੀਤਾ ਹੋਇਐ ਤੇ ਇਸ ਦੀ ਇਕ ਸ਼ਰਤ ਇਹ ਵੀ ਹੈ ਕਿ ਜੇ ਮੈਂ ਇਹ ਐਗਰੀਮੈਂਟ ਅੱਧ-ਵਿਚਾਲਿਉਂ ਤੋੜ ਦਿੰਦੀ ਹਾਂ ਤਾਂ ਮੈਨੂੰ, ਇਸ ਦੇ ਹਰਜਾਨੇ ਦੇ ਰੂਪ ਵਿਚ ਕੰਪਨੀ ਨੂੰ ਪੰਜ ਲੱਖ ਡਾਲਰ ਦੇਣੇ ਪੈਣਗੇ। ਦੇਵੇਂਗੀ ਮੈਨੂੰ ਇੰਨੀ ਰਕਮ?”

“ਕੁੜੇ ਧੀਏ, ਮੈਂ ਤਾਂ ਆਪਣੀ ਜਿੰਦ-ਜਾਨ ਵੇਚ ਕੇ ਵੀ ਇੰਨੀ ਰਕਮ ਨਹੀ ਦੇ ਸਕਦੀ।” ਕੁਲਵੰਤ ਕੌਰ ਡਡਿਆਉਂਦੀ ਦਿਸੀ।

“ਮੌਮ, ਹਰ ਜਨਾਨੀ ਨੇ ਕਰਨਾ ਤਾਂ ‘ਉਹੀ ਕੁਛ’ ਹੁੰਦੈ, ਜੋ ਮੈਂ ਇਨ੍ਹਾਂ ਫ਼ਿਲਮਾਂ ਵਿਚ ਕਰਦੀ ਹਾਂ। ਕਈ ਤਾਂ ‘ਇਹੋ ਕੰਮ’, ਘਰ ਦੀ ਸਾਫ਼-ਸਫ਼ਾਈ ਤੇ ਚੁੱਲ੍ਹਾ-ਚੌਂਕਾ ਕਰਦਿਆਂ ਵੀ ਕਰਦੀਆਂ ਰਹਿੰਦੀਆਂ ਨੇ ਤੇ ਮੈਨੂੰ ਇਸ ‘ਕੰਮ’ ਵੱਟੇ ਰਕਮਾਂ ਮਿਲਦੀਆਂ ਨੇ। ਆਪਣੇ ਇਹੋ ਰਿਵਾਜ ਏ ਨਾ ਪਈ ਜੁਆਨ ਧੀਆਂ ਉੱਤੇ ਪਹਿਰਾ ਦਿਓ, ਉਨ੍ਹਾਂ ਨੂੰ ਪਰਾਏ ਮਰਦਾਂ ਦੇ ਪ੍ਰਛਾਵੇਂ ਤੋਂ ਵੀ ਬਚਾ ਕੇ ਰੱਖੋ ਤੇ ਜਦੋਂ ਚਿੱਤ ਕਰੇ, ਮੱਝਾਂ-ਗਾਂਵਾਂ ਵਾਂਗ, ਉਨ੍ਹਾਂ ਦਾ ਰੱਸਾ, ਕਿਸੇ ਵੀ ਤਰ੍ਹਾਂ ਦੇ, ਕਿਸੇ ਵੀ ਉਸ ਬੇਗਾਨੇ ਪੁੱਤ ਨੂੰ ਫੜਾ ਦਿਓ, ਜਿਸ ਨੂੰ ਤੁਹਾਡੀ ਧੀ ਨੇ ਦੇਖਿਆ-ਚਾਖਿਆ ਵੀ ਨਹੀਂ ਹੁੰਦਾ? ਮੈਂ ਤਾਂ, ਪਸੰਦ ਨਾ ਆਉਣ ‘ਤੇ ਕਿਸੇ ਨੂੰ ਅੰਗ ਲਾਉਣੋਂ ਇਨਕਾਰ ਵੀ ਕਰ ਸਕਦੀ ਹਾਂ। ਤੂੰ ਹੀ ਦੱਸ ਪਈ ਰਾਣੀਆਂ ਦੀ ਵੀ ਇੰਨੀ ਕਦਰ ਹੁੰਦੀ ਹੋਊ?”

“ਫੇਰ ਮੈਂ ਆਪਣੇ ਸਾਕ-ਸਬੰਧੀਆਂ ਜਾਂ ਰਿਸ਼ਤੇਦਾਰਾਂ ਦੇ ਮੱਥੇ ਲੱਗਣਾ ਤਾਂ ਛੱਡ ਹੀ ਦਿਆਂ ਧੀਏ,” ਕੁਲਵੰਤ ਕੌਰ ਨੇ ਆਪਣੀ ‘ਵਿਗੜੀ ਹੋਈ ਧੀ’ ਅੱਗੇ ਹਥਿਆਰ ਸੁੱਟ ਹੀ ਦਿੱਤੇ ਲੱਗਦੇ ਸਨ।

“ਉਨ੍ਹਾਂ ਦੇ ਮੱਥੇ ਲੱਗ ਕੇ ਜਿਹੜੀਆਂ ਟਿੰਡੀਆਂ ਲੈਣੀਆਂ, ਉਹ ਮੈਨੂੰ ਦੱਸ। ਮੇਰਾ ਆਫ਼ਿਸ ਬੁਆਏ ਉਹ ਵੀ ਅਗਲੀ ਵਾਰ ਲਿਆ ਦਊ,” ਸੰਨੀ ਨੇ ਸੌ ਨਾਲ਼ ਦੀ ਇਕ ਸੁਣਾ ਦਿੱਤੀ ਸੀ, “ਨਾਲ਼ੇ ਮੌਮ, ਤੇਰੀਆਂ ਰਿਸ਼ਤੇਦਾਰਨੀਆਂ ਤੇ ਸਾਕ-ਸਬੰਧਣਾਂ ਨੂੰ ਤੇਰੀ ਸ਼ਰਾਬ ਬਾਰੇ ‘ਚੱਕਵੀਆਂ-ਚੱਕਵੀਆਂ ਗੱਲਾਂ’ ਕਰਨ ਤੋਂ ਵਿਹਲ ਲੱਗੂ ਤਾਂ ਹੀ ਉਹ ਮੇਰਾ ‘ਕੰਮ’ ਪੁਣਨ-ਛਾਨਣਗੀਆਂ। ਦਾਦੀ ਤੇ ਭੂਆ ਨੇ ਤਾਂ ਪਿਛਲੀ ਮੁਲਾਕਾਤੇ ਹੀ ਤੇਰੇ ਝੰਡੇ ਝੁਲਾ ਦਿੱਤੇ ਸੀ।”

---

ਦਾਨਿਸ਼ ਨੇ ਦੇਖਿਆ ਕਿ ਚੰਨੀ ਹੌਂਡਾ ਤੋਂ ਸੰਨੀ ਹੌਂਡਾ ਬਣੀ, ਇਸ ‘ਵਿਗੜੀ ਹੋਈ ਕੁੜੀ’ ਦਾ ਕਿਰਦਾਰ ਤਾਂ ‘ਇਨਕਲਾਬੀ ਜਿਹਾ’ ਬਣਦਾ ਜਾ ਰਿਹਾ ਹੈ। ਇਸ ਤਰ੍ਹਾਂ, ਉਸ ਨੂੰ ਇਹ ਵੀ ਲੱਗਣ ਲੱਗ ਪਿਆ ਕਿ ਇਹ ਵੈੱਬ ਸੀਰੀਜ਼ ਬਾਮਕਸਦ ਵੀ ਹੋ ਜਾਏਗੀ ਤੇ ਅਸਿੱਧੇ ਢੰਗ ਨਾਲ਼, ‘ਧੀਆਂ-ਧਿਆਣੀਆਂ ਨਾਲ਼ ਧੱਕਾ’ ਕਰਨ ਵਾਲਿਆਂ ਦੇ ਸਿਰ-ਖੇਹ ਪਾਉਣ ਦਾ ਹੀਲਾ ਵੀ ਹੋ ਜਾਏਗਾ। ਉਸ ਨੇ ਦੇਖਿਆ ਕਿ ਸੰਨੀ ਬਾਰੇ ਬਣਾਈ ਹੋਈ ਦਸਤਾਵੇਜ਼ੀ ਫ਼ਿਲਮ ਵਿਚ, ਉਸ ਦੇ ਭਰਾ ਨੂੰ ਆਪਣੀ ਮਾਂ ਦੀ ਗੱਲ ਕਰਦਿਆਂ, ਇਹ ਕਹਿੰਦਾ ਦਿਖਾਇਆ ਹੋਇਆ ਹੈ, “ਸਾਡੀ ਮੌਮ ਬਹੁਤ ਵੱਡੀ ਪਿਅੱਕੜ ਸੀ, ਪਰ ਇਸ ਦੇ ਬਾਵਜੂਦ ਉਹ ਸਾਡਾ ਬਹੁਤ ਫ਼ਿਕਰ ਕਰਿਆ ਕਰਦੀ ਸੀ। ਜਦੋਂ ਉਸ ਨੂੰ ਪਤਾ ਲੱਗਿਆ ਕਿ ਗੰਦੀਆਂ ਫ਼ਿਲਮਾਂ ਵਿਚ ਕੰਮ ਕਰਨ ਦੀ ਵਜ੍ਹਾ ਨਾਲ਼, ਉਨ੍ਹਾਂ ਦੀ ਕੁੜੀ ਵਿਗੜ ਗਈ ਏ ਤਾਂ ਸਾਡੀ ਮਾਂ ਦਾ ਸੀਨਾ ਦਰਦ ਨਾਲ਼ ਵਿੰਨਿਆ ਗਿਆ ਸੀ, ਉਸ ਦੇ ਸੀਨੇ ਸੱਲ ਪੈ ਗਿਆ ਸੀ ਤੇ ਮਨ ਨਸੂਰਿਆ ਗਿਆ ਸੀ। ਉਸ ਨੇ ਸ਼ਰਾਬ ਨੂੰ ਆਪਣੇ ਵਿੰਨੇ ਹੋਏ ਸੀਨੇ ਦੀ ਦਾਰੂ ਬਣਾ ਲਿਆ ਹੋਇਆ ਸੀ ਤੇ ਉਹ, ਉਸੇ ਵਿਚੋਂ ਹੀ ‘ਪਰਮ ਆਨੰਦ’ ਭਾਲਣ ਲੱਗ ਪਈ ਸੀ।”

ਆਖ਼ਰਕਾਰ, ਸ਼ਰਾਬ ਨੇ ਕੁਲਵੰਤ ਕੌਰ ਨੂੰ ਲੈ ਹੀ ਲਿਆ ਤੇ ਹਰਪਾਲ ਸਿੰਘ ਵੀ ਬਿਮਾਰ ਰਹਿਣ ਲੱਗ ਪਿਆ ਕਿਉਂ ਕਿ ਉਸ ਨੂੰ ਕੈਂਸਰ ਜਿਹੀ ਨਾਮੁਰਾਦ ਬਿਮਾਰੀ ਲੱਗ ਗਈ ਸੀ। ਉਹ ਦੋਵੇਂ ਅੱਗੜ-ਪਿੱਛੜ ਹੀ ਰੱਬ ਨੂੰ ਪਿਆਰੇ ਹੋ ਗਏ। ਸੰਨੀ ਹੌਂਡਾ ਆਪਣੇ ਮਾਪਿਆਂ ਦੀਆਂ ਅਸਥੀਆਂ ਲੈ ਕੇ ਭਾਰਤ ਗਈ ਤੇ ਉੱਥੇ ਉਨ੍ਹਾਂ ਨੂੰ, ਗੰਗਾ ਵਿਚ ਪਾਉਣ ਦੇ ਨਾਲ਼-ਨਾਲ, ਉਨ੍ਹਾਂ ਦਾ ਕੁੱਝ ਹਿੱਸਾ ਸਮੁੰਦਰ ਵਿਚ ਵੀ ਪਾ ਆਈ। ਭਾਰਤ ਜਾ ਕੇ ਸੰਨੀ ਹੌਂਡਾ ਨੇ ਇਹ ਗੱਲ ਮਹਿਸੂਸ ਹੀ ਨਹੀਂ ਕਰ ਲਈ, ਸਗੋਂ ਆਪਣੇ ਹੱਡੀਂ ਵੀ ਹੰਢਾ ਲਈ ਕਿ ਉਸ ਵੱਲੋਂ ‘ਗੰਦੇ ਕੰਮ’ ਕਰਨ ਅਤੇ ‘ਵਿਗੜੀ ਹੋਈ’ ਹੋਣ ਦੀ ਵਜ੍ਹਾ ਨਾਲ਼, ਉਨ੍ਹਾਂ ਦੇ ਕਿਸੇ ਵੀ ਰਿਸ਼ਤੇਦਾਰ ਨੇ, ਉਸ ਦੁੱਖ ਦੀ ਘੜੀ ਵਿਚ ਉਸ ਦੀ ਤੇ ਉਸ ਦੇ ਭਰਾ ਦੀ ਬਾਂਹ ਨਹੀਂ ਫੜੀ ਸੀ।

ਇਸ ਦੌਰਾਨ ਹੀ ਸੰਨੀ ਨੇ ਆਪਣੇ ਨਾਲ਼ ਫ਼ਿਲਮਾਂ ਵਿਚ ਕੰਮ ਕਰਦੇ ਰਹੇ ਡੈਨੀਅਲ ਉਰਫ਼ ਡੈਨੀ ਨਾਲ਼ ਵਿਆਹ ਕਰਾ ਲਿਆ ਕਿਉਂ ਕਿ ਉਹੀ ਸੀ, ਜੋ ਉਸ ਦੇ ਦੁੱਖ-ਦਰਦ ਵੇਲ਼ੇ ਉਸ ਨਾਲ਼ ਖੜ੍ਹਾ ਰਿਹਾ ਸੀ। ਡੈਨੀ ਹੀ ਉਸ ਦਾ ਸਾਰਾ ਕਾਰੋਬਾਰ ਤੇ ਲੇਖਾ-ਜੋਖਾ ਸੰਭਾਲਦਾ ਹੁੰਦਾ ਸੀ। ਇਕ ਤਰ੍ਹਾਂ ਨਾਲ਼ ਡੈਨੀ ਹੀ ਸੀ, ਜਿਸ ਨੇ ਸੰਨੀ ਨੂੰ ਭਾਰਤ ਜਾ ਕੇ, ਮੁੰਬਈ ਦੀ ‘ਰੰਗ ਨਗਰੀ’ ਵਿਚ ਆਪਣਾ ਮੁਕੱਦਰ ਅਜ਼ਮਾਉਣ ਲਈ ਪ੍ਰੇਰਿਆ-ਉਕਸਾਇਆ ਸੀ।

---

ਸਕਰਿਪਟ ਦੇ ਇਸ ਪੜਾਅ ‘ਤੇ ਦਾਨਿਸ਼ ਨੇ ਆਪਣੇ ਲੈਪਟਾਪ ਦਾ ਕਵਰ ਬੰਦ ਕਰ ਦਿੱਤਾ ਕਿਉਂ ਕਿ ਉਹ ਇਹ ਸੋਚਣ ਲੱਗ ਪਿਆ ਸੀ ਕਿ ਭਾਵੇਂ ਸੰਨੀ ਹੌਂਡਾ ਨੇ ਤਰਨ ਲਈ ‘ਬਦਨਾਮ ਸਮੁੰਦਰ’ ਹੀ ਚੁਣਿਆ, ਪਰ ਉਹ ਨਿਰੀ ‘ਮੋਮ ਦੀ ਗੁੱਡੀ’ ਨਹੀਂ ਸੀ। ਉਸ ਦੇ ਅੰਦਰ ਕੁੱਝ ਉਹ ਸਿਫ਼ਤਾਂ ਵੀ ਸਨ, ਜੋ ਹਰ ਜਣੇ-ਖਣੇ ਅੰਦਰ ਨਹੀਂ ਹੁੰਦੀਆਂ। ਉਹ ਲੇਖਕਾ ਵੀ ਸੀ ਤੇ ਉਸ ਨੂੰ ਕਾਰੋਬਾਰ ਕਰਨਾ ਹੀ ਨਹੀਂ, ਚਲਾਉਣਾ ਵੀ ਆਉਂਦਾ ਸੀ। ਉਸ ਨੇ ਕੁੱਝ ਕਹਾਣੀਆਂ ਵੀ ਲਿਖੀਆਂ ਹੋਈਆਂ ਸਨ, ਜੋ ਇਕ ‘ਈ-ਬੁੱਕ’ ਦੇ ਰੂਪ ਵਿਚ ਪ੍ਰਕਾਸ਼ਤ ਵੀ ਕੀਤੀਆਂ ਗਈਆਂ। ਇਕ ਕੰਪਨੀ ਨੇ ਆਪਣੀ ਐਪ ਰਾਹੀਂ ਉਹ ‘ਕਹਾਣੀ ਸੰਗ੍ਰਹਿ’ ਰਿਲੀਜ਼ ਵੀ ਕੀਤਾ ਸੀ। ਇਸ ਤੋਂ ਇਲਾਵਾ ਇਨ੍ਹਾਂ ਕਹਾਣੀਆਂ ਦੇ ਆਧਾਰ ‘ਤੇ ਹੀ 200 ਸਫ਼ਿਆਂ ਦੀ ਇਕ ਕਿਤਾਬ ਦਾ ਪੇਪਰਬੈਕ ਐਡੀਸ਼ਨ ਵੀ ਜਾਰੀ ਕੀਤਾ ਗਿਆ ਸੀ।

ਸਕਰਿਪਟ ਲਿਖਣ ਦੇ ਮਕਸਦ ਨਾਲ਼ ਖੋਜ ਕਾਰਜ ਕਰਦਿਆਂ ਦਾਨਿਸ਼ ਨੇ, ਇੰਟਰਨੈੱਟ ਤੋਂ ਹੀ ਪਤਾ ਕੀਤਾ ਕਿ ਅੰਗਰੇਜ਼ੀ ਦੇ ਬਹੁਤ ਸਾਰੇ ਵੱਡੇ ਅਖ਼ਬਾਰਾਂ ਨੇ ਸੰਨੀ ਦੇ ਉਸ ‘ਕਹਾਣੀ ਸੰਗ੍ਰਹਿ’ ਦੀਆਂ ਸਮੀਖਿਆਵਾਂ ਵੀ ਛਾਪੀਆਂ ਸਨ। ਅੰਗਰੇਜ਼ੀ ਦੇ ਇਕ ਕੌਮੀ ਅਖ਼ਬਾਰ ਨੇ ਸੰਨੀ ਦੀਆਂ ਕਹਾਣੀਆਂ ਦੇ ਸਬੰਧ ਵਿਚ ਇਸ ਤਰ੍ਹਾਂ ਲਿਖਿਆ ਸੀ, “ਸੰਨੀ ਦੀਆਂ ਕਹਾਣੀਆਂ ਬਹੁਤ ਹੀ ਆਸ਼ਾਵਾਦੀ ਹਨ। ਉਸ ਦੇ ਕਿਰਦਾਰ ਗੁੰਝਲਦਾਰ ਜਾਂ ਬਦਨੁਮਾ ਨਹੀਂ ਹਨ। ਉਹ, ਇਹੋ ਜਿਹੇ ਸੰਸਾਰ ਵਿਚ ਵਿਚਰਦੇ ਹਨ, ਜੋ ਗੁਲਾਬੀ ਦਿਲਾਂ ਤੇ ਧੁੰਧਲੀਆਂ ਜਿਹੀਆਂ ਲੋਆਂ ਵਾਲ਼ੀ ‘ਵੈਲੇਨਟਾਈਨ’ਜ਼ ਲੈਂਡ’ ਨਾਲ਼ ਲੱਗਦਾ ਹੈ।”

ਖ਼ਬਰ ਏਜੰਸੀ ‘ਪੀ. ਟੀ. ਆਈ.’ ਨੂੰ ਦਿੱਤੇ ਇਕ ਇੰਟਰਵਿਊ ਵਿਚ, ਸੰਨੀ ਹੌਂਡਾ ਨੇ ਇਹ ਕਿਹਾ ਹੋਇਆ ਹੈ, “ਇਹ ਕਿਤਾਬ, ਮਰਦਾਂ ਅਤੇ ਔਰਤਾਂ ਦੋਹਾਂ ਦੇ ਹੀ ਪਰਿਪੇਖ ਤੋਂ ਲਿਖੀ ਹੋਈ ਹੈ, ਪਰ ਫਿਰ ਵੀ ਮੁੱਖ ਰੂਪ ਵਿਚ ਔਰਤਾਂ ਲਈ ਹੈ। ਮੈਂ ਇਹ ਕਹਾਣੀਆਂ ਲਿਖਦਿਆਂ, ਇਸ ਗੱਲ ਦਾ ਖ਼ਾਸ ਖ਼ਿਆਲ ਰੱਖਿਆ ਹੈ ਕਿ ਇਹ ਕਹਾਣੀਆਂ, ਔਰਤਾਂ ਨੂੰ ਤਾਂ ਪਸੰਦ ਆਉਣਗੀਆਂ ਹੀ ਆਉਣਗੀਆਂ। ਉਂਝ ਲਿਖਣ ਸਬੰਧੀ ਇਹ ਮੇਰਾ ਪਲੇਠਾ ਹੀਲਾ ਹੀ ਏ।”

‘ਐਲ’ਜ਼’ ਮੈਗਜ਼ੀਨ ਨੇ ਵੀ ‘ਲੋਰੀਆਂ’ ਨਾਂ ਦੀ ਇਸ ਕਿਤਾਬ ਨੂੰ, 2016 ਵਿਚ ਆਪਣੇ ‘ਇਸ ਹਫ਼ਤੇ ਦੀ ਕਿਤਾਬ’ ਨਾਂ ਦੇ ਕਾਲਮ ਵਿਚ ਥਾਂ ਦਿੱਤੀ ਸੀ। ਇਸ ਕਾਲਮ ਵਿਚ, ਇਸ ਕਿਤਾਬ ਬਾਰੇ ਇਸ ਤਰ੍ਹਾਂ ਲਿਖਿਆ ਗਿਆ ਸੀ, “ਇਨ੍ਹਾਂ ਕਹਾਣੀਆਂ ਵਿਚੋਂ ਰਚਨਾਤਮਕ ਪੱਖੋਂ ਭਰਮਾਊ ਦ੍ਰਿਸ਼ ਜਾਂ ਇਸੇ ਤਰ੍ਹਾਂ ਦਾ ਹੋਰ ਕੁੱਝ ਲੱਭਣ ਦੇ ਹੀਲੇ ਨਾ ਕੀਤੇ ਜਾਣ ਕਿਉਂ ਕਿ ਲੇਖਕਾ ਵਜੋਂ ਸੰਨੀ ਬਹੁਤ ਬਚ-ਬਚ ਕੇ ਖੇਡੀ ਹੈ।”

ਇਸ ਤੋਂ ਇਲਾਵਾ, ਸੰਨ 2004 ਵਿਚ ਸੰਨੀ ਹੌਂਡਾ ਨੇ ਅਮਰੀਕਾ ਵਿਚ ਜਾਰਜ ਬੁਸ਼ ਦੇ ਰਾਜ ਦੇ ਖ਼ਿਲਾਫ਼ ਕੀਤੇ ਗਏ ‘ਨੋ ਮੋਰ ਬੁਸ਼ ਗਰਲਜ਼’ ਨਾਂ ਦੇ ਮੁਜ਼ਾਹਰੇ ਵਿਚ ਵੀ ਹਿੱਸਾ ਲਿਆ ਸੀ। ਸੰਨ 2008 ਵਿਚ ਉਸ ਨੇ ਅਮਰੀਕਾ ਦੀਆਂ ਚੋਣਾਂ ਲਈ, ਅਠਾਰਾਂ ਤੋਂ ਉਣੱਤੀ ਸਾਲਾਂ ਦੇ ਮੁੰਡਿਆਂ-ਕੁੜੀਆਂ ਨੂੰ ਵੋਟਰਾਂ ਵਜੋਂ ਆਪਣੀ ਰਜਿਸਟਰੇਸ਼ਨ ਕਰਾਉਣ ਲਈ ਪ੍ਰੇਰਨ ਖ਼ਾਤਰ ਵਿੱਢੀ ਹੋਈ ਉਪਕਾਰੀ ਮੁਹਿੰਮ ‘ਡੈਕਲੇਅਰ ਯੂਅਰਸੈਲਫ’ ਦੇ ਪ੍ਰਚਾਰ ਲਈ, ਇਕ ਵੀਡੀਓ ਬਣਾਉਣ ਵਿਚ ਯੋਗਦਾਨ ਪਾਇਆ ਸੀ। ਉਸ ਨੇ ਉਸ ਵੀਡੀਓ ਰਾਹੀਂ ਬਰਾਕ ਓਬਾਮਾ ਨੂੰ ਆਪਣਾ ਉਮੀਦਵਾਰ ਕਿਹਾ ਸੀ ਤੇ ਇਸ ਦੀ ਵਜ੍ਹਾ ਇਹ ਦੱਸੀ ਸੀ ਕਿ ਉਸ ਵੱਲੋਂ ਅਮਰੀਕਾ ਦਾ ਰਾਸ਼ਟਰਪਤੀ ਬਣ ਜਾਣ ਨਾਲ਼ ‘ਅਡੱਲਟ ਫ਼ਿਲਮਾਂ’ ਬਣਾਉਣ ਵਾਲ਼ਿਆਂ ਦੇ ਕਾਰੋਬਾਰ ਨੂੰ ਕੋਈ ਸੱਟ ਨਹੀਂ ਵੱਜੇਗੀ।

ਸੰਨੀ ਹੌਂਡਾ ਨੇ 2013 ਵਿਚ ਜਾਨਵਰਾਂ ਦੀ ਭਲਾਈ ਦਾ ਖ਼ਿਆਲ ਰੱਖਦੀ ਇਕ ਸੰਸਥਾ ਦੇ ਇਕ ਇਸ਼ਤਿਹਾਰ ਲਈ ਵੀ ਕੁੱਝ ਤਸਵੀਰਾਂ ਖਿਚਾਈਆਂ ਸਨ ਤੇ ਇਸ ਸੰਸਥਾ (ਪੇਟਾ) ਨੇ ਉਸ ਨੂੰ 2016 ਵਿਚ ‘ਉਸ ਵਰ੍ਹੇ ਦੀ ਖ਼ਾਸ ਸ਼ਖ਼ਸੀਅਤ’ ਐਲਾਨਿਆ ਸੀ।

**⇒ ਬਾਕੀ ਅਗਲੇ ਅੰਕ ਵਿੱਚ**

# ਹਾਕੀ ਦੀ ਗੋਲਡਨ ਗਰਲ ਰਾਜਬੀਰ ਕੌਰ



***ਨਾਮੀ ਖੇਡ ਲੇਖਕ ਨਵਦੀਪ ਸਿੰਘ ਗਿੱਲ ਵੱਲੋਂ 'ਖਿਡਾਰੀ ਪੰਜ-ਆਬ ਦੇ' ਕਾਲਮ ਰਾਹੀਂ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਚੋਟੀ ਦੇ ਖਿਡਾਰੀਆਂ ਦੇ ਖੇਡ ਕਰੀਅਰ ਉਤੇ ਝਾਤ ਪਾਈ ਜਾ ਰਹੀ ਹੈ। ਪੰਜਾਬ ਦੀਆਂ ਖੇਡਾਂ ਵਿੱਚ ਹਾਕੀ ਦਾ ਜ਼ਿਕਰ ਕਰਕੇ ਗੱਲ ਅੱਗੇ ਤੋਰੀਏ ਤਾਂ ਇਸ ਖੇਡ ਨਾਲ ਜੁੜੇ ਕਈ ਐਸੇ ਨਾਮ ਹਨ, ਜਿਨ੍ਹਾਂ ਨੇ ਪੰਜਾਬ ਪੱਧਰ ਜਾਂ ਭਾਰਤ ਪੱਧਰ 'ਤੇ ਹੀ ਮੱਲਾਂ ਨਹੀਂ ਮਾਰੀਆਂ, ਸਗੋਂ ਵਿਸ਼ਵ ਪੱਧਰ 'ਤੇ ਵੀ ਨਾਮਣਾ ਖੱਟਿਆ ਹੈ। ਹਥਲੇ ਲੇਖ ਵਿੱਚ ਹਾਕੀ ਦੀ ਗੋਲਡਨ ਗਰਲ ਵਜੋਂ ਜਾਣੀ ਜਾਂਦੀ ਰਾਜਬੀਰ ਕੌਰ ਦੇ ਖੇਡ ਕਰੀਅਰ ਦਾ ਸੰਖੇਪ ਵੇਰਵਾ ਹੈ। 1982 ਵਿੱਚ ਨਵੀਂ ਦਿੱਲੀ ਵਿਖੇ ਹੋਈਆਂ ਏਸ਼ਿਆਈ ਖੇਡਾਂ ਵਿੱਚ ਰਾਜਬੀਰ ਦੀ ਸਟਿੱਕ ਦਾ ਜਾਦੂ ਇੰਨਾ ਚੱਲਿਆ ਕਿ ਉਸ ਨੇ 16 ਗੋਲ ਕਰ ਕੇ ਟਾਪ ਸਕੋਰਰ ਬਣਨ ਦੇ ਨਾਲ ਭਾਰਤ ਨੂੰ ਸੋਨ ਤਮਗ਼ਾ ਵੀ ਜਿਤਾਇਆ। ਰਾਜਬੀਰ ਨੇ ਆਪਣੇ ਖੇਡ ਕਰੀਅਰ ਵਿੱਚ ਇੱਕ ਵਿਸ਼ਵ ਕੱਪ, ਚਾਰ ਏਸ਼ਿਆਈ ਖੇਡਾਂ, ਤਿੰਨ ਏਸ਼ੀਆ ਕੱਪ ਸਣੇ ਕਈ ਟੂਰਨਾਮੈਂਟਾਂ ਵਿੱਚ ਭਾਰਤ ਦੀ ਨੁਮਾਇੰਦਗੀ ਕਰਦਿਆਂ ਆਪਣੇ ਖੇਡ ਕਰੀਅਰ ਵਿੱਚ 285 ਕੌਮਾਂਤਰੀ ਮੈਚ ਖੇਡੇ ਅਤੇ ਗੋਲਾਂ ਦਾ ਸੈਂਕੜਾ ਮਾਰਿਆ। ਹਾਕੀ ਨੂੰ ਹਰ ਵੇਲੇ ਸਮਰਪਿਤ ਇਹ ਸ਼ਖ਼ਸੀਅਤ ਨਵੀਂ ਉਮਰ ਦੀਆਂ ਖਿਡਾਰਨਾਂ ਲਈ ਪ੍ਰੇਰਨਾ ਸ੍ਰੋਤ ਹੈ।***

**ਖਿਡਾਰੀ ਪੰਜ-ਆਬ ਦੇ (41)**

**ਨਵਦੀਪ ਸਿੰਘ ਗਿੱਲ**
**ਫੋਨ: +91-9780036216**





ਹਾਕੀ ਭਾਰਤ ਦੀ ਕੌਮੀ ਖੇਡ ਹੈ। ਪੁਰਸ਼ ਹਾਕੀ ਵਿੱਚ ਭਾਰਤ ਨੇ ਪੂਰੀ ਦੁਨੀਆਂ 'ਤੇ ਅੱਧੀ ਸਦੀ ਤੋਂ ਵੱਧ ਰਾਜ ਕੀਤਾ ਹੈ। ਭਾਰਤ ਵਿੱਚ ਪੁਰਸ਼ਾਂ ਦੇ ਮੁਕਾਬਲੇ ਮਹਿਲਾ ਹਾਕੀ ਦੀਆਂ ਪ੍ਰਾਪਤੀਆਂ ਘੱਟ ਹਨ, ਪਰ ਫਿਰ ਵੀ ਕੁਝ ਕੁ ਖਿਡਾਰਨਾਂ ਅਜਿਹੀਆਂ ਹਨ, ਜਿਨ੍ਹਾਂ ਨੇ ਆਪਣੀ ਮਿਹਨਤ ਦੇ ਬਲਬੂਤੇ ਜਿੱਥੇ ਮਹਿਲਾ ਹਾਕੀ ਵਿੱਚ ਦੇਸ਼ ਦਾ ਨਾਂ ਰੌਸ਼ਨ ਕੀਤਾ, ਉਥੇ ਪੂਰੀ ਦੁਨੀਆਂ ਵਿੱਚ ਪ੍ਰਸਿੱਧੀ ਵੀ ਖੱਟੀ। ਅਜਿਹੀ ਹੀ ਖਿਡਾਰਨ ਹੈ ਰਾਜਬੀਰ ਕੌਰ। ਰਾਜਬੀਰ ਕੌਰ ਨੇ ਛੋਟੀ ਉਮਰੇ ਹੀ ਆਪਣੀ ਖੇਡ ਦੀ ਧਾਕ ਕੁਲ ਦੁਨੀਆਂ ਵਿੱਚ ਜਮਾ ਦਿੱਤੀ। ਰਾਜਬੀਰ ਦੇ ਹੁੰਦਿਆਂ ਭਾਰਤੀ ਹਾਕੀ ਟੀਮ ਨੇ ਸਭ ਤੋਂ ਵੱਧ ਟੂਰਨਾਮੈਂਟ ਜਿੱਤੇ। ਰਾਜਬੀਰ ਕੌਰ ਨੂੰ ਹਾਕੀ ਵਿਰਸੇ ਵਿੱਚੋਂ ਮਿਲੀ ਅਤੇ ਉਸ ਦਾ ਪੇਕਾ ਤੇ ਸਹੁਰਾ ਪਰਿਵਾਰ- ਦੋਵੇਂ ਹੀ ਹਾਕੀ ਨੂੰ ਸਮਰਪਿਤ ਹਨ।

ਰਾਜਬੀਰ ਕੌਰ ਦਾ ਜਨਮ ਮਾਝੇ ਦੇ ਪਿੰਡ ਰਈਆ ਵਿਖੇ 3 ਜੂਨ 1965 ਨੂੰ ਖੇਡਾਂ ਨੂੰ ਪਿਆਰ ਕਰਨ ਵਾਲੇ ਪਰਿਵਾਰ ਵਿੱਚ ਹੋਇਆ। ਰਾਜਬੀਰ ਨੇ ਸਕੂਲੀ ਪੜ੍ਹਾਈ ਜਲੰਧਰ ਦੀ ਹਾਕੀ ਦੀ ਨਰਸਰੀ ਵਜੋਂ ਜਾਣੇ ਜਾਂਦੇ ਨਹਿਰੂ ਗਾਰਡਨ ਸਕੂਲ ਤੋਂ ਹਾਸਲ ਕੀਤੀ ਅਤੇ ਗਰੈਜੂਏਸ਼ਨ ਦੀ ਪੜ੍ਹਾਈ ਲਾਇਲਪੁਰ ਖਾਲਸਾ ਕਾਲਜ ਫਾਰ ਵਿਮੈਨ ਜਲੰਧਰ ਤੋਂ ਕੀਤੀ। ਰਾਜਬੀਰ ਦੀ ਕੌਮਾਂਤਰੀ ਹਾਕੀ ਦੇ ਸ਼ੁਰੂਆਤੀ ਦਿਨਾਂ ਵਿੱਚ ਹੀ ਗੁੱਡੀ ਚੜ੍ਹ ਗਈ। ਮਹਿਜ਼ 15 ਵਰ੍ਹਿਆਂ ਦੀ ਉਮਰੇ 1980 ਵਿੱਚ ਸੋਵੀਅਤ ਯੂਨੀਅਨ (ਮੌਜੂਦਾ ਰੂਸ) ਖਿਲਾਫ ਟੈਸਟ ਮੈਚ ਰਾਹੀਂ ਕੌਮਾਂਤਰੀ ਹਾਕੀ ਕਰੀਅਰ ਵਿੱਚ ਦਾਖਲ ਹੋਈ ਰਾਜਬੀਰ ਕੌਰ 1981 ਵਿੱਚ ਜਾਪਾਨ ਵਿਖੇ ਹੋਏ ਏਸ਼ੀਆ ਕੱਪ ਵਿੱਚ ਨਾ ਸਿਰਫ ਭਾਰਤੀ ਟੀਮ ਬਲਕਿ ਏਸ਼ੀਆ ਕੱਪ ਵਿੱਚ ਹਿੱਸਾ ਲੈ ਰਹੀਆਂ ਸਾਰੇ ਮੁਲਕਾਂ ਦੀਆਂ ਖਿਡਾਰਨਾਂ ਵਿੱਚੋਂ ਸਭ ਤੋਂ ਛੋਟੀ ਉਮਰ ਦੀ ਖਿਡਾਰਨ ਸੀ। ਸੈਂਟਰ ਫਾਰਵਰਡ ਦੀ ਪੁਜੀਸ਼ਨ 'ਤੇ ਖੇਡਦਿਆਂ ਰਾਜਬੀਰ ਨੇ ਗੋਲਾਂ ਦੀ ਝੜੀ ਲਾ ਦਿੱਤੀ ਅਤੇ ਪੂਰੇ ਟੂਰਨਾਮੈਂਟ ਵਿੱਚ 18 ਗੋਲ ਕਰ ਕੇ ਟਾਪ ਸਕੋਰਰ ਦਾ ਖਿਤਾਬ ਹਾਸਲ ਕਰਨ ਦੇ ਨਾਲ ਭਾਰਤ ਨੂੰ ਸੋਨੇ ਦਾ ਤਮਗਾ ਵੀ ਜਿਤਾਇਆ। ਇਸੇ ਸਾਲ ਉਸ ਨੇ ਸਿੰਗਾਪੁਰ ਵਿਖੇ ਹੋਏ ਚਾਰ ਦੇਸ਼ੀ ਟੂਰਨਾਮੈਂਟ ਵਿੱਚ ਸੋਨੇ ਦਾ ਤਮਗਾ ਜਿੱਤਿਆ।

1982 ਵਿੱਚ ਨਵੀਂ ਦਿੱਲੀ ਵਿਖੇ ਹੋਈਆਂ ਏਸ਼ਿਆਈ ਖੇਡਾਂ ਵਿੱਚ ਰਾਜਬੀਰ ਦੀ ਸਟਿੱਕ ਦਾ ਜਾਦੂ ਫਿਰ ਚੱਲਿਆ। ਰਾਜਬੀਰ ਨੇ 16 ਗੋਲ ਕਰ ਕੇ ਟਾਪ ਸਕੋਰਰ ਬਣਨ ਦੇ ਨਾਲ ਭਾਰਤ ਨੂੰ ਸੋਨ ਤਮਗਾ ਵੀ ਜਿਤਾਇਆ। ਇਹ ਏਸ਼ਿਆਈ ਖੇਡਾਂ ਵਿੱਚ ਭਾਰਤੀ ਮਹਿਲਾ ਹਾਕੀ ਟੀਮ ਵੱਲੋਂ ਜਿੱਤਿਆ ਪਲੇਠਾ ਸੋਨ ਤਮਗਾ ਸੀ। ਪੁਰਸ਼ ਹਾਕੀ ਟੀਮ ਦੀ ਫ਼ਾਈਨਲ ਵਿੱਚ ਪਾਕਿਸਤਾਨ ਹੱਥੋਂ 1-7 ਗੋਲਾਂ ਦੀ ਵੱਡੀ ਹਾਰ ਤੋਂ ਬਾਅਦ ਮਹਿਲਾ ਹਾਕੀ ਦੀ ਗੋਲਡਨ ਪ੍ਰਾਪਤੀ ਨੇ ਹਾਕੀ ਪ੍ਰੇਮੀਆਂ ਦੇ ਸੀਨੇ ਠਾਰੇ। ਇਸੇ ਲਈ ਉਸ ਤੋਂ ਬਾਅਦ ਰਾਜਬੀਰ ਭਾਰਤੀ ਹਾਕੀ ਦੀ ਗੋਲਡਨ ਗਰਲ ਵਜੋਂ ਮਕਬੂਲ ਹੋ ਗਈ।

1983 ਵਿੱਚ ਕੁਆਲਾਲੰਪਰ ਵਿਖੇ ਹੋਏ ਮਹਿਲਾ ਵਿਸ਼ਵ ਕੱਪ ਵਿੱਚ ਰਾਜਬੀਰ ਨੇ ਭਾਰਤੀ ਟੀਮ ਦੀ ਕਪਤਾਨੀ ਕੀਤੀ। 1985 ਵਿੱਚ ਨਵੀਂ ਦਿੱਲੀ ਵਿਖੇ ਹੋਏ ਇੰਦਰਾ ਗਾਂਧੀ ਗੋਲਡ ਕੱਪ ਦੇ ਪਹਿਲੇ ਹੀ ਐਡੀਸ਼ਨ ਵਿੱਚ ਰਾਜਬੀਰ ਕੌਰ ਨੇ ਟੀਮ ਹੇਠ ਭਾਰਤ ਨੇ ਸੋਨੇ ਦਾ ਤਮਗਾ ਜਿੱਤਿਆ। ਇੰਝ ਉਹ ਪਹਿਲੀ ਖਿਡਾਰਨ ਬਣੀ, ਜਿਸ ਨੇ ਆਪਣੇ ਪਹਿਲੇ ਹੀ ਏਸ਼ੀਆ ਕੱਪ, ਏਸ਼ਿਆਈ ਖੇਡਾਂ ਤੇ ਇੰਦਰਾ ਗਾਂਧੀ ਗੋਲਡ ਕੱਪ ਵਿੱਚ ਸੋਨੇ ਦਾ ਤਮਗਾ ਜਿੱਤਿਆ। 1986 ਵਿੱਚ ਸਿਓਲ ਵਿਖੇ ਰਾਜਬੀਰ ਕੌਰ ਨੇ ਪਹਿਲੀ ਵਾਰ ਏਸ਼ਿਆਈ ਖੇਡਾਂ ਵਿੱਚ ਭਾਰਤੀ ਟੀਮ ਦੀ ਕਪਤਾਨੀ ਕੀਤੀ ਅਤੇ ਟੀਮ ਨੇ ਕਾਂਸੀ ਦਾ ਤਮਗਾ ਜਿੱਤਿਆ।

1989 ਵਿੱਚ ਬੀਜਿੰਗ ਵਿਖੇ ਹੋਏ ਏਸ਼ੀਆ ਕੱਪ ਵਿੱਚ ਰਾਜਬੀਰ ਕੌਰ ਨੇ ਹਿੱਸਾ ਲਿਆ ਅਤੇ ਭਾਰਤੀ ਟੀਮ ਨੇ ਚਾਂਦੀ ਦਾ ਤਮਗਾ ਜਿੱਤਿਆ। 1990 ਵਿੱਚ ਬੀਜਿੰਗ ਵਿਖੇ ਹੋਈਆਂ ਪ੍ਰੀ-ਏਸ਼ਿਆਈ ਖੇਡਾਂ ਵਿੱਚ ਕਾਂਸੀ ਦਾ ਤਮਗਾ ਜਿੱਤਿਆ। ਉਸ ਨੇ 1990 ਦੀਆਂ ਬੀਜਿੰਗ ਏਸ਼ਿਆਈ ਖੇਡਾਂ ਵਿੱਚ ਵੀ ਹਿੱਸਾ ਲਿਆ। ਅੰਮ੍ਰਿਤਸਰ ਵਿਖੇ ਹੋਏ ਤੀਜੇ ਇੰਦਰਾ ਗਾਂਧੀ ਗੋਲਡ ਕੱਪ ਵਿੱਚ ਭਾਰਤੀ ਟੀਮ ਨੇ ਰਾਜਬੀਰ ਦੀ ਕਪਤਾਨੀ ਹੇਠ ਚਾਂਦੀ ਦਾ ਤਮਗਾ ਜਿੱਤਿਆ। ਸਿੰਗਾਪੁਰ ਵਿੱਚ 1991 ਵਿੱਚ ਹੋਏ ਐਫ.ਆਈ.ਐਚ. ਕੌਮਾਂਤਰੀ ਟੂਰਨਾਮੈਂਟ ਵਿੱਚ ਕਾਂਸੀ ਦਾ ਤਮਗਾ ਜਿੱਤਿਆ। 1993 ਵਿੱਚ ਹੀਰੋਸ਼ੀਮਾ ਵਿਖੇ ਹੋਏ ਏਸ਼ੀਆ ਕੱਪ ਵਿੱਚ ਭਾਰਤੀ ਟੀਮ ਨੇ ਰਾਜਬੀਰ ਕੌਰ ਦੀ ਕਪਤਾਨੀ ਹੇਠ ਕਾਂਸੀ ਦਾ ਤਮਗਾ ਜਿੱਤਿਆ। ਸੰਨ 1994 ਦੀਆਂ ਹੀਰੋਸ਼ੀਮਾ ਏਸ਼ਿਆਈ ਖੇਡਾਂ ਵਿੱਚ ਰਾਜਬੀਰ ਕੌਰ ਨੇ ਭਾਰਤੀ ਟੀਮ ਦੀ ਕਪਤਾਨੀ ਕੀਤੀ ਅਤੇ ਇਹ ਉਸ ਦੀਆਂ ਚੌਥੀਆਂ ਏਸ਼ਿਆਈ ਖੇਡਾਂ ਸਨ।

ਰਾਜਬੀਰ ਕੌਰ ਨੇ ਹਾਲੈਂਡ, ਜਰਮਨੀ, ਆਸਟਰੇਲੀਆ, ਇੰਗਲੈਂਡ, ਆਇਰਲੈਂਡ ਖਿਲਾਫ ਟੈਸਟ ਲੜੀਆਂ ਵਿੱਚ ਵੀ ਭਾਰਤੀ ਟੀਮ ਦੀ ਕਪਤਾਨੀ ਕੀਤੀ। ਇਸ ਤੋਂ ਇਲਾਵਾ ਸੋਵੀਅਤ ਸੰਘ, ਚੀਨ, ਜਰਮਨੀ ਖਿਲਾਫ ਬਤੌਰ ਖਿਡਾਰਨ ਟੈਸਟ ਲੜੀਆਂ ਖੇਡੀਆਂ। ਪੁਣੇ ਵਿਖੇ ਹੋਏ ਬੇਗਮ ਐਜਾਜ਼ ਰਸੂਲ ਟਰਾਫੀ ਵਿੱਚ ਸੋਨ ਤਮਗਾ ਜਿੱਤਿਆ। ਰਾਜਬੀਰ ਨੇ ਆਪਣੇ ਖੇਡ ਕਰੀਅਰ ਵਿੱਚ ਇੱਕ ਵਿਸ਼ਵ ਕੱਪ, ਚਾਰ ਏਸ਼ਿਆਈ ਖੇਡਾਂ, ਤਿੰਨ ਏਸ਼ੀਆ ਕੱਪ ਸਣੇ ਕਈ ਟੂਰਨਾਮੈਂਟਾਂ ਵਿੱਚ ਭਾਰਤ ਦੀ ਨੁਮਾਇੰਦਗੀ ਕਰਦਿਆਂ ਆਪਣੇ ਖੇਡ ਕਰੀਅਰ ਵਿੱਚ 285 ਕੌਮਾਂਤਰੀ ਮੈਚ ਖੇਡੇ ਅਤੇ ਗੋਲਾਂ ਦਾ ਸੈਂਕੜਾ ਮਾਰਿਆ। 10 ਸਾਲ ਭਾਰਤ ਹਾਕੀ ਦੀ ਕਪਤਾਨੀ ਵੀ ਕੀਤੀ। ਰਾਜਬੀਰ ਕੌਰ ਨੇ ਪੰਜਾਬ ਐਂਡ ਸਿੰਧ ਬੈਂਕ ਵਿੱਚ ਸੇਵਾਵਾਂ ਨਿਭਾਈਆਂ।

ਜਲੰਧਰ ਛਾਉਣੀ ਨੇੜਲੇ ਪਿੰਡ ਖੁਸਰੋਪੁਰ ਵਿਖੇ ਰਹਿੰਦੀ ਰਾਜਬੀਰ ਨੂੰ ਕਈ ਮਾਣ ਸਨਮਾਨ ਵੀ ਮਿਲੇ। ਛੋਟੀ ਉਮਰੇ ਮੱਲਾਂ ਮਾਰਨ ਕਾਰਨ ਰਾਜਬੀਰ ਨੂੰ 1981-82 ਵਿੱਚ ਚੰਡੀਗੜ੍ਹ ਸਪੋਰਟਸ ਜਰਨਲਿਸਟ ਐਸੋਸੀਏਸ਼ਨ ਵੱਲੋਂ ਬੈਸਟ ਸਪੋਰਟਸਪਰਸਨ ਗਰਲ ਅਤੇ 1984-85 ਵਿੱਚ ਦਿੱਲੀ ਸਪੋਰਟਸ ਜਰਨਲਿਸਟ ਐਸੋਸੀਏਸ਼ਨ ਵੱਲੋਂ ਬੈਸਟ ਸਪੋਰਟਸਪਰਸਨ ਦਾ ਸਨਮਾਨ ਹਾਸਲ ਹੋਇਆ। ਰਾਜਬੀਰ ਨੂੰ ਖੇਡ ਪ੍ਰਾਪਤੀਆਂ ਬਦਲੇ ਭਾਰਤ ਸਰਕਾਰ ਨੇ 1984-85 ਵਿੱਚ ਅਰਜੁਨਾ ਐਵਾਰਡ ਅਤੇ ਪੰਜਾਬ ਸਰਕਾਰ ਨੇ 1981-82 ਵਿੱਚ ਮਹਾਰਾਜਾ ਰਣਜੀਤ ਸਿੰਘ ਐਵਾਰਡ ਨਾਲ ਸਨਮਾਨਿਆ। ਰਾਜਬੀਰ ਜਿੱਥੇ ਬਤੌਰ ਖਿਡਾਰਨ ਦੇਸ਼ ਦੀ ਸੇਵਾ ਕਰਦੀ ਰਹੀ, ਉਥੇ ਸੀਨੀਅਰ ਤੇ ਜੂਨੀਅਰ ਭਾਰਤੀ ਮਹਿਲਾ ਹਾਕੀ ਟੀਮ ਦੀ ਚੋਣਕਾਰ ਰਹੀ ਅਤੇ 2006 ਦੀਆਂ ਦੋਹਾ ਏਸ਼ਿਆਈ ਖੇਡਾਂ ਵਿੱਚ ਕਾਂਸੀ ਦੀ ਤਮਗਾ ਜਿੱਤਣ ਵਾਲੀ ਭਾਰਤੀ ਮਹਿਲਾ ਹਾਕੀ ਟੀਮ ਦੀ ਮੈਨੇਜਰ ਵਜੋਂ ਸੇਵਾਵਾਂ ਨਿਭਾਈਆਂ।




ਰਾਜਬੀਰ ਦੇ ਪਤੀ ਓਲੰਪੀਅਨ ਗੁਰਮੇਲ ਸਿੰਘ ਨੇ 1980 ਦੀਆਂ ਮਾਸਕੋ ਓਲੰਪਿਕ ਖੇਡਾਂ ਵਿੱਚ ਭਾਰਤ ਨੂੰ ਸੋਨੇ ਦਾ ਤਮਗਾ ਜਿਤਾਇਆ ਸੀ। ਪੰਜਾਬ ਪੁਲਿਸ ਵਿੱਚੋਂ ਐਸ.ਪੀ. ਰਿਟਾਇਰ ਹੋਏ ਗੁਰਮੇਲ ਸਿੰਘ ਧਿਆਨ ਚੰਦ ਐਵਾਰਡੀ ਵੀ ਹਨ ਤੇ ਉਨ੍ਹਾਂ ਦੇ ਵੱਡੇ ਭਰਾ ਦਾ ਪੋਤਾ ਹਾਰਦਿਕ ਸਿੰਘ ਇਸ ਵੇਲੇ ਭਾਰਤੀ ਹਾਕੀ ਟੀਮ ਦਾ ਸਟਾਰ ਖਿਡਾਰੀ ਹੈ ਅਤੇ 2021 ਵਿੱਚ ਟੋਕੀਓ ਵਿਖੇ ਓਲੰਪਿਕ ਖੇਡਾਂ ਤੇ 2024 ਵਿੱਚ ਪੈਰਿਸ ਓਲੰਪਿਕ ਖੇਡਾਂ ਵਿੱਚ ਕਾਂਸੀ ਦਾ ਤਮਗਾ ਜਿੱਤਣ ਵਾਲੀ ਭਾਰਤੀ ਹਾਕੀ ਟੀਮ ਦਾ ਅਹਿਮ ਮੈਂਬਰ ਸੀ, ਜਿਸ ਨੇ ਮਿਡਫੀਲਡ ਵਿੱਚ ਖੇਡਦਿਆਂ ਅਹਿਮ ਮੌਕਿਆਂ ਉਤੇ ਗੋਲ ਕੀਤੇ। ਉਦੋਂ ਭਾਰਤੀ ਹਾਕੀ ਟੀਮ ਨੇ 52 ਸਾਲਾਂ ਬਾਅਦ ਲਗਾਤਾਰ ਦੋ ਓਲੰਪਿਕ ਖੇਡਾਂ ਵਿੱਚ ਤਮਗਾ ਜਿੱਤਿਆ ਸੀ। ਹਾਕੀ ਖੇਡ ਨੂੰ ਪ੍ਰਣਾਏ ਇਸ ਪਰਿਵਾਰ ਨੇ ਇੱਕ ਹੋਰ ਵੱਡਾ ਖਿਡਾਰੀ ਦੇਸ਼ ਦੀ ਹਾਕੀ ਨੂੰ ਦਿੱਤਾ ਹੈ। ਰਾਜਬੀਰ ਕੌਰ ਦਾ ਚਚੇਰਾ ਭਰਾ ਜੁਗਰਾਜ ਸਿੰਘ ਜੂਨੀਅਰ ਵਿਸ਼ਵ ਕੱਪ ਜੇਤੂ ਅਤੇ ਏਸ਼ਿਆਈ ਖੇਡਾਂ ਦਾ ਚਾਂਦੀ ਦਾ ਤਮਗਾ ਜੇਤੂ ਖਿਡਾਰੀ ਹੈ, ਜਿਸ ਦੀ ਕੁੱਲ ਦਨੀਆਂ ਵਿੱਚ ਪਛਾਣ ਘਾਗ ਡਰੈਗ ਫਲਿੱਕਰ ਵਜੋਂ ਰਹੀ ਹੈ। ਉਨ੍ਹਾਂ ਦੇ ਸਹੁਰਾ ਤੇ ਪੇਕਾ ਪਰਿਵਾਰ ਮਿਲਾ ਕੇ ਦੋ ਅਰਜੁਨਾ ਐਵਾਰਡੀ, ਇੱਕ ਧਿਆਨ ਚੰਦ ਐਵਾਰਡੀ ਅਤੇ ਤਿੰਨ ਮਹਾਰਾਜਾ ਰਣਜੀਤ ਸਿੰਘ ਐਵਾਰਡੀ ਹਨ। ਇਸ ਤੋਂ ਇਲਾਵਾ ਓਲੰਪਿਕ ਖੇਡਾਂ ਦੇ ਇੱਕ ਸੋਨੇ ਤੇ ਚਾਂਦੀ ਦਾ ਤਮਗਾ, ਏਸ਼ਿਆਈ ਖੇਡਾਂ ਦਾ ਸੋਨੇ, ਚਾਂਦੀ ਤੇ ਕਾਂਸੀ ਦਾ ਤਮਗਾ, ਏਸ਼ੀਆ ਕੱਪ, ਰਾਸ਼ਟਰਮੰਡਲ ਖੇਡਾਂ, ਏਸ਼ੀਅਨ ਚੈਂਪੀਅਨਜ਼ ਟਰਾਫੀ, ਜੂਨੀਅਰ ਵਿਸ਼ਵ ਕੱਪ ਵਿਜੇਤਾ ਟੀਮ ਦੇ ਜੇਤੂ ਖਿਡਾਰੀ ਪਰਿਵਾਰ ਦੇ ਮੈਂਬਰ ਹਨ।

ਰਾਜਬੀਰ ਕੌਰ ਹਾਕੀ ਖਿਡਾਰਨ ਦੇ ਨਾਲ-ਨਾਲ ਇੱਕ ਚੰਗੇ ਕਿਰਦਾਰ ਤੇ ਮਿਲਾਪੜੇ ਸੁਭਾਅ ਦੇ ਵੀ ਮਾਲਕ ਹਨ। ਉਨ੍ਹਾਂ ਦੇ ਸੁਭਾਅ ਵਿੱਚ ਸਹਿਜ ਤੇ ਠਰ੍ਹੰਮਾ ਵੀ ਹੈ ਅਤੇ ਖੇਡ ਦੀਆਂ ਸਿਖਰਾਂ ਨੂੰ ਛੂਹਣ ਦੇ ਬਾਵਜੂਦ ਜ਼ਮੀਨ ਨਾਲ ਜੁੜੇ ਹੋਏ ਹਨ। ਸਹੀ ਨੂੰ ਸਹੀ ਤੇ ਗਲਤ ਨੂੰ ਗਲਤ ਕਹਿਣ ਵਾਲੀ ਰਾਜਬੀਰ ਕੌਰ ਨੇ ਤਿੰਨ ਖੇਤੀ ਕਾਨੂੰਨਾਂ ਖਿਲਾਫ ਚੱਲੇ ਦੇਸ਼ ਵਿਆਪੀ ਅੰਦੋਲਨ ਦੌਰਾਨ ਕਿਸਾਨਾਂ ਨਾਲ ਖੜ੍ਹਦਿਆਂ ਆਪਣੇ ਪਤੀ ਸਮੇਤ ਅਰਜੁਨਾ ਐਵਾਰਡ ਤੇ ਧਿਆਨ ਚੰਦ ਐਵਾਰਡ ਵੀ ਦਿੱਲੀ ਜਾ ਕੇ ਵਾਪਸ ਕੀਤੇ। ਉਨ੍ਹਾਂ ਕਦੇ ਵੀ ਨਿਮਰਤਾ ਦਾ ਪੱਲਾ ਨਹੀਂ ਛੱਡਿਆ। ਹਾਕੀ ਨੂੰ ਹਰ ਵੇਲੇ ਸਮਰਪਿਤ ਇਹ ਸ਼ਖ਼ਸੀਅਤ ਨਵੀਂ ਉਮਰ ਦੀਆਂ ਖਿਡਾਰਨਾਂ ਲਈ ਪ੍ਰੇਰਨਾ ਸ੍ਰੋਤ ਹੈ।

PAO
www.paochicago.org

# Punjabi American Organization

PAO is a non-profit 501(c)(3)

ਵੱਲੋਂ ਮਾਣ ਨਾਲ ਪੇਸ਼ ਹੈ ਮਿਡਵੈਸਟ ਦਾ 21ਵਾਂ ਰੰਗਾਰੰਗ ਪ੍ਰੋਗਰਾਮ

# Teeyan Da Mela

## ਤੀਆਂ ਦਾ ਮੇਲਾ

*Ladies Only*

Singer



**Rupinder Handa**
(Kali Activa Fame)

**July 20th, 2025**

**Sunday** - *11:30AM to 4:00PM*

**Ashiana Banquet Hall**

1620 75th Street, Downers Grove, IL 60516

**Join us and enjoy**

Giddha, Dholki, Singing, Dancing, Mehndi, Shopping and Food

Special attraction of the Event **Fashion Show** ਫੈਸ਼ਨ ਸ਼ੋਅ

General admission is free.
Reserved seats for sponsors and VIPs

## Chief Guest



Dr. Darshan Singh Dhaliwal & Debra Dhaliwal


## Guest of honor



JP Khaira

## Gold Sponsors

Raj Dhaliwal
Bhupinder Singh Dhaliwal



PROFESSIONAL HEALTHCARE LAB, INC

**Grand Sponsors:** Jodi Bhamra & Mac Bhamra

**For General inquiries & Sponsors**

Jasmeet K. Suga *(President)*
630-673-6300
Sukhi Singh
847-917-3664
Minni Multani
630-935-5239
Naiha Walia
847-687-9074
Rajinder K. Mago
630-890-1362
Naina Singh
847-828-9412
Amrita Dandona
Sheetal Kalra
630-442-3334
Rosie Rehal
630-699-8555
Shaloo Chhabra
813-317-6815
Prabh Khaira
630-267-2107
Kamal Hunjan
630-673-5156
Gurpreet Singh
630-677-6144
Pammi Sangha
630-965-2930
Jeewan Dhami
847-409-4675
Joti Khaira
630-346-7472
Pinki Walia
847-999-8720




**Managing Directors**

Gulzar Singh Multani
Paul Dandona
Sukhwinder S. Hunjan
Jagmeet (Jesse) Singh
Jasbir Suga
Dr. Harjinder S. Khaira
Savi Singh Attal
Devinder Singh

# ਪੰਜਾਬੀ ਅਮੈਰਿਕਨ ਆਰਗੇਨਾਈਜ਼ੇਸ਼ਨ (ਸ਼ਿਕਾਗੋ)

"Volunteers and new members needed. High school volunteers will get community service hours"

Design by Kuljeet Dyalpuri